New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.



ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 28 March, 2025 ੧੫ ਚੇਤ ਨਾਨਕਸ਼ਾਹੀ ਸੰਮਤ ੫੫੭
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4



# ਵੱਖ-ਵੱਖ ਫੈਡਰਲ ਪਾਰਟੀਆਂ ਵਲੋਂ ਵਾਅਦਿਆਂ ਦਾ ਦੌਰ ਸ਼ੁਰੂ

## ਉਮੀਦਵਾਰਾਂ ਲਈ ਨਾਮਜ਼ਦਗੀ ਦੀ ਅੰਤਮ ਮਿਤੀ 7 ਅਪ੍ਰੈਲ, ਐਡਵਾਂਸ ਵੋਟਿੰਗ 18 ਅਪ੍ਰੈਲ ਤੋਂ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ 'ਚ ਚੋਣਾਂ 28 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ ਅਤੇ ਫੈਡਰਲ ਚੋਣਾਂ ਲਈ ਹਰ ਪਾਰਟੀ ਵਲੋਂ ਵੋਟਰਾਂ ਨੂੰ ਲੁਭਾਉਣ ਲਈ ਵਾਅਦੇ ਤਾਂ ਕੀਤੇ ਜਾ ਰਹੇ ਹਨ। **ਹਰ ਪਾਰਟੀ ਵਲੋਂ ਕਈ ਮਿਲਿਅਨ - ਬਿਲੀਅਨ ਦੇ ਚੋਣ ਵਾਅਦੇ ਕੀਤੇ ਜਾ ਰਹੇ ਹਨ ਪਰ ਕਿਸੇ ਵੀ ਪਾਰਟੀ ਵਲੋਂ ਇਹ ਸ਼ਪਸ਼ਟ ਨਹੀਂ ਕੀਤਾ ਗਿਆ ਕਿ ਉਹ ਇਹ ਪੈਸਾ ਲਿਆਉਣਗੀਆਂ ਕਿਥੋਂ ਜਦੋਂ ਕਿ ਰਿਪੋਰਟਾਂ ਅਨੁਸਾਰ ਕੈਨੇਡਾ ਸਿਰ ਪਹਿਲਾਂ ਹੀ ਕਰਜ਼ਾ 14.4 ਬਿਲਅਨ ਤੱਕ ਪਹੁੰਚ ਚੁੱਕਾ ਹੈ। ਜਿਸ ਦਾ ਅਰਥ ਹੈ ਕਿ ਹਰ ਦਿਨ ਕਰੀਬ $136.7 ਮਿਲੀਅਨ ਕਰਜ਼ੇ 'ਤੇ ਵਿਆਜ਼ ਲੱਗ ਰਿਹਾ ਹੈ।**

ਇਸ ਕਰਜ਼ੇ ਦੀ ਵਾਧਾ ਦਰ ਤੇ ਵਿੱਤ ਮਾਹਿਰਾਂ ਨੇ ਚਿੰਤਾ ਜਤਾਈ ਹੈ, ਕਿਉਂਕਿ ਇਹ ਨਵੇਂ ਵਿੱਤ ਵਰ੍ਹੇ ਦੇ ਬਜਟ ਅਤੇ ਸਰਕਾਰੀ ਖਰਚਿਆਂ ਲਈ ਵੱਡੀ ਚੁਣੌਤੀਆਂ ਖੜ੍ਹੀਆਂ ਹੋ ਸਕਦੀਆਂ ਹਨ। ਵਿੱਤੀ ਵਿਭਾਗ ਅਨੁਸਾਰ, ਸਰਕਾਰ ਵੱਲੋਂ ਕੁਝ ਨਵੇਂ ਆਮਦਨ ਸਰੋਤ ਤੇ ਪਾਬੰਦੀਆਂ ਵੀ ਲਗਾਈਆਂ ਜਾ ਰਹੀਆਂ ਹਨ, ਤਾਂ ਜੋ ਇਹ ਕਰਜ਼ੇ ਦੀ ਗਤੀ ਨੂੰ ਹੋਲੀ ਕੀਤਾ ਜਾ ਸਕੇ ਪਰ ਇਹ ਕਾਫ਼ੀ ਨਹੀਂ।

ਹਮੇਸ਼ਾਂ ਦੀ ਤਰ੍ਹਾਂ ਪਾਰਟੀਆਂ ਵਲੋਂ ਵਾਅਦੇ ਤਾਂ ਕੀਤੇ ਜਾਂਦੇ ਹਨ ਪਰ ਕੋਈ ਵੀ ਸਮੇਂ-ਸੀਮਾਂ ਨਿਧਾਰਤ ਨਹੀਂ ਕੀਤੀ ਜਾਂਦੀ ਕਿ ਇਹ ਵਾਅਦੇ ਪੂਰੇ ਕਦੋਂ ਤੱਕ ਕੀਤੇ ਜਾਣਗੇ।

ਲਿਬਰਲ ਪਾਰਟੀ ਆਗੂ ਮਾਰਕ ਕਾਰਨੀ ਨੇ ਔਟਵਾ ਵਿੱਚ ਚੋਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ "ਮੱਧ-ਵਰਗ-ਟੈਕਸ ਕਟੌਤੀ" ਦਾ ਐਲਾਨ ਕੀਤਾ। ਉਨ੍ਹਾਂ ਮੁਤਾਬਕ,




ਲਿਬਰਲ ਸਰਕਾਰ ਟੈਕਸ ਦਰਾ 'ਤੇ 1% ਦੀ ਕਟੌਤੀ ਕਰੇਗੀ, ਜਿਸ ਨਾਲ ਦੋ-ਕਮਾਈ ਵਾਲੇ ਪਰਿਵਾਰ ਸਾਲਾਨਾ $825 ਤੱਕ ਦੀ ਬਚਤ ਕਰ ਸਕਣਗੇ। ਲਿਬਰਲ ਪਾਰਟੀ ਨੇ ਦਾਅਵਾ ਕੀਤਾ ਕਿ 22 ਮਿਲੀਅਨ ਤੋਂ ਵੱਧ ਕਨੇਡੀਅਨ ਇਸ ਟੈਕਸ ਕਟੌਤੀ ਦਾ ਲਾਭ ਉਠਾਉਣਗੇ। ਇਸ ਤੋਂ ਇਲਾਵਾ ਅਮਰੀਕੀ ਟੈਰਿਫ਼ਾਂ ਦੇ ਪ੍ਰਭਾਵ ਤੋਂ ਕੈਨੇਡਾ ਦੇ ਆਟੋ ਉਦਯੋਗ ਨੂੰ ਬਚਾਉਣ ਲਈ ਮਾਰਕ ਕਾਰਨੀ ਨੇ $2 ਬਿਲੀਅਨ ਡਾਲਰ ਦੇ ਫ਼ੰਡ ਦਾ ਪ੍ਰਸਤਾਵ ਦਿੱਤਾ ਹੈ। ਕਾਰਨੀ ਨੇ ਕਿਹਾ, "ਸਾਡਾ ਆਟੋ ਸੈਕਟਰ ਹਮੇਸ਼ਾ ਸਾਡੇ ਦੇਸ਼ ਲਈ ਮੌਜੂਦ ਰਿਹਾ ਹੈ, ਇਸ ਲਈ ਅਨਿਸ਼ਚਿਤਤਾ ਅਤੇ ਲੋੜ ਦੇ ਇਸ ਸਮੇਂ ਵਿੱਚ, ਕੈਨੇਡਾ ਸਾਡੇ ਆਟੋ ਵਰਕਰਾਂ ਲਈ ਮੌਜੂਦ ਰਹੇਗਾ"।

ਕੰਜ਼ਰਵਟਿਵ ਪਾਰਟੀ ਆਗੂ ਪੀਅਰ ਪੌਲੀਵੀਅਰ ਨੇ ਵੀ ਚੋਣ ਮੁਹਿੰਮ ਦੀ ਸ਼ੁਰੂਆਤੀ ਦਿਨ ਇੱਕ ਵੱਡਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕੰਜ਼ਰਵਟਿਵ ਸਰਕਾਰ ਬਣੀ ਤਾਂ ਉਹ ਪਹਿਲੀ ਦੇ ਆਧਾਰ 'ਤੇ ਟੈਕਸ ਦਰਾ 15% ਤੋਂ ਘਟਾ ਕੇ 12.75% ਕਰ ਦੇਣਗੇ। ਇਸ ਨਾਲ ਇੱਕ ਆਮ ਕੈਨੇਡੀਅਨ, ਜੋ $57,000 ਸਾਲਾਨਾ ਕਮਾਈ ਕਰਦਾ ਹੈ, ਉਹ ਲਗਭਗ $900 ਬਚਾ ਸਕੇਗਾ। ਦੋ-ਕਮਾਈ ਵਾਲੇ ਪਰਿਵਾਰ ਲਈ ਇਹ ਬਚਤ $1,800 ਤੱਕ ਹੋ ਸਕਦੀ ਹੈ।

ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਦੀ ਕੈਂਪੇਨ ਦਾ ਮੁੱਖ ਟਾਰਗੇਟ ਕੰਮ ਕਰ ਰਹੇ ਸੀਨੀਅਰ ਹਨ। ਉਹ ਇਹ ਵਾਅਦਾ ਕਰ ਰਹੇ ਹਨ ਕਿ ਟੈਕਸ ਭਰਨ ਤੋਂ ਪਹਿਲਾਂ ਸੀਨੀਅਰਾਂ ਦੀ ਕਮਾਈ ਵਿੱਚ $10,000 ਦਾ ਵਾਧਾ ਹੋ ਸਕੇਗਾ।

ਯੋਜਨਾ ਮੁਤਾਬਕ, ਪਾਰਟੀ ਦਾ ਕਹਿਣਾ ਹੈ ਕਿ ਜਿਨ੍ਹਾਂ ਸੀਨੀਅਰਾਂ ਦੀ ਸਾਲਾਨਾ ਆਮਦਨ $42,000 ਤੋਂ ਘੱਟ ਹੈ, ਉਹ ਹੁਣ ਟੈਕਸ ਦੇ ਬਿਨਾਂ $34,000 ਤੱਕ ਕਮਾਈ ਕਰ ਸਕਣਗੇ, ਜਿਸ ਨਾਲ ਉਹਨਾਂ ਨੂੰ ਸਾਲਾਨਾ $1,300 ਤੱਕ ਦੀ ਬਚਤ ਹੋਵੇਗੀ।

ਐਨ.ਡੀ.ਪੀ. ਨੇ ਆਪਣੇ ਫੈਡਰਲ ਚੋਣ ਮੰਨਫੈਸਟ ਵਿੱਚ ਆਮਦਨ 'ਤੇ ਲਾਗੂ ਟੈਕਸ 'ਚ ਰਾਹਤ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਜਿਸ ਵਿੱਚ ਬੇਸਿਕ ਪਰਸਨਲ ਅਮਾਊਂਟ (BPA) 'ਚ ਵਾਧਾ, ਜ਼ਰੂਰੀ ਚੀਜ਼ਾਂ 'ਤੇ ਜੀ.ਐਸ.ਟੀ. ਹਟਾਉਣ ਅਤੇ ਸਮਾਜਿਕ ਭਲਾਈ ਯੋਜਨਾਵਾਂ ਨੂੰ ਵਧਾਉਣ ਜਿਹੇ ਐਲਾਨ ਕੀਤੇ ਹਨ।

ਕੈਨੇਡਾ ਵਿੱਚ ਬੇਸਿਕ ਪਰਸਨਲ ਅਮਾਊਂਟ (BPA) ਉਹ ਰਕਮ ਹੁੰਦੀ ਹੈ, ਜਿਸ ਤੋਂ ਹੇਠਾਂ ਕਿਸੇ ਵਿਅਕਤੀ ਨੂੰ ਟੈਕਸ ਨਹੀਂ ਦੇਣਾ ਪੈਂਦਾ। ਇਸ ਸਮੇਂ, ਇਹ $16,129 ਹੈ, ਪਰ ਐਨਡੀਪੀ ਇਸ ਨੂੰ ਵਧਾ ਕੇ $19,500 ਕਰਨ ਦੀ ਯੋਜਨਾ ਐਲਾਨੀ ਹੈ।

ਐਨਡੀਪੀ ਆਗੂ ਜਗਮੀਤ ਸਿੰਘ ਨੇ ਕਿਹਾ ਹੈ ਕਿ ਇਸ ਤਬਦੀਲੀ ਨਾਲ ਔਸਤ ਕੈਨੇਡੀਅਨ ਨਾਗਰਿਕ ਨੂੰ ਵਧੀਕ ਰਾਹਤ ਮਿਲੇਗੀ, ਖਾਸ ਕਰਕੇ ਉਹ ਲੋਕ ਜੋ $177,882 ਤੱਕ ਦੀ ਆਮਦਨ ਕਰਦੇ ਹਨ। ਇਨ੍ਹਾਂ ਵਿਅਕਤੀਆਂ ਨੂੰ ਬੀ.ਪੀ.ਏ. ਵਿੱਚ ਹੋਣ ਵਾਲੀ ਵਾਧੇ ਕਰਕੇ ਸਲਾਨਾ $505 ਦੀ ਬਚਤ ਹੋਵੇਗੀ।

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY



Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC



KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey



ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey



SARABHA
TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE



# ਫੈਡਰਲ ਚੋਣਾਂ ਤੋਂ ਪਹਿਲਾਂ ਮੌਂਟਰੀਅਲ 'ਚ 16-17 ਅਪ੍ਰੈਲ ਨੂੰ ਹੋਵੇਗੀ ਆਗੂਆਂ ਦਰਮਿਆਨ ਬਹਿਸ

**ਸਰੀ, (ਸਿਮਰਨਜੀਤ ਸਿੰਘ):** ਫੈਡਰਲ ਚੋਣਾਂ ਤੋਂ ਪਹਿਲਾਂ ਵੱਖ ਵੱਖ ਪਾਰਟੀਆਂ ਦੇ ਆਗੂਆਂ ਦਰਮਿਆਨ ਕੈਨੇਡਾ ਦੇ ਮੁੱਖ ਮੁੱਦਿਆਂ ਨੂੰ ਲੈ ਕੇ ਬਹਿਸ 16 ਅਤੇ 17 ਅਪ੍ਰੈਲ ਨੂੰ ਰੱਖੀ ਗਈ ਹੈ। 16 ਅਪ੍ਰੈਲ ਨੂੰ ਫਰੈਂਚ ਭਾਸ਼ਾ 'ਚ ਅਤੇ 17 ਅਪ੍ਰੈਲ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਬਹਿਸ ਹੋਵੇਗੀ ਜਿਸ ਦੌਰਾਨ ਵੱਖ ਵੱਖ ਫੈਡਰਲ ਪਾਰਟੀਆਂ ਆਪਣੀਆਂ ਨੀਤੀਆਂ ਅਤੇ ਚੋਣ ਵਾਅਦਿਆਂ 'ਤੇ ਖੁੱਲ੍ਹ ਕੇ ਚਰਚਾ ਕਰਨਗੀਆਂ।

ਲੀਡਰਜ਼ ਡੀਬੇਟਸ ਕਮਿਸ਼ਨ, ਜੋ ਕਿ ਇੱਕ ਆਜ਼ਾਦ ਜਨਤਕ ਸੰਸਥਾ ਹੈ, ਨੇ ਐਲਾਨ ਕੀਤਾ ਕਿ ਫਰੈਂਚ (16 ਅਪਰੈਲ) ਅਤੇ ਅੰਗਰੇਜ਼ੀ (17 ਅਪਰੈਲ) ਵਿਚ ਹੋਣ ਵਾਲੀਆਂ ਬਹਿਸਾਂ ਰੇਡੀਓ-ਕੈਨੇਡਾ ਦੇ ਮੌਂਟਰੀਅਲ ਸਥਿਤ ਹੈੱਡਕੁਆਰਟਰ ਵਿੱਚ ਕਰਵਾਈ ਜਾਣਗੀਆਂ।

ਕਿਊਬੈਕੋਰ, ਜੋ ਕਿ ਟੀ.ਵੀ.ਏ. (TVA) ਨਿਊਜ਼ ਚੈਨਲ ਦਾ ਮਾਲਕ ਹੈ, ਨੇ ਕਿਹਾ ਕਿ ਬਲਾਕ ਕਿਊਬੈਕੁਆ, ਕੰਜ਼ਰਵੇਟਿਵ ਪਾਰਟੀ ਅਤੇ ਐਨ.ਡੀ.ਪੀ. ਨੇ ਉਨ੍ਹਾਂ ਦਾ ਸੱਦਾ ਸਵੀਕਾਰ ਕੀਤਾ ਸੀ, ਪਰ ਲਿਬਰਲ ਪਾਰਟੀ ਦੀ ਗੈਰਹਾਜ਼ਰੀ ਕਾਰਨ ਇਸਨੂੰ ਰੱਦ ਕਰਨਾ ਪਿਆ। ਟੀ.ਵੀ.ਏ. ਵੱਲੋਂ ਹਰ ਪਾਰਟੀ ਤੋਂ $75,000 ਦੀ ਰਾਸ਼ੀ ਦੀ ਮੰਗ ਕੀਤੀ ਗਈ ਸੀ, ਤਾਂ ਜੋ ਚਰਚਾ ਦੇ ਉਤਪਾਦਨ ਦੀ ਲਾਗਤ ਪੂਰੀ ਹੋ ਸਕੇ।

ਬਲਾਕ ਕਿਊਬੈਕੁਆ ਦੇ ਨੇਤਾ ਇਵ-ਫਰਾਂਸਵਾ ਬਲਾਂਸ਼ੇ ਨੇ ਲਿਬਰਲ ਨੇਤਾ ਮਾਰਕ ਕਾਰਨੀ ਵੱਲੋਂ ਇਸ ਚਰਚੇ ਵਿਚ ਨਾ ਸ਼ਾਮਲ ਹੋਣ ਦੇ ਫ਼ੈਸਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਬਲਾਕ ਪਾਰਟੀ ਨੂੰ ਕਿਊਬੈਕ ਦੇ ਮੁੱਦੇ ਚਰਚਾ ਵਿੱਚ ਲਿਆਉਣ ਦਾ ਮੌਕਾ ਨਹੀਂ ਦੇ ਰਹੇ। ਉਨ੍ਹਾਂ ਨੇ ਆਖਿਆ, "ਇਹ ਇੱਕ ਅਜਿਹੇ ਵਿਅਕਤੀ ਦੀ ਗੱਲ ਨਹੀਂ, ਜੋ ਹਿੰਮਤ ਨਾਲ ਚੁਣੌਤੀ ਦੇ ਸਾਹਮਣੇ ਆਉਂਦਾ ਹੈ।" ਕੰਜ਼ਰਵੇਟਿਵ ਨੇਤਾ ਪੀਅਰ ਪੋਲੀਵੀਅਰ ਨੇ ਵੀ ਬ੍ਰੈਂਪਟਨ, ਓਨਟਾਰੀਓ ਵਿੱਚ ਹੋਈ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਟੀ.ਵੀ.ਏ. ਚਰਚਾ ਵਿੱਚ ਸ਼ਾਮਲ ਹੋਣ ਨੂੰ ਤਿਆਰ ਸਨ।



ਪੋਲੀਵੀਅਰ ਨੇ ਮੰਗਲਵਾਰ ਨੂੰ ਵੌਨ, ਓਂਟਾਰੀਓ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਾਰਨੀ ਦੀ ਆਲੋਚਨਾ ਕਰਦੇ ਹੋਏ ਕਿਹਾ ਸੀ ਕਿ "ਮੈਂ ਮਾਰਕ ਕਾਰਨੀ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਟੀ.ਵੀ.ਏ ਡੀਬੇਟ ਚਰਚਾ ਲਈ ਆਉਣ। ਉਹ ਲੁਕਣ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਉਹ ਲਿਬਰਲ ਪਾਰਟੀ ਦੇ 10 ਸਾਲਾਂ ਦੇ ਨੁਕਸਾਨ ਦੀ ਸਫ਼ਾਈ ਨਹੀਂ ਦੇ ਸਕਦੇ।"

ਪੋਲੀਵੀਅਰ ਨੇ ਇਹ ਵੀ ਐਲਾਨ ਕੀਤਾ ਕਿ ਉਹ ਕਾਰਨੀ ਦੀ $75,000 ਦੀ ਫੀਸ ਵੀ ਭਰਨ ਲਈ ਤਿਆਰ ਹਨ। "ਉਹ ਪੈਸਿਆਂ ਦਾ ਬਹਾਨਾ ਬਣਾ ਰਹੇ ਹਨ। ਚਲੋ, ਉਹ ਬਹਾਨਾ ਵੀ ਖ਼ਤਮ ਕਰ ਦਿੰਦੇ ਹਾਂ। ਕਨਜ਼ਰਵੇਟਿਵ ਪਾਰਟੀ ਇਹ ਫੀਸ ਦੇਣ ਲਈ ਤਿਆਰ ਹੈ, ਬਸ ਉਹ ਆ ਕੇ ਸੱਚ ਦਾ ਸਾਹਮਣਾ ਕਰਨ।"

ਐਨ.ਡੀ.ਪੀ. ਨੇਤਾ ਜਗਮੀਤ ਸਿੰਘ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਟੋਰਾਂਟੋ ਨੇੜਲੇ ਇਲਾਕੇ ਵਿੱਚ ਆਖਿਆ ਕਿ ਮਾਰਕ ਕਾਰਨੀ ਵੱਲੋਂ ਚਰਚੇ ਵਿੱਚ ਸ਼ਾਮਲ ਨਾ ਹੋਣ ਅਤੇ ਇਸ ਦੇ ਰੱਦ ਹੋਣ ਨੂੰ ਉਹ "ਕਿਊਬੈਕ ਵਾਸੀਆਂ ਲਈ ਬੇਇਜ਼ਤੀ" ਮੰਨਦੇ ਹਨ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਇਸ ਵਿੱਚ ਹਿੱਸਾ ਲਿਆ ਹੈ ਕਿਉਂਕਿ ਲੋਕ ਇਸ ਮਾਧਿਅਮ ਰਾਹੀਂ ਆਪਣੇ ਮਹੱਤਵਪੂਰਨ ਮੁੱਦਿਆਂ ਤੇ ਚਰਚਾ ਕਰ ਸਕਦੇ ਹਨ।"

ਲੀਡਰਜ਼ ਡੀਬੇਟਸ ਕਮਿਸ਼ਨ ਵੱਲੋਂ ਆਯੋਜਿਤ ਚਰਚਿਆਂ ਵਿੱਚ 16 ਅਪਰੈਲ ਦੀ ਫਰੈਂਚ ਚਰਚਾ ਰਾਤ 8 ਵਜੇ ਹੋਵੇਗੀ, ਜਿਸ ਦਾ ਸੰਚਾਲਨ ਪੈਟ੍ਰਿਸ ਰੌਆ ਕਰਣਗੇ। 17 ਅਪਰੈਲ ਨੂੰ ਰਾਤ 7 ਵਜੇ ਹੋਣ ਵਾਲੀ ਅੰਗਰੇਜ਼ੀ ਚਰਚਾ ਦੀ ਮੋਡਰੇਸ਼ਨ ਟੀ.ਵੀ.ਓ. ਦੇ ਸਟੀਵ ਪੈਕਿਨ ਕਰਾਂਗੇ।

ਹਾਲਾਂਕਿ, ਲਿਬਰਲ ਪਾਰਟੀ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੇ ਟੀ.ਵੀ.ਏ. ਚਰਚੇ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਿਉਂ ਕੀਤਾ। ਲਿਬਰਲ ਪਾਰਟੀ ਦੇ ਪ੍ਰਵਕਤਾ ਗਿਲੋਮ ਬਰਟਰਾਂਡ ਨੇ ਕੇਵਲ ਇਹ ਕਿਹਾ ਕਿ ਉਨ੍ਹਾਂ ਦੇ ਨੇਤਾ ਮਾਰਕ ਕਾਰਨੀ ਅਧਿਕਾਰਤ ਕਮਿਸ਼ਨ ਵੱਲੋਂ ਕਰਵਾਏ ਜਾ ਰਹੇ ਦੋ ਮੁੱਖ ਚਰਚਿਆਂ ਵਿੱਚ ਸ਼ਾਮਲ ਹੋਣ ਦੀ ਉਡੀਕ ਕਰ ਰਹੇ ਹਨ। This report was written by Simranjit Singh as part of the Local Journalism Initiative.

# ਅਮਰੀਕੀ ਟੈਰਿਫ਼ਾਂ 'ਤੇ ਬੀ.ਸੀ. ਸਰਕਾਰ ਦੀ ਨਵੀਂ ਰਣਨੀਤੀ, ਬਿਲ-7 ਵਿੱਚ ਕੀਤੇ ਜਾਣਗੇ ਬਦਲਾਅ

**ਸਰੀ, (ਸਿਮਰਨਜੀਤ ਸਿੰਘ):** ਅਮਰੀਕੀ ਟੈਰਿਫ਼ਾਂ ਸੰਬੰਧੀ ਜਵਾਬੀ ਕਾਰਵਾਈ ਦੀ ਅਗਵਾਈ ਕਰ ਰਹੇ ਬੀ.ਸੀ. ਦੇ ਮੰਤਰੀ ਰਵੀ ਕਾਹਲੋਂ ਨੇ ਕਿਹਾ ਕਿ ਸਰਕਾਰ ਗੱਲਬਾਤ ਜਾਰੀ ਰਖੇਗੀ। ਉਨ੍ਹਾਂ ਨੇ ਨਿੰਦਕਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਹੋਲੀ ਕਾਰਵਾਈ ਬਾਰੇ ਕੋਈ ਸ਼ਿਕਾਇਤ ਨਹੀਂ ਸੁਣਨਾ ਚਾਹੁੰਦੇ। ਬੀ.ਸੀ. ਹਾਊਸਿੰਗ ਮੰਤਰੀ ਅਤੇ ਕਮੇਟੀ ਦੇ ਚੇਅਰਪਰਸਨ ਰਵੀ ਰਵੀ ਕਾਹਲੋਂ ਨੇ ਪੁਸ਼ਟੀ ਕੀਤੀ ਕਿ ਸਰਕਾਰ ਬਿਲ 7 'ਚ ਤਬਦੀਲੀਆਂ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ।




ਉਨ੍ਹਾਂ ਨੇ ਕਿਹਾ, "ਅਸੀਂ ਲੋਕਾਂ ਦੀ ਸਲਾਹ ਨਾਲ ਚਲ ਰਹੇ ਰਹੇ ਹਾਂ। ਅਸੀਂ ਪੁੱਛ ਰਹੇ ਹਾਂ ਕਿ ਉਨ੍ਹਾਂ ਦੀਆਂ ਚਿੰਤਾਵਾਂ ਕੀ ਹਨ, ਖ਼ਾਸ ਕਰਕੇ ਇਸ ਨਜ਼ਰੀਏ ਨਾਲ ਕਿ ਇਹ ਕਾਨੂੰਨ ਉਨ੍ਹਾਂ ਕਾਰੋਬਾਰਾਂ ਅਤੇ ਮਜ਼ਦੂਰਾਂ ਦੀ ਮਦਦ ਕਰਨ ਲਈ ਲਿਆਂਦਾ ਗਿਆ ਹੈ, ਜੋ ਟੈਰਿਫ਼ਾਂ ਕਾਰਨ ਪ੍ਰਭਾਵਿਤ ਹੋ ਰਹੇ ਹਨ।" ਰਵੀ ਕਾਹਲੋਂ ਨੇ ਦੱਸਿਆ ਕਿ ਉਪ-ਮੁੱਖ ਮੰਤਰੀ ਅਤੇ ਐਟਰਨੀ ਜਨਰਲ ਨਿੱਕੀ ਸ਼ਰਮਾ ਨੇ ਵਪਾਰਕ ਸੰਸਥਾਵਾਂ, ਯੂਨੀਅਨਾਂ, ਪਹਿਲੀ ਕੌਮਾਂ ਅਤੇ ਗ੍ਰੀਨ ਪਾਰਟੀ ਨਾਲ ਮੁਲਾਕਾਤਾਂ ਕੀਤੀਆਂ। ਬਿਲ 7 'ਚ ਸਰਕਾਰ ਨੂੰ ਮਿਲ ਰਹੀ ਸ਼ਕਤੀ 'ਤੇ ਚਿੰਤਾਵਾਂ ਕਾਰਨ ਹੋਰ ਨਿਯਮ ਸ਼ਾਮਲ ਕਰਨ 'ਤੇ ਗੱਲਬਾਤ ਹੋ ਰਹੀ ਹੈ।

ਰਵੀ ਕਾਹਲੋਂ ਨੇ ਕਿਹਾ ਕਿ ਹਾਲੇ ਤਬਦੀਲੀਆਂ ਦਾ ਕੁਝ ਪੱਕਾ ਨਹੀਂ ਹੋਇਆ ਪਰ ਜੇਕਰ ਹੋਰ ਸੁਰੱਖਿਆ ਤਰੀਕੇ ਸ਼ਾਮਲ ਕਰਨ ਦੀ ਲੋੜ ਹੋਈ, ਤਾਂ ਅਸੀਂ ਜਨਤਕ ਤੌਰ 'ਤੇ ਇਹ ਜਾਣਕਾਰੀ ਦੇਵਾਂਗੇ, ਪਰ ਸਾਡੇ ਸਾਰੇ ਭਾਗੀਦਾਰ ਮਹੱਤਵਪੂਰਨ ਹਨ।" ਜ਼ਿਕਰਯੋਗ ਹੈ ਕਿ ਬੀ.ਸੀ. ਐਨ.ਡੀ.ਪੀ. ਨੇ 12 ਮਾਰਚ ਨੂੰ ਗ੍ਰੀਨ ਪਾਰਟੀ ਨਾਲ "ਤਕਨੀਕੀ ਸਰਕਾਰ ਸਮਝੌਤਾ" ਕੀਤਾ ਸੀ, ਜਿਸ ਤਹਿਤ 13 ਮਾਰਚ ਨੂੰ ਬਿਲ 7 ਪੇਸ਼ ਹੋਇਆ। ਰਵੀ ਕਾਹਲੋਂ ਨੇ ਗ੍ਰੀਨ ਪਾਰਟੀ ਨਾਲ ਸਾਂਝੇ ਤੌਰ 'ਤੇ ਪੁਸ਼ਟੀ ਕਰਦਿਆਂ ਕਿਹਾ, "ਗ੍ਰੀਨ ਪਾਰਟੀ ਸਾਡੀ ਸਾਂਝੀਦਾਰ ਹੈ, ਪਰ ਅਸੀਂ ਹਮੇਸ਼ਾ ਵਪਾਰਕ, ਮਜ਼ਦੂਰੀ ਅਤੇ ਪਹਿਲੀ ਕੌਮਾਂ ਦੇ ਨੇਤਾਵਾਂ ਦੀ ਗੱਲ ਵੀ ਸੁਣਦੇ ਹਾਂ।" ਉਧਰ ਗ੍ਰੀਨ ਪਾਰਟੀ ਦੇ ਅੰਤਰਿਮ ਨੇਤਾ ਜੈਰਮੀ ਵੈਲੇਰੀਓਟ ਨੇ ਕਿਹਾ ਕਿ ਪਾਰਟੀ ਨਿਗਰਾਨੀ ਰੱਖੇਗੀ ਅਤੇ ਸੰਭਾਵਿਤ ਸੋਧਾਂ ਦੀ ਮੰਗ ਕਰੇਗੀ। This report was written by Simranjit Singh as part of the Local Journalism Initiative.

# ਲੈਂਗਲੀ ਹਾਈਵੇ 1 'ਤੇ ਕਾਰ ਅਤੇ ਸੈਮੀ-ਟਰੱਕ ਦੀ ਟੱਕਰ, ਅੱਗ ਲੱਗਣ ਕਾਰਨ ਆਵਾਜਾਈ ਪ੍ਰਭਾਵਿਤ



ਲੈਂਗਲੀ: ਹਾਈਵੇ 1, 264 ਸਟਰੀਟ ਦੇ ਨੇੜੇ ਵੀਰਵਾਰ ਸਵੇਰੇ 3:15 ਵਜੇ ਇੱਕ ਐਸਯੂਵੀ ਅਤੇ ਸੈਮੀ-ਟਰੱਕ ਵਿਚਕਾਰ ਭਿਆਨਕ ਟੱਕਰ ਹੋ ਗਈ, ਜਿਸ ਕਾਰਨ ਟਰੱਕ ਉਲਟ ਗਿਆ ਅਤੇ ਉਸ ਨੂੰ ਅੱਗ ਲੱਗ ਗਈ।

ਖੁਸ਼ਕਿਸਮਤੀ ਨਾਲ ਦੋਵੇਂ ਗੱਡੀਆਂ ਦੇ ਚਾਲਕ ਹਾਦਸੇ ਵਿੱਚ ਜ਼ਖ਼ਮੀ ਨਹੀਂ ਹੋਏ। ਪਰ, ਟੱਕਰ ਦੇ ਬਾਅਦ ਹਾਈਵੇ 1 ਦੇ ਪੂਰਬ ਵੱਲ ਜਾਂਦੇ ਮਾਰਗ ਨੂੰ ਬੰਦ ਕਰਨਾ ਪਿਆ।

ਇਸ ਹਾਦਸੇ ਕਾਰਨ ਸਵੇਰ ਦੀ ਆਵਾਜਾਈ ਪ੍ਰਭਾਵਿਤ ਰਹੀ, ਅਤੇ ਬਾਅਦ ਵਿੱਚ ਇਕ ਲਾਈਨ ਖੋਲ੍ਹੀ ਗਈ ਤਾਂ ਜੋ ਗੱਡੀਆਂ ਲੰਘ ਸਕਣ। ਘਟਨਾ ਦੇ ਕਾਰਨ ਦਾ ਪਤਾ ਲਗਾਉਣ ਅਤੇ ਸਫ਼ਾਈ ਕੰਮਾਂ ਲਈ ਟੀਮਾਂ ਵਲੋਂ ਕੰਮ ਜਾਰੀ ਹੈ।

ਪੁਲਿਸ ਅਤੇ ਐਮਰਜੈਂਸੀ ਟੀਮਾਂ ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ, ਅਤੇ ਅਧਿਕਾਰੀਆਂ ਨੇ ਲੋਕਾਂ ਨੂੰ ਇਸ ਇਲਾਕੇ ਵਿੱਚ ਸੰਭਲ ਕੇ ਡਰਾਈਵ ਕਰਨ ਦੀ ਅਪੀਲ ਕੀਤੀ ਹੈ।

# ਕਲੀਨ-ਅੱਪ ਅਭਿਆਨ ਦੇ ਤਹਿਤ ਕਿਲੋਨਾ 'ਚ ਬੇ-ਘਰੇ ਲੋਕਾਂ ਦੇ ਟੈਂਟ ਉਜਾੜੇ

**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਕਿਲੋਨਾ ਸ਼ਹਿਰ ਵਿੱਚ 'ਟੈਂਟ ਵਾਸੀਆਂ' ਨੂੰ ਬੁੱਧਵਾਰ ਦੀ ਸਵੇਰ ਬਹੁਤ ਕੁਝ ਸਹਿਣ ਕਰਨਾ ਪਿਆ। ਇਸ ਖੇਤਰ 'ਚ ਕਰੀਬ 90 ਬੇਘਰ ਲੋਕਾਂ ਟੈਂਟ ਲਗਾ ਕੇ ਅਸਥਾਈ ਘਰ ਬਣਾ ਕੇ ਰਹਿ ਰਹੇ ਸਨ ਜੋ ਕਿ ਵੱਡੇ ਪ੍ਰਸ਼ਾਸਨਕ ਕਲੀਨ-ਅੱਪ ਅਭਿਆਨ ਦੀ ਲਪੇਟ 'ਚ ਆਉਣ ਕਾਰਨ ਵੱਡੀ ਗਿਣਤੀ 'ਚ ਲੋਕਾਂ ਨੂੰ ਉਨਾਂ ਦੇ ਅਸਥਾਈ ਘਰਾਂ ਤੋਂ ਵੀ ਵਾਂਝੇ ਕਰ ਦਿੱਤਾ ਗਿਆ। ਟੈਂਟ 'ਚ ਰਹਿ ਰਹੇ ਇੱਕ ਨਿਵਾਸੀ ਬਲੇਕ ਮਰਕਿਉਰੀ ਨੇ ਦੱਸਿਆ, "ਬਿਨ੍ਹਾਂ ਕਿਸੇ ਨੋਟਿਸ ਜਾਂ ਚਿਤਾਵਨੀ ਦੇ ਇਹ ਕਾਰਵਾਈ ਕਰ ਦਿੱਤੀ ਗਈ, ਅਸੀਂ ਉਠੇ ਤਾਂ ਦੇਖਿਆ ਕਿ ਹਰੇਕ ਪਾਸੇ ਤਾਰਾਂ ਵਾਲੀ ਵਾੜ ਲੱਗ ਚੁੱਕੀ ਸੀ।"

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿਸੇ ਵੀ ਤਰੀਕੇ ਨਾਲ ਪਹਿਲਾਂ ਤੋਂ ਕੋਈ ਨੋਟਿਸ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਨਵੀਆਂ ਪਾਬੰਦੀਆਂ ਤਹਿਤ, 24/7 ਸੁਰੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ, ਤੇ 'ਸਟੈਂਪ ਸਿਸਟਮ' ਸ਼ੁਰੂ ਕੀਤਾ ਗਿਆ ਹੈ। ਹੁਣ, ਜੋ ਵੀ ਟੈਂਟ ਸ਼ਹਿਰ ਵਿੱਚ ਰਹਿ ਰਿਹਾ ਹੈ, ਉਸ ਨੂੰ ਮੁੜ-ਦਾਖਲ ਹੋਣ ਲਈ ਸਟੈਂਪ ਦਿਖਾਉਣੀ ਪਵੇਗੀ।



ਉਧਰ ਸ਼ਹਿਰ ਦੇ ਬਾਈਲਾਅਵ ਵਿਭਾਗ ਦੇ ਮੈਨੇਜਰ 'ਕੇਵਿਨ ਮੀਡ' ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਨਵੇਂ ਕਦਮ ਸਾਰੇ ਰਹਾਇਸ਼ੀ ਤੇ ਅਣ-ਰਹਾਇਸ਼ੀ ਲੋਕਾਂ ਦੀ ਸੁਰੱਖਿਆ ਲਈ ਜ਼ਰੂਰੀ ਹਨ। ਉਨ੍ਹਾਂ ਕਿਹਾ, "ਸਾਨੂੰ ਟੈਂਟ ਸ਼ਹਿਰ 'ਚ ਰਹਿੰਦੇ ਲੋਕਾਂ ਤੋਂ ਅਤੇ ਉਨ੍ਹਾਂ ਲੋਕਾਂ ਤੋਂ ਵੀ ਸ਼ਿਕਾਇਤਾਂ ਮਿਲੀਆਂ ਹਨ, ਜੋ ਉੱਥੇ ਜਾਣ ਤੋਂ ਡਰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਲਾਕੇ ਵਿੱਚ ਹੋ ਰਹੇ ਗੈਰ-ਕਾਨੂੰਨੀ ਕੰਮ, ਵਿਅਕਤੀਗਤ ਹਿੰਸਾ ਅਤੇ ਹੋਰ ਸਮੱਸਿਆਵਾਂ ਨੇ ਇਲਾਕੇ ਨੂੰ ਖ਼ਤਰਨਾਕ ਬਣਾ ਦਿੱਤਾ ਹੈ।"

ਬਾਈਲਾਅਵ ਅਧਿਕਾਰੀਆਂ ਤੇ ਵਾਸੀਆਂ ਦੇ ਵਿਚਕਾਰ ਪਿਛਲੇ ਹਫ਼ਤਿਆਂ 'ਚ ਤਣਾਅ ਵਧਿਆ ਹੋਇਆ ਸੀ, ਜੋ ਕਿ ਬੁੱਧਵਾਰ ਨੂੰ ਹੋਰ ਵੀ ਗਹਿਰੀ ਸਮੱਸਿਆ ਬਣ ਗਿਆ। ਕਈ ਲੋਕ ਗੁੱਸੇ 'ਚ ਆ ਗਏ ਅਤੇ ਝੜਪਾਂ ਵੀ ਹੋਈਆਂ, ਇਸ ਦੌਰਾਨ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।

ਪੁਲਿਸ ਮੁਤਾਬਕ, ਇੱਕ ਵਿਅਕਤੀ ਨੂੰ ਬਾਈਲਾਅਵ ਅਧਿਕਾਰੀ 'ਤੇ ਹਮਲਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ, ਜਦਕਿ ਦੂਜੇ ਵਿਅਕਤੀ ਨੂੰ ਧਮਕੀਆਂ ਦੇਣ 'ਤੇ ਤਹਿਤ ਹਿਰਾਸਤ 'ਚ ਲਿਆ ਗਿਆ ਹੈ।

ਕੇਵਿਨ ਮੀਡ ਨੇ ਸਪੱਸ਼ਟ ਕੀਤਾ ਕਿ ਟੈਂਟ ਸ਼ਹਿਰ ਵਿੱਚ ਰਹਿ ਰਹੇ ਲੋਕਾਂ ਨੂੰ ਕੱਢਣ ਦਾ ਕੋਈ ਇਰਾਦਾ ਨਹੀਂ, ਪਰ ਕੁਝ ਟੈਂਟਾਂ ਨੂੰ ਹਟਾਉਣਾ ਲਾਜ਼ਮੀ ਹੋ ਗਿਆ ਹੈ।

ਉਧਰ ਕਿਲੋਨਾ ਦੀਆਂ ਸਮਾਜਿਕ ਸੰਸਥਾਵਾਂ ਨੇ ਵੀ ਇਸ ਉਪਰਾਲੇ 'ਤੇ ਆਪਣੀਆਂ ਚਿੰਤਾਵਾਂ ਦਰਜ ਕਰਵਾਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ "ਸੁਰੱਖਿਆ ਦੇ ਨਾਮ 'ਤੇ ਬੇਘਰ ਲੋਕਾਂ ਨੂੰ ਹੋਰ ਹਾਸ਼ੀਏ 'ਤੇ ਧੱਕਣ" ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸ਼ਹਿਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਹ ਉਪਰਾਲੇ ਬੇਘਰ ਲੋਕਾਂ ਦੇ ਹੱਕਾਂ ਦੀ ਉਲੰਘਣਾ ਨਾ ਕਰਨ। This report was written by Simranjit Singh as part of the Local Journalism Initiative.

# ਬੀ.ਸੀ. ਸਰਕਾਰ ਨੇ ਵੱਖ ਵੱਖ ਉਦਯੋਗਾਂ ਨੂੰ ਦਿੱਤੀ ਵਿੱਤੀ ਸਹਾਇਤਾ

## ਏ-ਵਨ ਟਰੱਸ ਨੂੰ ਮਿਲੇ 9.5 ਅਤੇ ਨਾਨਕ ਪਨੀਰ ਨੂੰ 7.5 ਮਿਲੀਅਨ ਡਾਲਰ, ਕੁੱਲ $145,725,460 ਦੀ ਸਹਾਇਤਾ ਰਾਸ਼ੀ ਵੰਡੀ

**ਸਰੀ, (ਏਕਜੋਤ ਸਿੰਘ):** ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਵਿੱਚ ਭੋਜਨ ਉਤਪਾਦਨ ਉਦਯੋਗ ਨੂੰ ਉਤਸ਼ਾਹ ਦੇਣ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਲਈ ਵਾਪਸ ਨਾ-ਮੋੜਨਯੋਗ $6.6 ਮਿਲੀਅਨ ਦੀ ਗ੍ਰਾਂਟ ਜਾਰੀ ਕੀਤੀ ਹੈ। ਸਰਕਾਰ ਦੇ ਮੁਤਾਬਕ, ਇਹ ਨਿਵੇਸ਼ ਸਥਾਨਕ ਖਾਦ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਵੀ ਮਦਦ ਕਰੇਗਾ।

**ਮਾਨ ਸਿੰਘ ਵੱਲੋਂ ਸਥਾਪਿਤ ਕੀਤੀ "ਪ੍ਰਭੂ ਫੂਡਜ਼ ਇਨਕ." ਜੋ ਕਿ ਸਰੀ ਵਿੱਚ ਮਠਿਆਈਆਂ ਬਣਾਉਂਦੀ ਹੈ, ਨੇ $662,000 ਦੀ ਨਾ-ਮੋੜਨਯੋਗ ਗ੍ਰਾਂਟ ਪ੍ਰਾਪਤ ਕੀਤੀ।** ਮੰਤਰੀ ਨੇ ਦੱਸਿਆ ਕਿ ਇਸ ਗ੍ਰਾਂਟ ਨਾਲ ਕੰਪਨੀ ਆਪਣੀ ਉਤਪਾਦਨ ਸਮਰੱਥਾ ਨੂੰ ਵਧਾ ਕਰ ਸਕਦੀ ਹੈ, ਜਿਸ ਨਾਲ ਨੌਕਰੀਆਂ ਪੈਦਾ ਹੋਣਗੀਆਂ।

**ਕਿਲੋਨਾ ਦੀ ਕੰਪਨੀ ਨੂੰ ਮਿਲੇ $2 ਮਿਲੀਅਨ**

ਬੀ.ਸੀ. ਦੀ ਨੌਕਰੀ ਮੰਤਰੀ ਡਾਇਨਾ ਗਿਬਸਨ ਨੇ ਐਲਾਨ ਕੀਤਾ ਕਿ ਸੂਬੇ ਦੇ ਉਤਪਾਦਨ ਨੌਕਰੀਆਂ ਫੰਡ ਵਿੱਚੋਂ ਸੱਤ ਫੂਡ ਉਤਪਾਦਨ ਕੰਪਨੀਆਂ ਨੂੰ ਇਹ ਗ੍ਰਾਂਟ ਦਿੱਤੀ ਜਾ ਰਹੀ ਹੈ। ਇਸ ਵਿੱਚ ਕੇਲੋਨਾ-ਅਧਾਰਿਤ "ਫਾਰਮਿੰਗ ਕਰਮਾ ਫਰੂਟ ਕੋ." ਨੂੰ $2 ਮਿਲੀਅਨ ਮਿਲਣਗੇ, ਜੋ ਕਿ ਨਵੇਂ ਪ੍ਰੋਸੈਸਿੰਗ ਸੁਵਿਧਾ ਅਤੇ ਉਪਕਰਣਾਂ ਲਈ ਵਰਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਨਿਵੇਸ਼ ਨਾਲ ਕਿਲੋਨਾ ਵਿੱਚ 32 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸ ਯੋਜਨਾ ਤਹਿਤ, ਮਿਸ਼ਨ ਸ਼ਹਿਰ ਦੀ "ਵਨ ਡਿਗਰੀ ਆਰਗੈਨਿਕ ਫੂਡਜ਼" ਕੰਪਨੀ ਨੂੰ ਵੀ ਵਿੱਤੀ ਮਦਦ ਮਿਲੇਗੀ। ਇਹ ਕੰਪਨੀ ਨਾ-ਜੀਐਮਓ (ਗੈਰ-ਜੈਨੇਟਿਕਲੀ ਮੋਡੀਫਾਈਡ) ਅਨਾਜ ਅਤੇ ਹੋਰ ਉਤਪਾਦ ਤਿਆਰ ਕਰਦੀ ਹੈ।

**ਹੋਰ ਕੰਪਨੀਆਂ ਨੂੰ ਵੀ ਮਿਲੀ ਗ੍ਰਾਂਟ**

ਸਰਕਾਰ ਦੇ ਬਿਆਨ ਅਨੁਸਾਰ, ਇਹ ਵਿੱਤੀ ਮਦਦ ਹੋਰ ਕਈ ਕੰਪਨੀਆਂ ਨੂੰ ਵੀ ਦਿੱਤੀ ਜਾ ਰਹੀ ਹੈ ਜਿਨ੍ਹਾਂ 'ਚ ਨੌਰਥ ਡੈਲਟਾ ਸੀਫੂਡਜ਼ (North Delta Seafoods) – ਮੱਛੀ ਉਤਪਾਦਨ ਅਤੇ ਸੰਭਾਲਣ ਵਿੱਚ ਨਿਵੇਸ਼ , ਟ੍ਰਾਫਾ ਫਾਰਮਾਸਿਊਟਿਕਲਸ (Trafa Pharmaceuticals) – ਦਵਾਈ ਅਤੇ ਪੌਸ਼ਟਿਕ ਉਤਪਾਦ ਬਣਾਉਣ ਵਾਲੀ ਕੰਪਨੀ, ਬ੍ਰਾਊਨਜ਼ ਬੇ ਪੈਕਿੰਗ ਕੰਪਨੀ (Brown's Bay Pacikng Co.) – ਕੈਂਪਬੇਲ ਰਿਵਰ (Campbelli Rver) ਵਿੱਚ ਆਧੁਨਿਕ ਤਕਨੀਕ ਨਾਲ ਮੱਛੀ ਪੈਕਿੰਗ, ਵਿਟਾਮਿਨਲੈਬ (vitaminLab)– ਵਿਕਟੋਰੀਆ (victoria) ਵਿੱਚ ਵਿਟਾਮਿਨ ਉਤਪਾਦਨ ਦੇ ਨਾਮ ਜ਼ਿਕਰਯੋਗ ਹਨ।

ਮੰਤਰੀ ਡਾਇਨਾ ਗਿਬਸਨ ਨੇ ਦੱਸਿਆ ਕਿ ਭੋਜਨ ਉਤਪਾਦਨ ਖੇਤਰ ਵਿੱਚ ਨਿਵੇਸ਼ ਕਰਨਾ ਬੀ.ਸੀ. ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੂਬਾ ਇਸ ਸਮੇਂ ਅਮਰੀਕਾ ਵੱਲੋਂ ਲਾਏ ਜਾ ਰਹੇ ਟੈਰਿਫ਼ਾਂ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਰਕੇ ਘਰੇਲੂ ਖਾਦ ਉਤਪਾਦਨ ਨੂੰ ਉਤਸ਼ਾਹਿਤ ਕਰਨਾ ਲਾਜ਼ਮੀ ਹੋ ਗਿਆ ਹੈ।

ਬੀ.ਸੀ. ਸਰਕਾਰ ਦੇ ਨੌਕਰੀ, ਆਰਥਿਕ ਵਿਕਾਸ ਅਤੇ ਨਵਾਪ੍ਰਵਰਤੀ ਮੰਤਰਾਲੇ ਅਤੇ ਖੇਤੀਬਾੜੀ ਤੇ ਭੋਜਨ ਮੰਤਰਾਲੇ ਨੇ ਮਿਲ ਕੇ ਇਹ ਫੰਡ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਭੋਜਨ ਸੁਰੱਖਿਆ ਵਿੱਚ ਸੁਧਾਰ ਆਉਣਗਾ, ਜਿਸ ਨਾਲ ਲੋਕਾਂ ਨੂੰ ਸਥਾਨਕ ਤੌਰ 'ਤੇ ਬਣੇ ਹੋਏ ਖਾਦ ਉਤਪਾਦ ਵੱਧ ਮਿਲਣਗੇ।

ਜ਼ਿਕਰਯੋਗ ਹੈ ਕਿ ਸਾਲ 2023-24 ਦੌਰਾਨ **ਸਰੀ ਦੇ ਪ੍ਰਸਿੱਧ ਵਿਓਪਾਰੀਆਂ ਏ-ਵਨ ਟਰੱਸ 95 ਲੱਖ ਡਾਲਰ ਅਤੇ ਨਾਨਕ ਫੂਡ (ਪੰਜਾਬ ਮਿਲਕ ਫੂਡ) ਨੂੰ ਵਪਾਰ ਵਧਾਉਣ ਲਈ ਸੂਬਾ ਸਰਕਾਰ ਵਲੋਂ 75 ਲੱਖ ਡਾਲਰ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਅਤੇ ਫੈਡਰਲ ਸਰਕਾਰ ਵਲੋਂ 5 ਮਿਲੀਅਨ ਡਾਲਰ ਦਾ ਫੰਡ ਦਿੱਤਾ ਗਿਆ।** ਸਰਕਾਰੀ ਵੇਰਵਿਆਂ ਅਨੁਸਾਰ The BCMJF has committed $146 million toward 132 projects to date, unlocking more than $1 billion in private-sector and other public investment.

Every $1 million invested results in $7 million in total direct capital investments in B.C., $590,000 in tax revenue to the Province, and $5.3 million in provincial GDP during the capital construction phase.

Funded projects will create and protect more than 4,700 jobs throughout B.C.

Food and beverage processors have a strong presence in the program, with nearly $18.3 million committed to 19 projects to date. These projects are supporting the creation of more than 400 jobs in the food and beverage manufacturing sector.

Here is a link to a full list of funding recipients that have been announced so far:

https://www2.gov.bc.ca/assets/gov/employment-business-and-economic-development/economic-development/find-support-organizations/rural-economic-development/photos/mjf_announced_projects_march_18_2025.pdf

ਇਸ ਸਬੰਧੀ ਹੋਰ ਵਿਸਥਾਰਪੂਰਵਕ ਵੇਰਵੇ ਸਾਡੀ ਵੈਬਸਾਈਟ https://thepunjabtimes.ca/ 'ਤੇ ਵੇਖ ਸਕਦੇ ਹੋ।

### ਬੀ.ਸੀ. ਸਰਕਾਰ ਵੱਲੋਂ ਵੱਖ-ਵੱਖ ਕੰਪਨੀਆਂ ਨੂੰ ਦਿੱਤੇ ਗਏ ਫੰਡਾਂ ਦਾ ਵੇਰਵਾ

| ਕੰਪਨੀ | ਵਿੱਤੀ ਰਾਸ਼ੀ | ਸਥਾਨ |
|---|---|---|
| ਏ-ਵਨ ਟਰੱਸ | $9,500,000 (95 ਲੱਖ ਡਾਲਰ) | ਸਰੀ |
| ਪੰਜਾਬ ਮਿਲਕ ਫੂਡਜ਼ (ਨਾਨਕ ਪਨੀਰ) | $7,500,000 (75 ਲੱਖ ਡਾਲਰ) | ਸਰੀ |
| ਫਾਰਮਿੰਗ ਕਰਮਾ ਫਲ ਕੰਪਨੀ | $2,000,000 | ਕੇਲੋਨਾ |
| ਵਨ ਡਿਗਰੀ ਆਰਗੈਨਿਕ ਫੂਡਜ਼ | $2,000,000 | ਮਿਸ਼ਨ |
| ਡਾ. ਮਾ'ਸ ਲੈਬੋਰਟਰੀਜ਼ | $1,250,000 | ਸਰੀ |
| ਪ੍ਰਭੂ ਫੂਡਜ਼ | $662,000 | ਸਰੀ |
| ਵੈਨ ਵੀ ਇਟ ਮੈਨੂਫੈਕਚਰਿੰਗ | $623,000 | ਪਿਟ ਮੀਡੋਜ਼ |
| ਨੈਰਾ ਐਂਟਰਪ੍ਰਾਈਜ਼ | $618,000 | ਕਿੰਬਰਲੇ |
| ਨਾਰਥ ਡੈਲਟਾ ਸੀਫੂਡਜ਼ | $550,000 | ਡੈਲਟਾ |
| ਟ੍ਰਾਫ਼ਾ ਫਾਰਮਾਸੂਟੀਕਲ | $500,000 | ਡੈਲਟਾ |
| ਕੈਨੇਡੀਅਨ ਕਲਚਰਡ ਡੈਅਰੀ | $500,000 | ਕਮਬਰਲੈਂਡ |
| ਬਰਾਊਨਜ਼ ਬੇ ਪੈਕਿੰਗ ਕੰਪਨੀ | $430,000 | ਕੈਮਪਬੈਲ ਰਿਵਰ |
| ਵਿੱਟਾਮਿਨ-ਵਨ ਫਾਰਮੂਲਾਜ਼ | $425,000 | ਵਿਟੋਰੀਆ |
| ਸੇਂਟ ਜਰਮੈਨ ਬੇਕਰੀ | $420,000 | ਰਿਚਮੰਡ |
| ਕਿਕਿੰਗ ਹੋਰਸ ਕੌਫੀ | $330,000 | ਇਨਵਰਮੀਅਰ |
| ਪਿੱਪਿਨ ਪੁਆਇੰਟ | $176,610 | ਵਿਨਡੈਲ |
| ਰੂਟਸਾਈਡ ਪ੍ਰੋਵਿਜ਼ਨਸ | $156,000 | ਨੈਨਾਈਮੋ |
| ਗੋਲਡ ਰਿਵਰ ਐਕੁਆਫਾਰਮਜ਼ | $50,000 | ਗੋਲਡ ਰਿਵਰ |
| ਈਟ ਵੈੱਲ ਈਥਨਿਕ ਫੂਡਜ਼ | $33,750 | ਰਿਚਮੰਡ |
| ਸੋਲ ਬਾਈਟ ਫੂਡ | $22,000 | ਕੋਕਿਟਲਮ |


# ਲਿਬਰਲ ਪਾਰਟੀ ਵਲੋਂ "ਔਲ-ਇਨ-ਕੈਨੇਡਾ" ਆਟੋ ਨੈੱਟਵਰਕ ਬਣਾਉਣ ਦਾ ਕੀਤਾ ਵਾਅਦਾ

**ਸਰੀ, (ਸਿਮਰਨਜੀਤ ਸਿੰਘ):** ਲਿਬਰਲ ਆਗੂ ਮਾਰਕ ਕਾਰਨੀ ਨੇ ਕੈਨੇਡਾ ਦੀ ਆਟੋ ਉਦਯੋਗ ਨੀਤੀ ਦੀ ਘੋਸ਼ਣਾ ਕੀਤੀ, ਜਿਸਦਾ ਮੁੱਖ ਉਦੇਸ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਵਪਾਰ ਯੁੱਧ ਨੀਤੀ ਤੋਂ ਕੈਨੇਡੀਅਨ ਆਟੋ-ਉਦਯੋਗ ਵਰਗ ਦੀ ਰੱਖਿਆ ਕਰਨੀ ਹੈ।

ਕਾਰਨੀ ਨੇ ਵਿੰਡਸਰ, ਓਂਟਾਰੀਓ ਵਿੱਚ ਚੋਣ ਮੁਹਿੰਮ ਦੌਰਾਨ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ 2 ਅਰਬ ਡਾਲਰ ਦਾ 'ਸਟ੍ਰੈਟਜਿਕ ਰਿਸਪਾਂਸ ਫੰਡ' ਤਿਆਰ ਕਰੇਗੀ, ਜੋ ਟਰੰਪ ਦੇ ਟੈਕਸਾਂ ਦੇ ਪ੍ਰਭਾਵ ਹੇਠ ਆਉਣ ਵਾਲੇ ਕੰਮਕਾਜੀ ਵਰਗਾਂ ਦੀ ਰਾਖੀ ਕਰੇਗਾ ਅਤੇ ਆਟੋ ਸਪਲਾਈ ਚੇਨ ਨੂੰ ਮਜ਼ਬੂਤ ਬਣਾਉਣ ਲਈ ਖਰਚ ਕੀਤਾ ਜਾਵੇਗਾ।

"ਔਲ-ਇਨ-ਕੈਨੇਡਾ" ਆਟੋ ਨੈੱਟਵਰਕ ਦੀ ਯੋਜਨਾ ਦਾ ਐਲਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਲਿਬਰਲ ਪਾਰਟੀ "ਔਲ-ਇਨ-ਕੈਨੇਡਾ" ਨੈੱਟਵਰਕ ਤਿਆਰ ਕਰੇਗੀ, ਜਿਸ ਅਧੀਨ ਆਟੋ ਕੰਪੋਨੈਂਟਸ ਦੀ ਉਤਪਾਦਨ ਪ੍ਰਕਿਰਿਆ ਮੁੜ-ਸੰਗਠਿਤ ਕੀਤਾ ਜਾਵੇਗਾ। ਇਸ ਤਰੀਕੇ ਨਾਲ, ਉਨ੍ਹਾਂ ਨੇ ਕਿਹਾ ਕਿ ਆਟੋ ਉਦਯੋਗ ਅਨੇਕ ਵਾਰੀ ਅਮਰੀਕੀ ਸਰਹੱਦ ਪਾਰ ਕਰਕੇ ਟੈਕਸ ਲੱਗਣ ਦੀ ਸਮੱਸਿਆ ਤੋਂ ਬਚ ਜਾਵੇਗਾ।

ਕਾਰਨੀ ਨੇ ਕਿਹਾ, "ਹਰ ਵਾਰ, ਜਦੋਂ ਕੋਈ ਟੈਕਸ ਲੱਗਣ ਵਾਲਾ ਹਿੱਸਾ ਸਰਹੱਦ ਪਾਰ ਕਰਦਾ ਹੈ, ਤਾਂ ਉਸ 'ਤੇ ਨਵਾਂ ਟੈਕਸ ਲੱਗਦਾ ਹੈ।" ਇਸ ਕਰਕੇ, ਸਾਨੂੰ ਜ਼ਿਆਦਾ ਆਟੋ ਪਾਰਟਸ ਅਤੇ ਪੂਰੀਆਂ ਗੱਡੀਆਂ ਕੈਨੇਡਾ ਵਿੱਚ ਹੀ ਬਣਾਉਣੀਆਂ ਚਾਹੀਦੀਆਂ ਹਨ"




ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਨੇ ਵਪਾਰਕ ਨੀਤੀ ਹੇਠ 25% ਸਟੀਲ ਅਤੇ ਐਲੂਮੀਨੀਅਮ 'ਤੇ ਟੈਕਸ ਲਗਾ ਦਿੱਤੇ ਹਨ, ਜਿਸ ਨੇ ਕੈਨੇਡਾ-ਅਮਰੀਕਾ ਵਪਾਰ 'ਚ ਤਣਾਅ ਪੈਦਾ ਕਰ ਦਿੱਤਾ ਹੈ। ਇਸ ਤੋਂ ਇਲਾਵਾ, 25% ਗੱਡੀਆਂ ਤੇ 10% ਐਨਰਜੀ ਉਤਪਾਦ 'ਤੇ ਵੀ ਟੈਕਸ ਲੱਗਾ ਦਿੱਤੇ ਗਏ ਹਨ। ਅਮਰੀਕਾ ਨੇ ਕੈਨੇਡਾ-ਅਮਰੀਕਾ-ਮੈਕਸੀਕੋ ਸਮਝੌਤੇ ਤਹਿਤ ਕੁਝ ਉਤਪਾਦਾਂ ਨੂੰ ਇੱਕ ਮਹੀਨੇ ਦੀ ਛੋਟ ਦਿੱਤੀ ਹੈ, ਪਰ ਆਮ ਟੈਕਸ ਅਜੇ ਵੀ ਲਾਗੂ ਹਨ।

ਲਿਬਰਲ ਪਾਰਟੀ ਦੀ ਹੋਰ ਯੋਜਨਾਵਾਂ 'ਚ ਕਾਰਨੀ ਨੇ ਵਾਅਦਾ ਕੀਤਾ ਹੈ ਕਿ ਪਰਮਿਟ ਅਤੇ ਪ੍ਰਾਜੈਕਟ ਮਨਜ਼ੂਰੀ ਪ੍ਰਕਿਰਿਆ ਤੇਜ਼ ਕੀਤੀਆਂ ਜਾਣਗੀਆਂ। ਕੈਨੇਡੀਅਨ ਮੇਡ ਗੱਡੀਆਂ ਦੀ ਖਰੀਦ ਵਧਾਉਣ ਲਈ ਯੋਜਨਾਵਾਂ ਐਲਾਨੀਆਂ ਜਾਣਗੀਆਂ। ਸਥਾਨਕ ਆਟੋ ਉਦਯੋਗ ਦਾ ਮਜ਼ਬੂਤ ਕੀਤਾ ਜਾਵੇਗਾ ਤਾਂ ਕਿ ਕੈਨੇਡਾ-ਅਮਰੀਕਾ ਵਪਾਰ ਉਤੇ ਆਉਣ ਵਾਲੇ ਸੰਕਟ ਤੋਂ ਉਦਯੋਗ ਬਚ ਸਕਣ। This report was written by Simranjit Singh as part of the Local Journalism Initiative.

### ਪੀਅਰ ਪੋਲੀਵੀਅਰ ਨੇ "ਡਾਲਰ-ਫਾਰ-ਡਾਲਰ" ਨੀਤੀ ਪੇਸ਼

ਦੂਜੇ ਪਾਸੇ ਕੰਜ਼ਰਵੇਟਿਵ ਆਗੂ 'ਪੀਅਰ ਪੋਲੀਵੀਅਰ ਨੇ "ਡਾਲਰ-ਫਾਰ-ਡਾਲਰ" ਨੀਤੀ ਪੇਸ਼ ਕੀਤੀ ਹੈ, ਜਿਸ ਤਹਿਤ ਅਮਰੀਕੀ ਉਤਪਾਦਾਂ 'ਤੇ ਉਤਨਾ ਹੀ ਟੈਕਸ ਲਗਾਇਆ ਜਾਵੇਗਾ, ਜਿੰਨਾ ਟੈਕਸ ਅਮਰੀਕਾ ਨੇ ਕੈਨੇਡੀਅਨ ਉਤਪਾਦਾਂ 'ਤੇ ਲਗਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਟੈਕਸ ਦੀ ਆਮਦਨ ਬੇਰੋਜ਼ਗਾਰ ਹੋ ਰਹੇ ਕੰਮਕਾਜੀ ਵਰਗ ਦੀ ਮਦਦ ਵਿੱਚ ਖਰਚ ਕੀਤੀ ਜਾਵੇਗੀ।

### ਜਗਮੀਤ ਸਿੰਘ ਨੇ "100% ਟੈਸਲਾ ਟੈਕਸ" ਦਾ ਵਾਅਦਾ

ਇਸੇ ਤਰ੍ਹਾਂ ਐਨ.ਡੀ.ਪੀ. ਆਗੂ ਜਗਮੀਤ ਸਿੰਘ ਨੇ "100% ਟੈਸਲਾ ਟੈਕਸ" ਦਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੈਨੇਡਾ, ਆਪਣੀ ਸਟੀਲ ਅਤੇ ਐਲੂਮੀਨੀਅਮ ਦੀ ਖਰੀਦ ਕੈਨੇਡੀਅਨ ਕੰਪਨੀਆਂ ਤੋਂ ਹੀ ਕਰੇ, ਤਾਂ ਕਿ ਕੈਨੇਡਾ ਦੇ ਉਦਯੋਗ ਵਰਗ ਨੂੰ ਨੁਕਸਾਨ ਨਾ ਹੋਵੇ। ਟਰੰਪ ਵਲੋਂ ਆਏ ਦਿਨ ਐਲਾਨੇ ਜਾ ਰਹੇ ਟੈਰਿਫ਼ਾਂ ਤੋਂ ਗਲੋਬਲ ਆਟੋਮੇਕਰਸ ਆਫ਼ ਕੈਨੇਡਾ ਨੇ ਚਿਤਾਵਨੀ ਦਿੱਤੀ ਹੈ ਕਿ ਟਰੰਪ ਦੇ ਲਾਏ ਟੈਕਸ, ਅਮਰੀਕਾ 'ਚ ਬਣ ਰਹੀਆਂ ਗੱਡੀਆਂ ਦੀ ਕੀਮਤ ਵਧਾ ਦੇਣਗੇ। ਉਨ੍ਹਾਂ ਕਿਹਾ ਕਿ ਇਹ ਨੀਤੀ ਅਮਰੀਕਾ 'ਤੇ ਹੀ ਪੁੱਠੀ ਪੈ ਸਕਦੀ ਹੈ, ਜਿਸ ਦੇ ਨਤੀਜੇ ਵਜੋਂ ਨਵੇਂ ਟੈਕਸ ਕਾਰਨ ਅਮਰੀਕੀ ਖ਼ਰੀਦਦਾਰ ਵੀ ਮਹਿੰਗੀਆਂ ਗੱਡੀਆਂ ਖਰੀਦਣ ਲਈ ਮਜਬੂਰ ਹੋਣਗੇ।

# A TO Z DRIVING SCHOOL

SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

## AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲੱਕੀ ਸੇਖੋਂ 604 614 5365

# idea immigration

- Super Visas
- PNPs

iccrc crcic

EXPRESS ENTRY

Canada's Express Entry Immigration

## ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com

Keep Smiling Denture Clinic

# Keep Smiling Denture Clinic

SEMCD CERTIFIED CLINICIAN

- Complete Denture
- Implant Denture
- Partial Denture

## CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ

## ਹੱਡੀ ਘਸੀ ਹੋਈ ਹੈ?

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
**If you have received Canadian Dental Care Plan Card. Book appointment**

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment
778-600-0811
6834 King George Blvd Surrey BC
778-600-0810
2644 Cyril St Abbotsford BC

# ਫੈਡਰਲ ਚੋਣਾਂ ਲਈ ਬੱਸ ਰਾਹੀਂ ਚੋਣ ਪ੍ਰਚਾਰ ਕਰਨਗੇ ਜਗਮੀਤ ਸਿੰਘ

**ਸਰੀ, (ਸਿਮਰਨਜੀਤ ਸਿੰਘ):** ਫੈਡਰਲ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਨੇ ਆਪਣੇ ਚੋਣ ਪ੍ਰਚਾਰ ਨੂੰ ਹੋਰ ਵਧੇਰੇ ਲੋਕਾਂ ਤੱਕ ਪਹੁੰਚਾਉਣ ਲਈ ਇਸ ਵਾਰ ਹਵਾਈ ਯਾਤਰਾ ਦੀ ਬਜਾਏ ਬੱਸ ਰਾਹੀਂ ਯਾਤਰਾ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਨੇਤਾ ਜਗਮੀਤ ਸਿੰਘ, ਜੋ ਪਿਛਲੀਆਂ ਚੋਣਾਂ ਦੌਰਾਨ ਚਾਰਟਰਡ ਜਹਾਜ਼ ਦੀ ਵਰਤੋਂ ਕਰਦੇ ਰਹੇ ਹਨ, ਹੁਣ ਦੇਸ਼ ਭਰ ਵਿੱਚ ਬੱਸ ਰਾਹੀਂ ਆਪਣੇ ਚੋਣ ਪ੍ਰਚਾਰ ਲਈ ਸਫਰ ਕਰਨਗੇ।

ਐਨ.ਡੀ.ਪੀ. ਵੱਲੋਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਰਾਹੀਂ ਇਸ ਫੈਸਲੇ ਦੀ ਪੁਸ਼ਟੀ ਕੀਤੀ ਗਈ। ਪਾਰਟੀ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਲਿਖਿਆ, "ਸਾਡੀ ਚੋਣ ਮੁਹਿੰਮ ਦੀ ਬੱਸ ਸਾਰੇ ਦੇਸ਼ ਵਿੱਚ ਯਾਤਰਾ ਕਰੇਗੀ, ਤਾਂ ਜੋ ਆਮ ਲੋਕਾਂ ਨਾਲ ਨਜ਼ਦੀਕੀ ਬਣਾਈ ਜਾ ਸਕੇ ਅਤੇ ਮੁੱਖ ਮਸਲਿਆਂ 'ਤੇ ਗੱਲ ਕੀਤੀ ਜਾ ਸਕੇ।" ਪਾਰਟੀ ਨੇ ਸਿਹਤ ਸੰਭਾਲ, ਰਿਹਾਇਸ਼ ਅਤੇ ਮਹਿੰਗਾਈ ਵਰਗੇ ਲੋਕਾਂ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਮੁੱਦਿਆਂ ਨੂੰ ਆਪਣੇ ਅਭਿਆਨ ਦਾ ਕੇਂਦਰ ਬਣਾਉਣ ਦੀ ਗੱਲ ਕਹੀ।




ਐਨ.ਡੀ.ਪੀ. ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੇ ਜਹਾਜ਼ ਦੀ ਬਜਾਏ ਬੱਸ ਦੀ ਚੋਣ ਕਿਉਂ ਕੀਤੀ, ਪਰ ਪਿਛਲੇ ਚੋਣ ਅਭਿਆਨਾਂ ਦੌਰਾਨ ਪਾਰਟੀ ਦੀ ਵਿੱਤੀ ਹਾਲਤ ਦੀ ਗੱਲ ਸਭ ਦੇ ਸਾਹਮਣੇ ਆਈ ਸੀ। ਪਾਰਟੀ ਦੀ ਮੁੱਖ ਚੋਣ ਮੁਹਿੰਮ ਡਾਇਰੈਕਟਰ, ਜੈਨੀਫਰ ਹਾਵਰਡ, ਨੇ ਕਿਹਾ ਕਿ 2018 ਤੋਂ ਲੈ ਕੇ ਅੱਜ ਤਕ, ਪਾਰਟੀ ਆਪਣੀ ਸਭ ਤੋਂ ਵਧੀਆ ਆਰਥਿਕ ਸਥਿਤੀ ਵਿੱਚ ਹੈ।

ਹਾਲਾਂਕਿ, ਐਨ.ਡੀ.ਪੀ. ਦੀ ਨਵੀਨਤਮ ਵਿੱਤੀ ਰਿਪੋਰਟ ਇਹ ਦੱਸਣ ਵਿੱਚ ਅਸਮਰਥ ਰਹੀ ਕਿ ਪਾਰਟੀ ਨੇ ਆਪਣੀਆਂ ਪੁਰਾਣੀਆਂ ਵਿੱਤੀ ਮੁਸ਼ਕਿਲਾਂ ਹੱਲ ਕਰ ਲਈਆਂ ਹਨ। 2019 ਦੀ ਚੋਣ ਦੌਰਾਨ, ਪਾਰਟੀ ਨੂੰ ਆਪਣੀ ਲਿਕਵਿਡਿਟੀ (ਨਕਦੀ ਪ੍ਰਬੰਧ) ਨੂੰ ਬਣਾਈ ਰੱਖਣ ਲਈ ਜੈਕ ਲੇਟਨ ਬਿਲਡਿੰਗ (ਔਟਵਾ) ਨੂੰ ਗਿਰਵੀ ਰੱਖਣਾ ਪਿਆ ਸੀ। 2021 ਦੀ ਫੈਡਰਲ ਚੋਣ ਮੁਹਿੰਮ ਦੌਰਾਨ ਵੀ, ਐਨ.ਡੀ.ਪੀ. ਨੇ ਚਾਰਟਰਡ ਜਹਾਜ਼ ਦੀ ਵਰਤੋਂ ਕੀਤੀ ਸੀ, ਜਿਸ ਲਈ ਕਰਜ਼ਾ ਲਿਆ ਗਿਆ। ਇਹ ਕਰਜ਼ਾ ਅਜੇ ਤੱਕ ਪੂਰੀ ਤਰ੍ਹਾਂ ਵਾਪਸ ਨਹੀਂ ਕੀਤਾ ਗਿਆ, ਜਿਸ ਕਰਕੇ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਪਾਰਟੀ ਵਿੱਤੀ ਸਥਿਤੀਆਂ ਦੇ ਕਾਰਨ ਆਪਣੀ ਚੋਣ ਮੁਹਿੰਮ ਆਸਾਨੀ ਨਾਲ ਚਲਾ ਸਕੇਗੀ। ਜਦਕਿ ਹੋਰ ਫੈਡਰਲ ਪਾਰਟੀਆਂ ਚਾਰਟਰਡ ਜਹਾਜ਼ਾਂ ਰਾਹੀਂ ਆਪਣੀ ਚੋਣ ਮੁਹਿੰਮ ਦੌਰਾਨ ਤੇਜ਼ ਯਾਤਰਾ ਕਰਕੇ ਵੱਧ ਲੋਕਾਂ ਤੱਕ ਪਹੁੰਚਦੀ ਰਹੀਆਂ ਹਨ, ਐਨ.ਡੀ.ਪੀ. ਵੱਲੋਂ ਬੱਸ ਦੀ ਚੋਣ ਇੱਕ ਨਵੇਂ ਤਰੀਕੇ ਵਾਂਗ ਦੇਖੀ ਜਾ ਰਹੀ ਹੈ। ਜਗਮੀਤ ਸਿੰਘ ਹਰੇਕ ਸੂਬੇ ਵਿੱਚ ਲੋਕਾਂ ਨਾਲ ਰੂਬਰੂ ਹੋਣ ਦੀ ਕੋਸ਼ਿਸ਼ ਕਰਨਗੇ ਅਤੇ ਤੌਰ-ਤਰੀਕੇ ਵਿੱਚ ਇਹ ਤਬਦੀਲੀ ਪਾਰਟੀ ਦੀ ਨਵੀਨਤਮ ਰਣਨੀਤੀ ਦੱਸਣੀ ਜਾ ਰਹੀ ਹੈ।

ਕੈਨੇਡਾ ਭਰ ਵਿੱਚ ਬੱਸ ਰਾਹੀਂ ਯਾਤਰਾ ਕਰਨਾ, ਪਾਰਟੀ ਲਈ ਨਵੇਂ ਮੌਕੇ ਤੇ ਚੁਣੌਤੀਆਂ ਦੋਵਾਂ ਲੈ ਕੇ ਆ ਸਕਦਾ ਹੈ। ਪਰ, ਐਨ.ਡੀ.ਪੀ. ਲਈ ਇਹ ਪੂਰੀ ਮੁਹਿੰਮ ਹੀ ਇਹ ਸਾਬਤ ਕਰਨ ਲਈ ਹੋਵੇਗੀ ਕਿ ਉਹ 2025 ਦੀ ਫੈਡਰਲ ਚੋਣ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਹੈ। This report was written by Simranjit Singh as part of the Local Journalism Initiative.

# ਭਾਰਤ ਵੱਲੋਂ 2022 ਕੰਜ਼ਰਵੇਟਿਵ ਆਗੂ ਦੀ ਚੋਣ ਸਮੇਂ ਕੀਤੀ ਗਈ ਸੀ ਦਖ਼ਲਅੰਦਾਜ਼ੀ

### ਸੀ.ਐਸ.ਆਈ.ਐਸ. ਦੀ ਰਿਪੋਰਟ 'ਤੇ ਵਿਵਾਦ ਭਖਿਆ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਦੀ ਖੁਫੀਆ ਏਜੰਸੀ (ਸੀਐਸਆਈਐਸ) ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਸਰਕਾਰ ਦੇ ਕੁਝ ਹਿੱਸੇ 2022 ਦੀ ਕੰਜ਼ਰਵੇਟਿਵ ਲੀਡਰਸ਼ਿਪ ਚੋਣ ਦੌਰਾਨ ਪੀਅਰ ਪੋਲੀਵੀਅਰ ਦੀ ਹਮਾਇਤ ਕੀਤੀ ਸੀ ।

ਰਿਪੋਰਟ ਮੁਤਾਬਕ, ਭਾਰਤ ਨੇ ਕੁਝ ਹਲਕਿਆਂ 'ਚ ਦਖ਼ਲ ਦਿੰਦਿਆਂ ਪੋਲੀਵੀਅਰ ਦੇ ਹੱਕ 'ਚ ਹਮਾਇਤ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾਅਵੇ ਨੇ ਕੈਨੇਡਾ-ਭਾਰਤ ਸੰਬੰਧਾਂ ਦੇ ਨਾਲ ਨਾਲ ਕੈਨੇਡਾ 'ਚ ਹੋਣ ਵਾਲੀ ਫੈਡਰਲ ਚੋਣਾਂ ਤੋਂ ਪਹਿਲਾਂ ਇਸ ਰਿਪੋਰਟ ਨੇ ਮਾਹੌਲ ਗਰਮਾ ਦਿੱਤਾ ਹੈ। ਕੰਜ਼ਰਵੇਟਿਵ ਆਗੂ ਪੀਅਰ ਪੋਲੀਵੀਅਰ ਨੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਮੈਂ ਆਪਣੇ ਅਧਿਕਾਰਕ ਮੁਹਿੰਮ ਦੌਰਾਨ ਕਿਸੇ ਵੀ ਵਿਦੇਸ਼ੀ ਦਖ਼ਲ 'ਤੇ ਭਰੋਸਾ ਨਹੀਂ ਕੀਤਾ। ਕੈਨੇਡਾ ਦੀ ਰਾਜਨੀਤੀ 'ਚ ਕਿਸੇ ਵੀ ਵਿਦੇਸ਼ੀ ਸਰਕਾਰ ਦਾ ਦਾਖਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।"



ਉਨ੍ਹਾਂ ਨੇ ਲਿਬਰਲ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਸਟਿਨ ਟਰੂਡੋ ਦੀ ਸਰਕਾਰ ਨੇ ਆਪਣੇ ਅਨੁਕੂਲ ਨਤੀਜਿਆਂ ਲਈ ਏਜੰਸੀਆਂ ਦੀ ਰਿਪੋਰਟਾਂ ਨੂੰ ਰਾਜਨੀਤਿਕ ਤਰੀਕੇ ਨਾਲ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਹ ਦਾਅਵਾ ਇਕੋ ਸਮੇਂ 'ਚ ਆਇਆ ਹੈ ਜਦ ਕੈਨੇਡਾ-ਭਾਰਤ ਸੰਬੰਧ ਪਹਿਲਾਂ ਹੀ ਤਣਾਅ ਭਰੇ ਹਨ। ਪਿਛਲੇ ਕੁਝ ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ ਤੇ ਕੂਟਨੀਤਿਕ ਮਾਮਲਿਆਂ ਨੂੰ ਲੈ ਕੇ ਕਈ ਵਾਰ ਖਿੱਚਾਅ ਵਧਿਆ ਹੈ।

ਹੁਣ ਤੱਕ ਭਾਰਤੀ ਸਰਕਾਰ ਵੱਲੋਂ ਇਸ ਰਿਪੋਰਟ 'ਤੇ ਕੋਈ ਸਰਕਾਰੀ ਪ੍ਰਤੀਕਿਰਿਆ ਨਹੀਂ ਆਈ। ਹਾਲਾਂਕਿ, ਪਿਛਲੇ ਸਮੇਂ ਭਾਰਤ ਨੇ ਵਿਦੇਸ਼ੀ ਦਾਖਲ ਦੇ ਇਲਜ਼ਾਮਾਂ ਨੂੰ ਹਮੇਸ਼ਾ ਨਕਾਰਿਆ ਹੈ।

ਕੰਜ਼ਰਵੇਟਿਵ ਪਾਰਟੀ ਦੇ ਕਈ ਆਗੂ ਕਹਿ ਰਹੇ ਹਨ ਕਿ ਟਰੂਡੋ ਸਰਕਾਰ ਨੇ ਵਿਦੇਸ਼ੀ ਦਖ਼ਲ ਦੀ ਚਿੰਤਾ ਜਤਾਉਂਦੇ ਹੋਏ ਵੀ 2019 ਅਤੇ 2021 ਦੀ ਚੋਣ ਦੌਰਾਨ ਚੀਨ ਵਲੋਂ ਕੀਤੀ ਦਖਲਅੰਦਾਜ਼ੀ 'ਤੇ ਕੋਈ ਵੱਡਾ ਐਕਸ਼ਨ ਨਹੀਂ ਲਿਆ। ਇਹ ਰਿਪੋਰਟ ਰਾਜਨੀਤਿਕ ਮਾਹੌਲ ਨੂੰ ਹੋਰ ਗਰਮਾਉਣ ਦੀ ਸੰਭਾਵਨਾ ਰੱਖਦੀ ਹੈ, ਕਿਉਂਕਿ ਫੈਡਰਲ ਚੋਣਾਂ ਨੇੜੇ ਆ ਰਹੀਆਂ ਹਨ। This report was written by Simranjit Singh as part of the Local Journalism Initiative.







BASEMENT FOR RENT

Two Bedroom Basement Suite to Rent

Available From

**March 15 or April 1st.**

Small Family. 3-4 person!

Utilities included . No laundry)

Call for Rent info :

**604-961-4065**

# ਸਰੀ ’ਚ ਅਮਰੀਕੀ ਕੰਪਨੀ ਦੀ ਭਰਤੀ ਤੇ ਘਿਰੀ ਮੇਅਰ ਬ੍ਰੈਂਡਾ ਲੌਕ




**ਸਰੀ (ਸਿਮਰਨਜੀਤ ਸਿੰਘ):** ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਸ਼ਹਿਰੀ ਕਰਮਚਾਰੀਆਂ ਦੀ ਰੱਖਿਆ ਲਈ ਇੱਕ ਅਮਰੀਕੀ ਕੰਸਲਟਿੰਗ ਕੰਪਨੀ ਹਾਇਰ ਕਰਨ ‘ਤੇ ਵਿਵਾਦਾਂ ‘ਚ ਘਿਰ ਗਈ ਹੈ। ਬੀਤੇ ਦਿਨੀਂ ਇਸ ਸਬੰਧੀ ਇਕ ਪ੍ਰੈਸ ਰਿਲੀਜ਼ ਜਾਰੀ ਕਰਦੇ ਹੋਏ ਉਨ੍ਹਾਂ ਤਿੰਨ ਕੌਂਸਲਰਾਂ ਵੱਲੋਂ ਲਾਏ ਗਏ ਦੋਸ਼ਾਂ ਦੇ ਜਵਾਬ ਦਿੱਤਾ ਅਤੇ ਇਸ ਤੋਂ ਪਹਿਲਾਂ ਸਰੀ ਕੌਂਸਲ ਦੀ ਇੱਕ ਬੰਦ ਦਰਵਾਜ਼ਾ ਮੀਟਿੰਗ ਹੋਈ, ਜਿਸ ਵਿੱਚ ਕੌਂਸਲਰ ਮਾਈਕ ਬੋਜ਼, ਲਿੰਡਾ ਐਨਿਸ ਅਤੇ ਡੱਗ ਐਲਫਰਡ ਵੱਲੋਂ ਦਿੱਤੇ ਗਏ ਬਿਆਨ ਦੀ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਕੌਂਸਲ ਨੇ ਕਰਮਚਾਰੀਆਂ ਦੇ ਬਚਾਅ ਲਈ ਠੋਸ ਕਦਮ ਚੁੱਕਣ ਦੀ ਗੱਲ ਕੀਤੀ, ਖਾਸ ਤੌਰ ‘ਤੇ ਉਸ ਮਾਮਲੇ ਵਿੱਚ ਜਿੱਥੇ ਬੋਜ਼ ਨੇ ਆਮ ਜਾਣਕਾਰੀ ਹਾਸਲ ਕਰਨ ਲਈ ਫਰੀਡਮ ਆਫ ਇਨਫੋਰਮੇਸ਼ਨ ਅਰਜ਼ੀ ਪਾਉਣ ਦੀ ਹਦਾਇਤ ‘ਤੇ ਸਵਾਲ ਖੜ੍ਹੇ ਕੀਤੇ।

ਮੇਅਰ ਲੌਕ ਨੇ ਦਾਅਵਾ ਕੀਤਾ ਕਿ ਹੂੰਡਨ ਪਾਰਟਨਰਸ (ਨਦਣ ਫਓਰਟਨਏਰਸ) ਨੂੰ 2024 ‘ਚ ਹੀ ਹਾਇਰ ਕਰ ਲਿਆ ਗਿਆ ਸੀ, ਜੋ ਕਿ ਮੌਜੂਦਾ ਅਮਰੀਕੀ ਟੈਰੀਫ ਸਥਿਤੀ ਤੋਂ ਕਾਫੀ ਪਹਿਲਾਂ ਸੀ। ਉਨ੍ਹਾਂ ਕਿਹਾ ਕਿ ਸਾਰੇ ਸਮਝੌਤੇ ਕਾਨੂੰਨੀ ਤਰੀਕੇ ਨਾਲ ਕੀਤੇ ਗਏ ਹਨ।

ਉਨ੍ਹਾਂ ਨੇ ਕੌਂਸਲਰਾਂ ਦੇ ਇਲਜ਼ਾਮਾਂ ‘ਤੇ ਜਵਾਬ ਦਿੰਦਿਆਂ ਕਿਹਾ ਕਿ “ਕੌਂਸਲਰ ਬੋਜ਼ ਅਤੇ ਐਨਿਸ ਵੱਲੋਂ ਇਹ ਕਹਿਣਾ ਕਿ ਸਾਡੀ ਪੇਸ਼ਾਵਰ ਕਰਮਚਾਰੀ ਟੀਮ ਨੇ ਗਲਤ ਤਰੀਕੇ ਨਾਲ ਕੰਮ ਕੀਤਾ, ਬਿਲਕੁਲ ਗਲਤ ਹੈ।”


“ਕੌਂਸਲਰ ਐਲਫਰਡ ਨੇ ਵੀ ਇਹ ਗਲਤ ਜਾਣਕਾਰੀ ਦਿੱਤੀ ਕਿ ਕਰਮਚਾਰੀਆਂ ਨੇ ਦੋ ਕਰਮਚਾਰੀਆਂ ਦੇ ਤਨਖਾਹ ਸੰਬੰਧੀ ਜਾਣਕਾਰੀ ਦੇਣ ‘ਚ ਰੁਕਾਵਟ ਪਾਈ। ਇਹ ਝੂਠ ਹੈ, ਅਤੇ ਇਹ ਸਰਕਾਰੀ ਨਿਯਮਾਂ ਦੀ ਗਲਤ ਵਿਆਖਿਆ ਕਰਦਾ ਹੈ।"

ਜ਼ਿਕਰਯੋਗ ਹੈ ਕਿ ਸਰੀ ਸ਼ਹਿਰ ਨੇ 2024 ‘ਚ ਸ਼ਿਕਾਗੋ-ਅਧਾਰਿਤ ਹੂੰਡਨ ਪਾਰਟਨਰਸ ਨੂੰ ਕਲੋਵਰਡੇਲ ਫੇਅਰਗ੍ਰਾਊਂਡਸ ‘ਤੇ ਮਿਕਸ-ਯੂਜ਼ ਇੰਟਰਟੇਨਮੈਂਟ ਡਿਸਟ੍ਰਿਕਟ ਦੀ ਯੋਜਨਾ ਬਣਾਉਣ ਅਤੇ ਸਿਟੀ ਸੈਂਟਰ ‘ਚ ਅਖਾੜਾ ਬਣਾਉਣ ਦੀ ਸੰਭਾਵਨਾ ਦੀ ਜਾਂਚ ਕਰਨ ਲਈ 9.24 ਲੱਖ ਡਾਲਰ ਦਾ ਠੀਕਾ ਦਿੱਤਾ ਸੀ। ਹਾਲ ਹੀ ਵਿੱਚ, ਤਿੰਨ ਵੱਖ-ਵੱਖ ਠੀਕਿਆਂ ਵਿੱਚੋਂ ਇੱਕ ਲਈ 2.71 ਲੱਖ ਡਾਲਰ ਦੀ ਰਕਮ ਦੇਣੀ ਬਾਕੀ ਹੈ। ਹੁਣ, ਇਹ ਵੇਖਣਾ ਦਿਲਚਸਪ ਹੋਵੇਗਾ ਕਿ ਹੂੰਡਨ ਕੰਪਨੀ ਨਾਲ ਸ਼ਹਿਰੀ ਠੀਕਾ ਜਾਰੀ ਰਹਿੰਦਾ ਹੈ ਜਾਂ ਰੱਦ ਕਰ ਦਿੱਤਾ ਜਾਂਦਾ ਹੈ। ਸਰੀ ਵਾਸੀਆਂ ਲਈ ਇਹ ਵਿਵਾਦ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ, ਅਤੇ ਅਗਾਮੀ ਫੈਡਰਲ ਚੋਣਾਂ ਤੋਂ ਪਹਿਲਾਂ, ਇਹ ਮੁੱਦਾ ਸ਼ਹਿਰੀ ਰਾਜਨੀਤੀ ਵਿੱਚ ਨਵੀਆਂ ਹਲਚਲਾਂ ਪੈਦਾ ਕਰ ਸਕਦਾ ਹੈ। This report was written by Simranjit Singh as part of the Local Journalism Initiative.


Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ ‘ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ ‘ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ ‘ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ‘ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170



Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।

Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਸਸਕੈਚਵਨ ਸੂਬੇ 'ਚ ਓਵਰਡੋਜ਼ ਨਸ਼ਿਆਂ ਦਾ ਕਹਿਣ ਵਧਣ ਲੱਗਾ

### ਮਾਰਚ ਮਹੀਨੇ ਹੋਈਆਂ ਓਵਰਡੋਜ਼ ਨਾਲ 9 ਮੌਤਾਂ, ਪਬਲਿਕ ਲਾਈਬ੍ਰੇਰੀਆਂ ਕੀਤੀਆਂ ਬੰਦ



**ਸਸਕੈਚਵਨ (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਸੂਬਾ ਜਿਥੇ ਓਵਰਡੋਜ਼ ਨਾਲ ਰੋਜ਼ਾਨਾ ਤਕਰੀਬਨ 6-7 ਮੌਤਾਂ ਹੋ ਰਹੀਆਂ ਹਨ ਹੁਣ ਅਜਿਹੀਆਂ ਹੀ ਦੁਖਦ ਘਟਨਾਵਾਂ ਸਸਕੈਚਵਨ ਸੂਬੇ 'ਚ ਵੀ ਵਾਪਰਨ ਲੱਗੀਆਂ ਹਨ। ਬੀਤੇ ਦਿਨੀਂ 'ਪ੍ਰੋਵਿੰਸ਼ੀਅਲ ਐਮਰਜੈਂਸੀ ਓਪਰੇਸ਼ਨ ਸੈਂਟਰ' ਨੇ ਦੱਸਿਆ ਕਿ ਹੁਣ ਤੱਕ ਮਾਰਚ ਮਹੀਨੇ 9 ਹੋਰ ਸ਼ੱਕੀ ਓਵਰਡੋਜ਼ ਮੌਤਾਂ ਹੋ ਚੁੱਕੀਆਂ ਹਨ।

'ਪ੍ਰੋਵਿੰਸ਼ੀਅਲ ਐਮਰਜੈਂਸੀ ਓਪਰੇਸ਼ਨ ਸੈਂਟਰ' ਅਤੇ ਸਸਕੈਚਵਨ ਕਰੋਨਰ ਸਰਵਿਸ ਮੁਤਾਬਕ, 1 ਜਨਵਰੀ ਤੋਂ 28 ਫਰਵਰੀ ਤੱਕ 49 ਲੋਕਾਂ ਦੀ ਓਵਰਡੋਜ਼ ਕਾਰਨ ਮੌਤ ਹੋ ਚੁੱਕੀ ਹੈ। ਮਾਰਚ ਮਹੀਨੇ ਵਿੱਚ ਹੋਈਆਂ ਮੌਤਾਂ ਨਾਲ, 2025 ਵਿੱਚ ਹੁਣ ਤੱਕ ਇਹ ਗਿਣਤੀ 58 ਹੋ ਗਈ ਹੈ। ਇਸ ਮਹੀਨੇ ਅਧਿਕਾਰੀਆਂ ਨੇ ਹੁਣ ਤੱਕ 435 ਓਵਰਡੋਜ਼ ਘਟਨਾਵਾਂ 'ਤੇ ਉਨ੍ਹਾਂ ਨੇ ਪ੍ਰਤਿਕਿਰਿਆ ਦਿੱਤੀ ਹੈ। ਪਿਛਲੇ ਚਾਰ ਹਫ਼ਤਿਆਂ ਦੌਰਾਨ ਸਸਕੈਚਵਨ ਨਸ਼ਿਆਂ ਦੀ ਮਹਾਂਮਾਰੀ ਦੀ ਲਪੇਟ 'ਚ ਆਇਆ ਹੋਇਆ ਹੈ। ਅਧਿਕਾਰੀਆਂ ਮੁਤਾਬਕ, "ਬਾਜ਼ਾਰ ਵਿੱਚ ਆਈ ਵੱਡੀ ਨਸ਼ਿਆਂ ਦੀ ਖੇਪ" ਕਾਰਨ ਮੌਤਾਂ 'ਚ ਵਾਧਾ ਹੋ ਰਿਹਾ ਹੈ। ਪਿਛਲੇ ਹਫ਼ਤੇ, ਪੀ.ਐਚ.ਆਰ. ਨੇ ਐਲਾਨ ਕੀਤਾ ਕਿ ਉਹ 31 ਮਾਰਚ ਤੱਕ ਆਪਣੇ ਕੰਮ ਨੂੰ ਬੰਦ ਕਰ ਰਹੇ ਹਨ, ਕਿਉਂਕਿ ਉਨ੍ਹਾਂ ਦੇ ਕਰਮਚਾਰੀਆਂ 'ਤੇ ਇਹ ਸੰਕਟ ਕਾਰਨ ਤਣਾਅ ਪੈਦਾ ਹੋ ਰਿਹਾ ਹੈ।

ਸੂਬਾ ਹੁਣ "ਟ੍ਰੀਟਮੈਂਟ-ਕੇਂਦ੍ਰਤ" ਨਸ਼ਾ ਨੀਤੀ ਉੱਤੇ ਕੰਮ ਕਰ ਰਿਹਾ ਹੈ।500 ਨਵੇਂ ਡੀਟੌਕਸ ਬੈੱਡ ਬਣਾਉਣ ਦੀ ਯੋਜਨਾ ਹੈ, ਜਿਨ੍ਹਾਂ ਵਿੱਚੋਂ 221 ਪਹਿਲਾਂ ਹੀ ਚਾਲੂ ਕਰ ਦਿੱਤੇ ਗਏ ਹਨ। ਪਿਛਲੇ ਸਾਲ, ਸੂਬਾ ਸਰਕਾਰ ਨੇ ਨੀਡਲਾਂ ਵੰਡਣ 'ਤੇ ਪਾਬੰਦੀ ਲਗਾ ਦਿੱਤੀ ਸੀ ਅਤੇ ਸਿਹਤ ਕਰਮਚਾਰੀ ਉਨ੍ਹਾਂ ਹੀ ਵਿਅਕਤੀਆਂ ਨੂੰ ਨੀਡਲਾਂ ਦੇ ਸਕਣਗੇ, ਜਿਹੜੇ ਉਨ੍ਹਾਂ ਨੂੰ ਵਾਪਸ ਕਰਦੇ ਹਨ। ਹਾਰਮ ਰੀਡਕਸ਼ਨ ਕਰਮਚਾਰੀ ਦਾਅਵਾ ਕਰਦੇ ਹਨ ਕਿ ਇਹ ਨੀਤੀ ਓਵਰਡੋਜ਼ ਅਤੇ ਵਾਇਰਸਾਂ ਦੇ ਫੈਲਾਅ ਨੂੰ ਹੋਰ ਵਧਾ ਸਕਦੀ ਹੈ।

ਨਸ਼ਾ ਉਪਭੋਗ ਅਤੇ ਸੁਰੱਖਿਆ ਚਿੰਤਾਵਾਂ ਦੇ ਕਾਰਨ, ਸਸਕੈਚਵਨ ਪਬਲਿਕ ਲਾਇਬ੍ਰੇਰੀ ਨੇ ਆਪਣੀਆਂ ਦੋ ਸ਼ਾਖਾਵਾਂ ਇੱਕ ਮਹੀਨੇ ਲਈ ਬੰਦ ਕਰ ਦਿੱਤੀਆਂ ਹਨ।

ਸਸਕੈਚਵਨ ਵਿੱਚ ਨਸ਼ਿਆਂ ਦੀ ਮਹਾਂਮਾਰੀ 'ਤੇ ਅਜੇ ਵੀ ਸੰਕਟ ਬਣਿਆ ਹੋਇਆ ਹੈ। ਹਾਲਾਤ ਬੇਹੱਦ ਨਾਜ਼ੁਕ ਹਨ, ਅਤੇ ਜਨਤਾ, ਸਮਾਜਿਕ ਕਰਮਚਾਰੀ, ਤੇ ਸਰਕਾਰ ਦੇ ਵਿਚਕਾਰ ਤਣਾਅ ਬਣਿਆ ਹੋਇਆ ਹੈ। This report was written by Simranjit Singh as part of the Local Journalism Initiative.

### ਕੈਨੇਡੀਅਨਜ਼ ਲਈ ਹੁਣ ਅਮਰੀਕਾ ਜਾਣਾ ਸੌਖਾ ਨਹੀਂ

# 30 ਦਿਨ ਤੋਂ ਵੱਧ ਅਮਰੀਕਾ ਰਹਿਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਨਵੀਆਂ ਪਾਬੰਦੀਆਂ

**ਸਰੀ, (ਸਿਮਰਨਜੀਤ ਸਿੰਘ):** ਅਮਰੀਕਾ ਜਾਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਗਲੋਬਲ ਅਫ਼ੈਅਰਜ਼ ਕੈਨੇਡਾ ਨੇ ਆਪਣੀ ਵੈੱਬਸਾਈਟ 'ਤੇ ਨਵੀਂ ਜਾਣਕਾਰੀ ਜਾਰੀ ਕੀਤੀ ਹੈ।

ਇਨ੍ਹਾਂ ਤਾਜ਼ਾ ਨਿਯਮਾਂ ਦੇ ਤਹਿਤ, ਕੈਨੇਡੀਅਨ ਜਾਂ ਹੋਰ ਵਿਦੇਸ਼ੀ ਨਾਗਰਿਕ, ਜੋ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ 'ਚ ਰਹਿਣਗੇ, ਉਨ੍ਹਾਂ ਨੂੰ ਅਮਰੀਕੀ ਸਰਕਾਰ ਕੋਲ ਰਜਿਸਟਰ ਕਰਨਾ ਪਵੇਗਾ।

ਗਲੋਬਲ ਅਫ਼ੈਅਰਜ਼ ਕੈਨੇਡਾ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵਿਅਕਤੀ ਇਸ ਨਵੇਂ ਰਜਿਸਟਰੇਸ਼ਨ ਨਿਯਮ ਦੀ ਪਾਲਣਾ ਨਹੀਂ ਕਰਦਾ, ਤਾਂ ਉਸ 'ਤੇ ਜੁਰਮਾਨਾ, ਸਜ਼ਾ ਜਾਂ ਹੋਰ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

ਕੈਨੇਡੀਅਨ ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਅਮਰੀਕਾ ਜਾਣ ਤੋਂ ਪਹਿਲਾਂ "ਯੂ.ਐਸ. ਸਿਟੀਜ਼ਨਸਪਿ ਐਂਡ ਇਮੀਗ੍ਰੇਸ਼ਨ ਸਰਵਿਸ" ਦੀ ਵੈੱਬਸਾਈਟ 'ਤੇ ਜਾ ਕੇ ਚੈੱਕ ਕਰਨ ਕਿ ਉਨ੍ਹਾਂ ਨੂੰ ਰਜਿਸਟਰ ਕਰਨਾ ਲਾਜ਼ਮੀ ਹੈ ਜਾਂ ਨਹੀਂ।

ਇਹ ਨਵੇਂ ਨਿਯਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 20 ਜਨਵਰੀ ਨੂੰ ਜਾਰੀ ਕੀਤੀ ਗਈ ਐਕਜ਼ੈਕਟਿਵ ਆਰਡਰ "Protecting the American People Against Invasion" ਦਾ ਨਤੀਜਾ ਹਨ।

ਇਸ ਦੇ ਤਹਿਤ 14 ਸਾਲ ਦੀ ਉਮਰ ਤੋਂ ਵੱਧ ਦੇ ਵਿਦੇਸ਼ੀ ਨਾਗਰਿਕ, ਜੋ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿੱਚ ਰਹਿਣਗੇ, ਉਨ੍ਹਾਂ ਨੂੰ "ਰਜਿਸਟਰੇਸ਼ਨ ਅਤੇ ਫਿੰਗਰਪ੍ਰਿੰਟਿੰਗ" ਲਈ ਅਰਜ਼ੀ ਦੇਣੀ ਪਵੇਗੀ।

ਇਹ ਨਵਾਂ ਨਿਯਮ ਕੈਨੇਡੀਅਨ ਯਾਤਰੀਆਂ ਲਈ ਇੱਕ ਨਵੀਂ ਚੁਣੌਤੀ ਬਣ ਗਿਆ ਹੈ, ਖ਼ਾਸ ਤੌਰ 'ਤੇ ਉਹਨਾਂ ਲਈ, ਜੋ ਲੰਬੇ ਸਮੇਂ ਲਈ ਅਮਰੀਕਾ ਵਿੱਚ ਰਹਿੰਦੇ ਹਨ, ਜਿਵੇਂ ਕਿ ਵਿਦਿਆਰਥੀ, ਜੋ ਕਾਲਜ, ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਹਨ। ਕੰਮਕਾਜੀ ਲੋਕ, ਜੋ ਅਮਰੀਕਾ ਵਿੱਚ ਲੰਬੇ ਸਮੇਂ ਲਈ ਨੌਕਰੀ ਕਰ ਰਹੇ ਹਨ। ਉਹ ਵਿਅਕਤੀ, ਜੋ ਆਪਣੇ ਪਰਿਵਾਰਕ ਮੈਂਬਰਾਂ ਦੇ ਕੋਲ ਵਧੇਰੇ ਸਮੇਂ ਲਈ ਰਹਿਣ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਯੂਕੋਨ ਦੀ ਕੈਨੇਡੀਅਨ ਮਹਿਲਾ ਨੂੰ ਮੈਕਸੀਕੋ-ਅਮਰੀਕਾ ਸਰਹੱਦ 'ਤੇ 2 ਹਫ਼ਤੇ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਸੀ।

ਕਿਉਂਕਿ ਉਹ ਟੀਹੁਆਨਾ ਬਾਰਡਰ ਤੋਂ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ। ਉਸ ਨੂੰ "ਯੂ.ਐਸ. ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ" ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ।14 ਮਾਰਚ ਨੂੰ ਉਸਨੂੰ ਰਿਹਾਅ ਕਰਕੇ ਕੈਨੇਡਾ ਵਾਪਸ ਭੇਜ ਦਿੱਤਾ ਗਿਆ। This report was written by Simranjit Singh as part of the Local Journalism Initiative.

# ਸਰੀ 'ਚ ਜਲਦ ਖੁੱਲ੍ਹੇਗਾ ਆਦਿਵਾਸੀ ਔਰਤਾਂ ਲਈ ਖਾਸ ਸੰਭਾਲ ਕੇਂਦਰ

ਸਰੀ, (ਸਿਮਰਨਜੀਤ ਸਿੰਘ): ਆਦਿਵਾਸੀ ਮਹਿਲਾਵਾਂ ਲਈ ਇੱਕ ਨਵਾਂ ਕੌਂਪਲੈਕਸ-ਕੇਅਰ ਹੋਮ (Complex Care Home) ਜਲਦੀ ਹੀ ਸਰੀ 'ਚ ਖੁੱਲ੍ਹਣ ਜਾ ਰਿਹਾ ਹੈ, ਜੋ ਕਿ ਉਨ੍ਹਾਂ ਨੂੰ ਸੱਭਿਆਚਾਰਕ ਤਰੀਕੇ ਨਾਲ ਅਤੇ ਸੰਭਾਲ ਪ੍ਰਦਾਨ ਕਰੇਗਾ। ਇਹ ਕੇਂਦਰ ਆਦਿਵਾਸੀ ਲੋਕਾਂ ਦੀ ਅਗਵਾਈ 'ਚ ਹੀ ਚਲਾਇਆ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨੇ ਸਰੀ 'ਚ ਐਲਾਨ ਕੀਤਾ ਕਿ ਇਹ ਕੇਂਦਰ ਅਪ੍ਰੈਲ 'ਚ 10 ਆਦਿਵਾਸੀ ਮਹਿਲਾਵਾਂ ਲਈ ਅਧਿਕਾਰਕ ਤੌਰ 'ਤੇ ਖੁੱਲ੍ਹੇਗਾ। ਓਸਬੋਰਨ ਨੇ ਦੱਸਿਆ ਕਿ ਇਹ ਕੇਂਦਰ ਆਦਿਵਾਸੀ ਮਹਿਲਾਵਾਂ ਲਈ ਖਾਸ ਤਰੀਕੇ ਨਾਲ ਬਣਾਇਆ ਗਿਆ ਹੈ, ਜੋ ਕਿ ਗੰਭੀਰ ਮਾਨਸਿਕ ਸਿਹਤ ਸਮੱਸਿਆਵਾਂ, ਨਸ਼ਿਆਂ ਅਤੇ ਦਿਮਾਗੀ ਬਿਮਾਰੀਆਂ ਨਾਲ ਜੂਝ ਰਹੀਆਂ ਹਨ। 2020 'ਚ ਕੀਤੀ ਗਈ ਗਿਣਤੀ ਵਿੱਚ ਇਹ ਸਾਹਮਣੇ ਆਇਆ ਕਿ ਸਰੀ 'ਚ ਬੇਘਰ ਹੋ ਰਹੇ ਆਦਿਵਾਸੀ ਲੋਕ, ਗੈਰ-ਆਦਿਵਾਸੀ ਲੋਕਾਂ ਦੇ ਮੁਕਾਬਲੇ, ਨਸ਼ੇ ਦੀ ਲਤ, ਮਾਨਸਿਕ ਬਿਮਾਰੀਆਂ, ਜਾਂ ਸਿੱਖਣ ਸੰਬੰਧੀ ਸਮੱਸਿਆਵਾਂ ਨਾਲ ਵਧੇਰੇ ਪ੍ਰਭਾਵਿਤ ਹਨ। 2020 ਤੋਂ 2023 ਤੱਕ, ਸਰੀ 'ਚ ਬੇਘਰ ਹੋਣ ਵਾਲੇ ਲੋਕਾਂ ਦੀ ਗਿਣਤੀ 'ਚ 65% ਦਾ ਵਾਧਾ ਹੋਇਆ। ਉਨ੍ਹਾਂ ਨੇ ਦੱਸਿਆ




ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਫਸਟ ਨੇਸ਼ਨ (First Nations) ਲੋਕਾਂ ਦੀ ਨਸ਼ਿਆਂ ਕਾਰਨ ਮੌਤ ਦੀ ਦਰ ਗੈਰ-ਆਦਿਵਾਸੀ ਲੋਕਾਂ ਨਾਲੋਂ ਛੇ ਗੁਣਾ ਵੱਧ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ "ਪ੍ਰੋਵਿੰਸ, ਆਦਿਵਾਸੀ ਹਾਊਸਿੰਗ ਮੈਨੇਜਮੈਂਟ ਐਸੋਸੀਏਸ਼ਨ (AHMA) ਅਤੇ ਫਰੇਜ਼ਰ ਰੀਜਨ ਆਦਿਵਾਸੀ ਮਿੱਤਰਤਾ ਕੇਂਦਰ ਐਸੋਸੀਏਸ਼ਨ (FRAFCA)" ਦੇ ਸਹਿਯੋਗ ਨਾਲ ਚਲਾਇਆ ਜਾਵੇਗਾ। This report was written by Simranjit Singh as part of the Local Journalism Initiative.

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

SHINE PRO CLEANING

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

GURTAJ SAMRA
PERSONAL REAL ESTATE CORPORATION



ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?

ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

RESIDENTIAL, COMMERCIAL SALES & LEASING

GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

SINCE : 2007

ਕੈਨੇਡੀਅਨ ਪੰਜਾਬ ਟਾਈਮਜ਼

**Canadian Punjab Times**

Funded by the Government of Canada | Financé par le gouvernement du Canada | Canada

- **Brar Bhagta Bhai Ka**
  604-751-1113
- **Karamjit Singh Buttar**
  Journalist
- **Simranjit Singh**
  Journalist
- **Dr. Puran Singh**
  Writer
- **Gora Sandhu Khurd**
  News Reporter (Punjab)
- **Paramjit Singh**
  Graphic Designer



Contact for Advertisement

**604-338-7310**



**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**



**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**



**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ 'ਤੇ ਸਿਰਫ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**


# ਨੌਜਵਾਨਾਂ 'ਚ ਪਰਵਾਸ ਦਾ ਰੁਝਾਨ

**ਲੇਖਕ : ਦਵਿੰਦਰ ਕੌਰ ਖੁਸ਼ ਧਾਲੀਵਾਲ**

ਨੌਜਵਾਨਾਂ ਵਿੱਚ ਪਰਵਾਸ ਦਾ ਰੁਝਾਨ ਵਧ ਰਿਹਾ ਹੈ। ਬਹੁਤੇ ਲੋਕ ਭਾਰਤ ਵਿੱਚ ਸਿੱਖਿਆ ਪ੍ਰਣਾਲੀ ਦੇ ਨਿਘਾਰ, ਘਟਦੇ ਰੁਜ਼ਗਾਰ ਦੇ ਮੌਕੇ, ਬੱਚਿਆਂ ਦੇ ਭਾਰਤ ਵਿੱਚ ਅਸੁਰੱਖਿਅਤ ਭਵਿੱਖ ਕਾਰਨ ਬਾਹਰਲੇ ਮੁਲਕਾਂ ਵਿੱਚ ਜਾਣ ਨੂੰ ਮਜਬੂਰ ਹਨ। ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਦੇ ਵਿਦਿਆਰਥੀਆਂ ਵਿੱਚ ਬਾਹਰ ਜਾਣ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ 'ਚ ਪਿਛਲੇ ਸਮੇਂ ਤੋਂ ਵਿਦੇਸ਼ਾਂ 'ਚ ਜਾਣ ਦਾ ਰੁਝਾਨ ਵਧਿਆ ਹੈ, ਇਸ ਦਾ ਕਾਰਨ ਸਪੱਸ਼ਟ ਤੌਰ 'ਤੇ ਜੱਗ ਜ਼ਾਹਿਰ ਹੈ ਕਿ ਅੱਜ ਪੰਜਾਬ ਸਰਕਾਰ ਕੋਲ ਨੌਜਵਾਨਾਂ ਲਈ ਭਾਂਡੇ ਖਾਲੀ ਹਨ। ਬੇਰੁਜ਼ਗਾਰੀ ਦਾ ਆਲਮ ਇਸ ਤਰ੍ਹਾਂ ਹੈ ਕਿ 'ਪੇਂਡੂ ਤੇ ਸਨਅਤੀ ਵਿਕਾਸ ਸਰਵੇਖਣ' ਦੀ ਇੱਕ ਰਿਪੋਰਟ ਮੁਤਾਬਕ ਪੰਜਾਬ ਦੀ 2 ਕਰੋੜ, 77 ਲੱਖ ਅਬਾਦੀ 'ਚੋਂ 22.22 ਲੱਖ ਨੌਜਵਾਨ ਬੇਰੁਜ਼ਗਾਰ ਨੇ, 15.55 ਲੱਖ ਨੌਕਰੀ ਦੀ ਭਾਲ 'ਚ ਨੇ ਤੇ 14.46 ਲੱਖ ਉਹ ਹਨ ਜਿਨ੍ਹਾਂ ਨੂੰ 3-6 ਮਹੀਨੇ ਹੀ ਕੰਮ ਮਿਲਦਾ ਹੈ। ਪੰਜਾਬ 'ਚ ਅੱਜ ਪੜ੍ਹੇ ਲਿਖੇ ਨੌਜਵਾਨਾਂ ਨੂੰ ਵੀ ਆਪਣਾ ਭਵਿੱਖ ਧੁੰਦਲਾ ਹੀ ਨਜ਼ਰ ਆ ਰਿਹਾ ਹੈ। ਪੰਜਾਬ 'ਚ ਬਾਦਲ ਸਰਕਾਰ ਦੇ ਬਦਲ 'ਚ ਆਈ ਕੈਪਟਨ ਸਰਕਾਰ ਤੇ ਫਿਰ 'ਆਪ' ਦੀ ਸਰਕਾਰ ਨੇ ਵੀ ਲੋਕਾਂ ਨੂੰ ਘਰ-ਘਰ ਨੌਕਰੀ ਦੇ ਝੱਸ ਲਾਰਿਆਂ ਨਾਲ ਹੀ ਟਰਕਾ ਦਿੱਤਾ। ਇੱਥੋਂ ਦੀਆਂ ਮਾੜੀਆਂ ਜੀਵਨ ਹਾਲਤਾਂ ਨੌਜਵਾਨਾਂ ਨੂੰ ਵਿਦੇਸ਼ ਦੇ ਸੁਫਨੇ ਵੱਲ ਲੈ ਕੇ ਜਾਂਦੀਆਂ ਹਨ। ਪੰਜਾਬ ਦੇ ਮੁਕਾਬਲਤਨ ਵਿਦੇਸ਼ਾਂ 'ਚ ਜ਼ਿਆਦਾ ਬਿਹਤਰ ਜੀਵਨ ਹਾਲਤਾਂ ਦੀ ਖਿੱਚ ਸਦਕਾ ਨੌਜਵਾਨਾਂ ਨੂੰ ਆਪਣਾ ਭਵਿੱਖ ਕੁੱਝ ਰੁਸ਼ਨਾਉਂਦਾ ਨਜ਼ਰ ਆਉਂਦਾ ਹੈ। ਨੌਜਵਾਨ ਨੂੰ ਸੁਫਨਿਆਂ ਦੀ ਉਡਾਰੀ ਦੀ ਕਾਹਲ 'ਚ ਚੰਗੇ ਭਵਿੱਖ ਲਈ ਕਈ ਤਰ੍ਹਾਂ ਦੀ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ ਹਨ। ਲੋਕਾਂ ਦੀ ਮਜਬੂਰੀ ਦਾ ਫਾਇਦਾ ਚੁੱਕਦੇ ਹੋਏ ਪੰਜਾਬ 'ਚ ਟਰੈਵਲ ਏਜੰਟਾਂ ਦਾ ਗੈਰਕਨੂੰਨੀ ਢੰਗ ਨਾਲ ਵਿਦੇਸ਼ਾਂ 'ਚ ਭੇਜਣ ਦਾ ਕਾਰੋਬਾਰ ਵੀ ਚੱਲਦਾ ਹੈ। ਲੋਕ ਜ਼ਮੀਨ ਵੇਚਕੇ, ਉਧਾਰ ਜਾਂ ਵਿਆਜ 'ਤੇ ਪੈਸੇ ਫੜ੍ਹਕੇ, ਘਰ-ਬਾਰ, ਗਹਿਣਾ-ਗੱਟਾ ਵੇਚਕੇ ਵਿਦੇਸ਼ ਜਾਣ ਦਾ ਹੀਲਾ ਕਰਦੇ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨਾਲ ਠੱਗੀ ਵੱਜਦੀ ਹੈ, ਜਿਹੜੇ ਘਰੋਂ ਤੁਰ ਪੈਂਦੇ ਹਨ ਉਹ ਰਸਤੇ ਵਿੱਚ ਚੋਰ ਮੋਰੀਆਂ ਲੰਘਦੇ ਠੰਢ ਨਾਲ, ਭੁੱਖੇ ਤਿਹਾਏ ਜਾਂ ਬਿਮਾਰ ਹੋ ਕੇ ਮੌਤ ਨੂੰ ਵੀ ਗਲ਼ ਲਾਉਂਦੇ ਨੇ ਜਾਂ ਫਿਰ ਸਮੁੰਦਰਾਂ 'ਚ ਡੋਬਕੇ ਮਾਰ ਦਿੱਤੇ ਜਾਂਦੇ ਹਨ। ਕਈਆਂ ਨੂੰ ਏਜੰਟਾਂ ਵੱਲੋਂ ਭਾਰਤ 'ਚ ਹੀ ਮਾਰ ਕੇ ਜਾਂ ਅਗਵਾ ਕਰਕੇ ਰੋਲ ਦਿੱਤਾ ਜਾਂਦਾ ਹੈ। ਜਿਹੜੇ ਕਿਸੇ ਮੁਲਕ ਵਿੱਚ ਚੋਰੀ ਛਿਪੇ ਪਹੁੰਚ ਵੀ ਜਾਂਦੇ ਹਨ, ਉਹਨਾਂ 'ਚੋਂ ਵੀ ਬਹੁਤਿਆਂ ਨੂੰ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨਾ ਪੈਂਦਾ ਹੈ, ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਬੰਧੂਆ ਮਜ਼ਦੂਰ ਬਣਾ ਲਿਆ ਜਾਂਦਾ ਹੈ ਜਾਂ ਫਿਰ ਫੜ੍ਹੇ ਜਾਣ 'ਤੇ ਜੇਲ੍ਹਾਂ ਵਿੱਚ ਰੁਲਣਾ ਪੈਂਦਾ ਹੈ। ਇਸ ਸਬੰਧੀ "ਯੂਨਾਈਟਿਡ ਨੇਸ਼ਨਜ਼ ਆਫ ਡਰੱਗਜ਼ ਐਂਡ ਕਰਾਈਮ" ਵੱਲੋਂ ਹਾਲ ਹੀ ਵਿੱਚ ਜਾਰੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਹਰ ਸਾਲ 50 ਹਜ਼ਾਰ ਪੰਜਾਬੀ ਗੈਰ-ਕਨੂੰਨੀ ਢੰਗ ਨਾਲ ਵਿਦੇਸ਼ਾਂ ਵਿੱਚ ਜਾਂਦੇ ਹਨ ਅਤੇ ਇਸ ਵੇਲੇ ਇੱਕ ਲੱਖ ਪੰਜਾਬੀ ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਰਿਪੋਰਟ ਅਨੁਸਾਰ ਇਨ੍ਹਾਂ ਨੌਜਵਾਨਾਂ ਤੋਂ ਠੱਗ ਏਜੰਟਾਂ ਨੇ ਖੂਨ ਪਸੀਨੇ ਦੀ ਕਮਾਈ ਦਾ 2,000 ਕਰੋੜ ਰੁਪਿਆ ਡਕਾਰ ਲਿਆ ਹੈ ਅਤੇ 50 ਹਜ਼ਾਰ ਪਰਿਵਾਰ ਇਸ ਲੁੱਟ ਕਾਰਨ ਅੱਜ ਨਰਕ ਦੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਇਕ ਸਰਵੇਖਣ ਮੁਤਾਬਕ ਜਨਵਰੀ 2016 ਤੋਂ ਜੂਨ 2023 ਤੱਕ ਇਕ ਲੱਖ ਲੋਕਾਂ ਤੋਂ 22 ਹਜ਼ਾਰ, 870 ਕਰੋੜ ਰੁਪਏ ਠੱਗੇ ਜਾ ਚੁਕੇ ਹਨ। ਇਸ ਮੁਤਾਬਕ ਹਰ ਵਿਅਕਤੀ ਤੋਂ ਔਸਤਨ 19 ਲੱਖ ਰੁਪਏ ਠੱਗੇ ਜਾਂਦੇ ਨੇ ਤੇ ਹੋਰ ਛੋਟੇ-ਛੋਟੇ ਮਾਮਲੇ ਤਾਂ ਦਰਜ ਹੀ ਨਹੀਂ ਹੁੰਦੇ। ਸਰਵੇਖਣ 'ਚ 100 ਤੋਂ ਵੱਧ ਪੀੜਤ ਪਰਿਵਾਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਦਾ ਕਹਿਣਾ ਸੀ ਕਿ ਪੁਲੀਸ ਤੋਂ ਸਾਨੂੰ ਕੁੱਝ ਖਾਸ ਉਮੀਦ ਨਹੀਂ ਹੁੰਦੀ। ਜ਼ਿਆਦਾਤਰ ਮਾਮਲਿਆ 'ਚ ਪੁਲੀਸ ਇਹਨਾਂ ਟਰੈਵਲ ਏਜੰਟਾਂ ਤੋਂ ਕਮਿਸ਼ਨ ਖਾਂਦੀ ਹੈ ਜਿਸ ਕਰਕੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ। 150 ਤੋਂ ਵੱਧ ਟਰੈਵਲ ਏਜੰਸੀਆਂ ਚੱਲ ਰਹੀਆਂ ਹਨ ਜਿਹੜੀਆਂ ਫਰਜ਼ੀ ਨੇ ਤੇ ਸਰਕਾਰ ਵੱਲੋਂ ਉਹਨਾਂ ਵਿਰੁੱਧ ਕੋਈ ਸਖਤ ਕਾਰਵਾਈ ਨਹੀਂ ਹੁੰਦੀ। ਤੁਸੀਂ ਇਸ ਸਰਵੇਖਣ ਤੋਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਡੀਆਂ ਸਰਕਾਰਾਂ ਦਾ ਰੌਂਅ ਲੋਕਾਂ ਵੱਲ ਕਿਹੋ ਜਿਹਾ ਹੈ ਇੱਕ ਤਾਂ ਸਰਕਾਰ ਸਾਡੇ ਨੌਜਵਾਨਾਂ ਦੇ ਭਵਿੱਖ ਲਈ ਕੋਈ ਜ਼ਿੰਮੇਵਾਰੀ ਨਹੀਂ ਚੁਕਦੀ ਤੇ ਦੂਸਰਾ ਆਪਣਾ ਭਵਿੱਖ ਸੰਵਾਰਨ ਲਈ ਮਜਬੂਰ ਹੋਏ ਪਰਿਵਾਰਾਂ ਨੂੰ ਪਰਵਾਸ ਦੇ ਨਾਂ 'ਤੇ ਠੱਗਣ ਵਾਲਿਆ ਵੱਲ ਕਿੰਨੇ ਕੁ ਸਖਤ ਕਦਮ ਚੁੱਕਦੀ ਹੈ। ਇਹ ਖੁੱਲ੍ਹੇਆਮ ਲੋਕਾਂ ਤੋਂ ਪੈਸਾ ਠੱਗ ਰਹੇ ਹਨ ਤੇ ਇਹਨਾਂ ਠੱਗਣ ਵਾਲਿਆਂ ਦੀ ਗਿਣਤੀ ਸਰਕਾਰ ਦੀ ਮਿਹਰਬਾਨੀ ਨਾਲ ਲਗਾਤਾਰ ਵਧ ਰਹੀ ਹੈ। ਬੇਰੁਜ਼ਗਾਰੀ ਨੇ ਸਭ ਤੋਂ ਵੱਧ ਬੱਚਿਆਂ ਨੂੰ ਦੇਸ਼ ਵਿਚੋਂ ਜਾਣ ਲਈ ਮਜਬੂਰ ਕੀਤਾ ਹੈ, ਨਸ਼ਿਆਂ ਦਾ ਰੁਝਾਨ, ਮਾਪਿਆਂ ਦਾ ਆਪਣੀ ਔਲਾਦ ਨੂੰ ਇੰਨਾ ਅਲਾਮਤਾਂ ਤੋਂ ਬਚਾਉਣਾ ਵੀ ਮੁੱਖ ਕਾਰਨ ਹੋ ਸਕਦਾ ਹੈ ਪਰ ਪਰਵਾਸ ਦੇ ਰੁਝਾਨ ਨੇ ਪੰਜਾਬ ਦੀ ਜੁਆਨੀ ਨੂੰ ਉਨ੍ਹਾਂ ਔਝੜੇ ਰਾਹਾਂ 'ਤੇ ਪਾ ਦਿਤਾ ਹੈ। ਉਹਨਾਂ ਨੂੰ ਆਪਣਾ ਭਵਿੱਖ ਨਹੀਂ ਪਤਾ ਅੱਗੇ ਕੀ ਹੈ। ਮਾਪਿਆਂ ਦਾ ਇਕੱਲਾਪਨ ਬਿਰਧ ਆਸ਼ਰਮ ਵਿੱਚ ਰੁਲ ਰਿਹਾ ਹੈ। ਪੰਜਾਬ ਨੂੰ ਪਰਵਾਸ ਨੇ ਖਾਲੀ ਕਰ ਦਿੱਤਾ ਹੈ। ਜੇ ਕਿਸੇ ਨੂੰ ਪਰਵਾਸ ਨਾਲ ਫਾਇਦਾ ਹੋਇਆ ਹੈ ਤਾਂ ਉਹ ਸਰਕਾਰ ਤੇ ਏਜੰਟਾਂ ਨੂੰ ਜਿੰਨਾ ਦੀ ਪਰਵਾਸ ਕਰਕੇ ਚਾਂਦੀ ਹੋਈ ਹੈ। ਸਰਕਾਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਥਾਂ ਆਈਲੈਟਸ ਸੈਂਟਰ ਧੜਾਧੜ ਖੋਲ੍ਹ ਦਿੱਤੇ ਹਨ। ਪਰਵਾਸ ਦੇ ਰੁਝਾਨ ਦਾ ਖਮਿਆਜਾ ਸਭ ਤੋਂ ਵੱਧ ਖੁੱਲੇ ਕੁਝ ਸਿੱਖਿਆ ਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ। ਸਭ ਤੋਂ ਵੱਧ ਲੋਕ ਡੌਂਕੀ ਲੈ ਕੇ ਦੋ ਨੰਬਰ ਵਿੱਚ ਜਾ ਰਹੇ ਹਨ। ਜਿਨਾਂ ਦੇ ਸਾਹਮਣੇ ਮੌਤ ਹੈ , ਪਰਵਾਸ ਦੇ ਬਾਵਜੂਦ ਨੌਜਵਾਨਾਂ ਦਾ ਭਵਿੱਖ ਖਾਲੀ ਹੈ। ਉਚੇਰੀ ਸਿੱਖਿਆ ਲਈ ਵਿਦੇਸ਼ ਜਾਣਾ ਮਾੜੀ ਗੱਲ ਨਹੀਂ ਪਰ ਆਈਲੈਟਸ ਦੇ ਨਾਂ ਉੱਤੇ ਵਿਦੇਸ਼ਾਂ ਵਿਚ ਜਾ ਕੇ ਹੀਲੇ-ਵਸੀਲੇ ਉਥੇ ਹੀ ਟਿਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੀ ਜੁਆਨੀ ਦੇ ਹਰ ਸਾਲ ਲੱਖਾਂ ਦੀ ਤਦਾਦ 'ਚ ਪੰਜਾਬ ਛੱਡਣ ਦੇ ਨਾਲ ਅਰਬਾਂ ਰੁਪਿਆ ਵੀ ਹਰ ਸਾਲ ਪੰਜਾਬ ਤੋਂ ਬਾਹਰ ਵਿਦੇਸ਼ੀ ਯੂਨੀਵਰਸਿਟੀਆਂ ਕਾਲਜਾਂ ਨੂੰ ਫੀਸ ਦੇ ਰੂਪ ਵਿੱਚ ਜਾ ਰਿਹਾ ਹੈ।

# ਨੌਜਵਾਨਾਂ ਦੇ ਸੁਪਨਿਆਂ ਦੀ ਧਰਤੀ ਕੈਨੇਡਾ

**ਲੇਖਕ : ਡਾ. ਸੰਦੀਪ ਘੰਡ**
**ਸੰਪਰਕ : 91 - 94782 -31000**

"ਪਾਪਾ ਇਹ ਤੁਹਾਡਾ ਮਕਾਨ ਹੈ, ਤੁਹਾਨੂੰ ਜਿਵੇਂ ਠੀਕ ਲਗਦਾ ਹੈ, ਤੁਸੀਂ ਇਸ ਵਿੱਚ ਤਬਦੀਲੀ ਕਰ ਲਵੋ; ਜਦੋਂ ਮੈਂ ਆਪਣਾ ਮਕਾਨ ਬਣਾਵਾਂਗਾ ਤਾਂ ਉਹ ਮੈਂ ਆਪਣੀ ਪਸੰਦ ਅਨੁਸਾਰ ਬਣਾ ਲਵਾਂਗਾ।" ਇਹ ਗੱਲ ਜਦੋਂ ਅਸੀਂ ਭਾਰਤੀ ਸੰਸਕ੍ਰਿਤੀ ਵਿੱਚ ਕਰਦੇ ਹਾਂ ਤਾਂ ਕਿੰਨਾ ਅਜੀਬ ਲਗਦਾ ਹੈ। ਪਰ ਕੈਨੇਡਾ ਜੋ ਹੁਣ ਪੰਜਾਬੀਆਂ ਲਈ ਦੂਜਾ ਘਰ ਬਣ ਗਿਆ ਹੈ ਤਾਂ ਉੱਥੋਂ ਦੇ ਨੌਜਵਾਨ ਆਪਣੇ ਮਾਪਿਆਂ ਨੂੰ ਇੰਝ ਹੀ ਕਹਿੰਦੇ ਹਨ। ਕੈਨੇਡਾ ਵਿੱਚ ਜਨਮ ਲੈਣ ਵਾਲੇ ਭਾਰਤੀ ਬੱਚਿਆਂ ਉੱਤੇ ਵੀ ਦਿਨੋਂ ਦਿਨ ਇਹ ਪ੍ਰਭਾਵ ਪੈ ਰਿਹਾ ਹੈ। 18 ਸਾਲ ਦੀ ਉਮਰ ਪੂਰੀ ਹੋਣ 'ਤੇ ਬੱਚੇ ਮਾਪਿਆਂ ਤੋਂ ਅਲੱਗ ਰਹਿਣ ਲੱਗ ਜਾਂਦੇ ਹਨ, ਆਪਣਾ ਕੰਮ ਕਰਦੇ ਹਨ, ਪੜ੍ਹਾਈ ਕਰਦੇ ਹਨ ਅਤੇ ਆਪਣਾ ਮਕਾਨ ਬਣਾਉਂਦੇ ਹਨ। ਇਹ ਗੱਲ ਦੇਖਣ ਸੁਣਨ ਨੂੰ ਬੇਸ਼ੱਕ ਅਜੀਬ ਲਗਦੀ ਹੈ ਪਰ ਬੱਚਿਆਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਇਹ ਇੱਕ ਚੰਗੀ ਪਿਰਤ ਹੈ। ਭਾਰਤ ਵਿੱਚ ਤਾਂ ਮਾਂ-ਬਾਪ ਆਪਣੀਆਂ ਸੱਤ ਪੁਸ਼ਤਾਂ ਲਈ ਕਮਾਈ ਕਰਕੇ ਦੇ ਕੇ ਜਾਂਦੇ ਹਨ, ਭਾਵੇਂ ਇਸ ਲਈ ਉਹਨਾਂ ਨੂੰ ਕੋਈ ਵੀ ਗਲਤ ਤਰੀਕਾ ਅਪਣਾਉਣਾ ਪਵੇ। ਬਹੁਤ ਵਾਰ ਬੱਚੇ ਮਾਂ-ਬਾਪ ਦੀ ਗਲਤ ਢੰਗ ਨਾਲ ਕੀਤੀ ਕਮਾਈ ਕਾਰਣ ਗਲਤ ਆਦਤਾਂ ਸਹੇੜ ਲੈਂਦੇ ਹਨ। ਆਮ ਕਿਹਾ ਜਾਂਦਾ ਕਿ ਕੈਨੇਡਾ ਵਿੱਚ ਬੱਚੇ ਮਾਪਿਆਂ ਨੂੰ ਨਹੀਂ ਪੁੱਛਦੇ ਜਾਂ ਸਤਿਕਾਰ ਨਹੀਂ ਕਰਦੇ, ਇਹ ਵੀ ਪੂਰੀ ਤਰ੍ਹਾਂ ਠੀਕ ਨਹੀਂ। ਭਾਰਤ ਵਾਂਗ ਜਿਹੜੇ ਬੱਚਿਆਂ ਨੂੰ ਮਾਂ-ਬਾਪ ਚੰਗੇ ਸੰਸਕਾਰ ਦਿੰਦੇ ਹਨ, ਉਹ ਮਾਪਿਆਂ ਕੋਲ ਆਉਂਦੇ ਵੀ ਰਹਿੰਦੇ ਅਤੇ ਖੁਸ਼ੀ ਗਮੀ 'ਤੇ ਇਕੱਠੇ ਵੀ ਹੁੰਦੇ ਹਨ।

ਪਿਛਲੇ ਦਿਨੀਂ ਮੇਰਾ ਕੈਨੇਡਾ, ਜੋ ਕਿ ਹੁਣ ਦੂਸਰਾ ਪੰਜਾਬ ਬਣ ਚੁੱਕਾ ਹੈ, ਦੂਜੀ ਵਾਰ ਜਾਣ ਦਾ ਸਬੱਬ ਬਣਿਆ। ਪਹਿਲੀ ਵਾਰ ਮੈਂ ਕੇਵਲ 15-20 ਦਿਨਾਂ ਲਈ ਹੀ ਕੈਨੇਡਾ ਗਿਆ ਸੀ ਪਰ ਇਸ ਵਾਰ ਮੇਰੀ ਯਾਤਰਾ ਪਹਿਲੀ ਯਾਤਰਾ ਨਾਲੋਂ ਤਿੰਨ ਗੁਣਾ ਸਮੇਂ ਦੀ, ਯਾਨੀ ਕਿ 45 ਦਿਨਾਂ ਦੀ ਸੀ। ਇਸੇ ਕਾਰਣ ਇਸ ਵਾਰ ਬਹੁਤ ਕੁਝ ਦੇਖਣ ਅਤੇ ਜਾਣਨ ਦਾ ਮੌਕਾ ਮਿਲਿਆ। ਦੋਨੋਂ ਬੇਟੇ ਸਿਮਰਨ ਮੌਂਟਰੀਅਲ ਅਤੇ ਹਰਮਨ ਕਿੰਗਸਟਨ, ਦੋ ਵੱਖ ਵੱਖ ਸ਼ਹਿਰਾਂ ਵਿੱਚ ਰਹਿੰਦੇ ਹਨ। ਰਿਸ਼ਤੇਦਾਰਾਂ ਦੀ ਗਿਣਤੀ ਵਿੱਚ ਵਾਧਾ ਅਤੇ ਬੇਟੀ (ਮੇਰੀ ਸਵਰਗਵਾਸੀ ਸਾਲੀ ਦੀ ਲੜਕੀ ਦੀਪੀ) ਦੀ ਮੈਰਿਜ, ਉਹ ਵੀ ਇੱਕ ਅਲੱਗ ਸ਼ਹਿਰ ਵਿੱਚ, ਇਸ ਕਾਰਣ ਅਲੱਗ ਅਲੱਗ ਸਥਾਨ ਦੇਖਣ ਦਾ ਮੌਕਾ ਮਿਲ ਗਿਆ। ਅਸਲ ਵਿੱਚ ਸਾਡੇ ਜਾਣ ਦਾ ਮੁੱਖ ਕਾਰਣ ਦੀਪੀ ਦਾ ਵਿਆਹ ਹੀ ਸੀ। ਦੀਪੀ ਦੇ ਪਾਪਾ (ਡਾ. ਨਰੋਤਮ ਕੌਛੜ) ਅਤੇ ਭਰਾ (ਕੋਮਲ) ਨੂੰ ਵੀਜ਼ਾ ਨਾ ਮਿਲਿਆ ਅਤੇ ਉਸ ਦੀ ਮੰਮਾ ਦੀਪੀ ਦੇ ਕੈਨੇਡਾ ਜਾਣ ਤੋਂ ਕੁਝ ਸਮੇਂ ਬਾਅਦ ਹੀ ਨਾਮੁਰਾਦ ਬਿਮਾਰੀ ਕਾਰਣ ਸਾਨੂੰ ਛੱਡ ਗਈ ਸੀ। ਇਸ ਲਈ ਉਸ ਦੇ ਮਾਂ-ਬਾਪ ਵਜੋਂ ਜਾਣਾ ਸਾਡਾ ਫਰਜ਼ ਵੀ ਸੀ।

ਬੱਚਿਆਂ ਦਾ ਆਪਣੇ ਆਪਣੇ ਕੰਮਾਂ, ਨੌਕਰੀਆਂ ਵਿੱਚ ਸਥਾਪਿਤ ਹੋਣ ਕਰਕੇ ਬੇਫਿਕਰੀ ਨਾਲ ਘੁੰਮਣਾ ਵੀ ਇੱਕ ਕਾਰਣ ਸੀ। ਜਿਵੇਂ ਜਿਵੇਂ ਮੈਂ ਉੱਥੋਂ ਦੀਆਂ ਇਤਿਹਾਸਕ ਅਤੇ ਸੁੰਦਰ ਥਾਵਾਂ ਦੇਖਦਾ ਰਿਹਾ, ਉਵੇਂ ਉਵੇਂ ਹੀ ਸਫਰਨਾਮੇ ਨੂੰ ਕਲਮਬੱਧ ਕਰਨ ਦਾ ਮਨ ਬਣਦਾ ਗਿਆ।

ਯਾਤਰਾਵਾਂ ਨਾਲ ਜਿੱਥੇ ਵਿਅਕਤੀ ਦਾ ਮਨੋਰੰਜਨ ਹੁੰਦਾ ਹੈ, ਉੱਥੇ ਹੀ ਵਿਅਕਤੀ ਦੀ ਜਾਣਕਾਰੀ ਵਿੱਚ ਵੀ ਵਾਧਾ ਹੁੰਦਾ। ਇਸ ਜਾਣਕਾਰੀ ਵਿੱਚ ਇਤਿਹਾਸ ਦੀ ਜਾਣਕਾਰੀ ਪਹਿਰਾਵੇ ਦੀ ਜਾਣਕਾਰੀ ਦੇ ਨਾਲ ਨਾਲ ਉੱਥੋਂ ਦੇ ਲੋਕਾਂ ਦੀ ਭਾਸ਼ਾ, ਸੱਭਿਆਚਾਰ ਅਤੇ ਰਹਿਣ ਸਹਿਣ ਅਤੇ ਖਾਣ-ਪੀਣ ਦੀ ਜਾਣਕਾਰੀ ਵੀ ਮਿਲਦੀ ਜੈ।

ਦਿਨੋਂ ਦਿਨ ਨੌਜਵਾਨਾਂ ਦਾ ਕੈਨੇਡਾ ਵੱਲ ਜਾਣਾ ਕੇਵਲ ਰੋਜ਼ਗਾਰ ਕਾਰਣ ਹੀ ਨਹੀਂ, ਇਸਦੇ ਹੋਰ ਵੀ ਬਹੁਤ ਕਾਰਣ ਹਨ। ਕੈਨੇਡਾ ਦੀ ਧਰਤੀ 'ਤੇ ਗਿਆ ਕੋਈ ਨੌਜਵਾਨ ਉੱਥੋਂ ਦੇ ਵਾਤਾਵਰਣ, ਰਹਿਣ-ਸਹਿਣ, ਕੰਮ-ਕਾਰ, ਟਰੈਫਿਕ ਦੇ ਨਿਯਮਾਂ, ਹਰ ਕੰਮ ਬਿਨਾਂ ਰਿਸ਼ਵਤ ਅਤੇ ਸਮਾਂ ਹੱਦ ਵਿੱਚ ਹੋਣ ਦੀਆਂ ਗੱਲਾਂ ਕਰਦਾ ਹੈ ਤਾਂ ਸੁਭਾਵਿਕ ਹੀ ਸੁਣਨ ਵਾਲਾ ਕੈਨੇਡਾ ਨੂੰ ਭੱਜਦਾ ਹੈ।

ਪੰਜਾਬੀਆਂ ਨੇ ਕੈਨੇਡਾ ਵਿੱਚ ਆਪਣੀ ਵੱਖਰੀ ਪਛਾਣ ਬਣਾ ਲਈ ਹੈ। ਕੈਨੇਡਾ ਵਰਗੇ ਦੇਸ਼ ਵਿੱਚ, ਜਿੱਥੇ ਕਿਸੇ ਸਮੇਂ ਭਾਰਤੀਆਂ ਨਾਲ ਨਸਲੀ ਵਿਤਕਰਾ ਕੀਤਾ ਜਾਂਦਾ ਰਿਹਾ ਸੀ, ਉਸ ਦੇਸ਼ ਵਿੱਚ ਅੱਜ 16-17 ਮੈਂਬਰ ਪਾਰਲੀਮੈਂਟ ਹਾਊਸ ਆਫ ਕਾਮਨ ਵਿੱਚ ਚੁਣੇ ਜਾਂਦੇ ਹਨ। ਪੰਜਾਬੀ ਸਰਬਜੀਤ ਸਿੰਘ ਮਾਰਵਾਹ ਨਾ ਕੇਵਲ ਸੈਨੇਟ ਦਾ ਮੈਂਬਰ ਹੈ ਬਲਕਿ ਕੈਨੇਡਾ ਦੇ ਸਭ ਤੋਂ ਵੱਡੇ ਬੈਂਕ, ਸਕੋਸ਼ੀਆ ਬੈਂਕ ਦਾ ਮੀਤ ਪ੍ਰਧਾਨ ਵੀ ਹੈ। ਰਾਜਨੀਤੀ ਤੋਂ ਇਲਾਵਾ ਖੇਤੀਬਾੜੀ, ਵਪਾਰ, ਨੌਕਰਸ਼ਾਹੀ ਅਤੇ ਫੌਜ ਵਿੱਚ ਵੀ ਪੰਜਾਬੀਆਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਯਾਨੀ ਕਿ ਹਰ ਖੇਤਰ ਵਿੱਚ ਭਾਰਤੀਆਂ ਖਾਸਕਰ ਪੰਜਾਬੀਆਂ ਨੇ ਆਪਣੀ ਹੋਂਦ ਦਾ ਮੁਜ਼ਾਹਰਾ ਕੀਤਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਮਾਹਿਲਪੁਰ ਕਸਬੇ ਦੇ ਰਹਿਣ ਵਾਲੇ ਸਰਦਾਰ ਬੁੱਕਣ ਸਿੰਘ ਨੇ ਤਾਂ ਪਹਿਲੇ ਵਿਸ਼ਵ ਯੁੱਧ ਸਮੇਂ 1919 ਵਿੱਚ ਕੈਨੇਡਾ ਫੌਜ ਵੱਲੋਂ ਫਰਾਂਸ ਖਿਲਾਫ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਸੀ। ਇਹ ਪੰਜਾਬੀਆਂ ਦੀ ਜੁਝਾਰੂ ਪ੍ਰਵਿਰਤੀ ਹੀ ਸੀ ਕਿ ਬੇਸ਼ੱਕ ਨਸਲੀ ਭੇਦਭਾਵ ਕੀਤਾ ਜਾ ਰਿਹਾ ਹੋਵੇ ਫਿਰ ਵੀ ਜਿਸ ਮਿੱਟੀ ਤੇ ਰਹਿ ਰਹੇ ਹਨ, ਉਸ ਦੀ ਰੱਖਿਆ ਲਈ ਆਪਣੀ ਜਾਨ ਦੇ ਦੇਣੀ।

ਸਾਡੇ ਨੌਜਵਾਨਾਂ ਦਾ ਵਿਦੇਸ਼ ਵਿੱਚ ਜਾਣਾ ਕਿਹਾ ਜਾਂਦਾ ਹੈ ਕਿ ਚਿੰਤਾ ਦਾ ਵਿਸ਼ਾ ਹੈ ਪਰ ਸਾਡੀਆਂ ਸਰਕਾਰਾਂ ਸਾਡੇ ਨੌਜਵਾਨਾਂ ਬਾਰੇ ਕਿੰਨਾ ਕੁ ਸੋਚਦੀਆਂ ਹਨ, ਇਸ ਬਾਰੇ ਅਸੀਂ ਭਲੀਭਾਂਤ ਜਾਣਦੇ ਹਾਂ। ਅਸੀਂ ਦੇਖ ਸਕਦੇ ਹਾਂ ਕਿ ਇੱਕ ਨੌਜਵਾਨ 10 ਸਾਲ ਵਿੱਚ ਜੇਕਰ ਨੌਕਰੀ ਪ੍ਰਾਪਤ ਕਰ ਵੀ ਲੈਂਦਾ ਤਾਂ ਕੀ ਅਸੀਂ ਕਹਿ ਸਕਦੇ ਹਾਂ ਕਿ ਉਹ ਆਪਣੀ ਪੂਰੀ ਇਮਾਨਦਾਰੀ ਨਾਲ ਆਪਣਾ ਮਕਾਨ ਬਣਾ ਲਵੇਗਾ, ਕੀ ਆਪਣੀ ਗੱਡੀ ਜਾਂ ਹੋਰ ਘਰੇਲੂ ਸਹੂਲਤਾਂ ਮਿਲ ਸਕਦੀਆਂ ਹਨ? ਪਰ ਮੈਂ ਦੇਖਿਆ ਕਿ ਕੈਨੇਡਾ ਜਾਂ ਕੋਈ ਹੋਰ ਦੇਸ਼ ਵੀ ਹੋਵੇ, ਉੱਥੇ 8-9 ਸਾਲ ਵਿੱਚ ਹੀ ਇਹ ਸਾਰੀਆਂ ਸਹੂਲਤਾਂ ਪੂਰੀ ਇਮਾਨਦਾਰੀ ਨਾਲ ਕੰਮ ਕਰਕੇ ਹਾਸਲ ਕਰ ਲਈਆਂ ਜਾਂਦੀਆਂ ਹਨ। ਇਸ ਬਾਰੇ ਦੇਖਣ ਲਈ ਮੈਨੂੰ ਕਿਸੇ ਸਰਵੇ ਦੀ ਲੋੜ ਨਹੀਂ। ਅੱਜ ਮੇਰੇ ਬੇਟੇ ਨੂੰ ਕੈਨੇਡਾ ਗਏ ਨੂੰ 8 ਸਾਲ ਦਾ ਸਮਾਂ ਹੋਇਆ ਹੈ ਅਤੇ ਉਹ ਜ਼ਿੰਦਗੀ ਦੀ ਹਰ ਸਹੂਲਤ ਦਾ ਆਨੰਦ ਮਾਣ ਰਿਹਾ ਹੈ, ਜਿਹੜੀ ਕਿ ਇੱਕ ਆਮ ਵਿਅਕਤੀ ਨੂੰ ਜ਼ਰੂਰਤ ਹੁੰਦੀ ਹੈ। ਇਸੇ ਤਰ੍ਹਾਂ ਦੂਜੇ ਬੇਟੇ ਨੂੰ ਅਜੇ ਦੋ ਸਾਲ ਦਾ ਸਮਾਂ ਹੋਇਆ ਹੈ, ਉਹ ਵੀ।

ਇਹ ਹੀ ਨਹੀਂ, ਉਸ ਨਾਲ ਗਏ ਉਹਨਾਂ ਦੇ ਹੀ 20 ਦੇ ਕਰੀਬ ਦੋਸਤ ਬਿਲਕੁਲ ਬਹੁਤ ਵਧੀਆਂ ਜ਼ਿੰਦਗੀ ਦਾ ਲੁਤਫ ਲੈ ਰਹੇ ਹਨ। ਮੈਂ ਨੌਜਵਾਨਾਂ ਨੂੰ ਉਤਸ਼ਾਹਿਤ ਨਹੀਂ ਕਰ ਰਿਹਾ ਪਰ ਜੋ ਅਸਲੀਅਤ ਹੈ, ਉਹ ਦੱਸ ਰਿਹਾ ਹਾਂ। ਜੋ ਲੋਕ ਅੱਜ ਕਹਿ ਰਹੇ ਹਨ ਕਿ ਕੈਨੇਡਾ ਵਿੱਚ ਨੌਜਵਾਨ ਭੁੱਖੇ ਮਰ ਰਹੇ ਹਨ, ਇਹ ਸਹੀ ਨਹੀਂ। ਇਹ ਗੱਲ ਸਾਰੇ ਜਾਣਦੇ ਹਨ ਕਿ ਇੱਕ ਵਾਰ ਨਵੀਂ ਥਾਂ 'ਤੇ ਜਾ ਕੇ ਸੰਘਰਸ਼ ਕਰਨਾ ਪੈਂਦਾ ਹੈ। ਹੁਣ ਜੇ ਆਪਾਂ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਬੀਏ ਕਰਨ ਤੋਂ ਅੱਠ ਸਾਲ ਬਾਅਦ ਇੱਕ ਵਿਅਕਤੀ ਕਿੰਨਾ ਕੁ ਆਪਣੇ ਆਪ ਨੂੰ ਸਥਾਪਿਤ ਕਰ ਸਕਦਾ ਹੈ, ਅਸੀਂ ਦੇਖ ਹੀ ਰਹੇ ਹਾਂ। ਇੱਕ ਵਿਅਕਤੀ ਜੋ ਇਮਾਨਦਾਰੀ ਨਾਲ ਕੰਮ ਕਰਦਾ ਹੈ ਤਾਂ ਰਿਟਾਅਰਮੈਂਟ ਤਕ ਜਾ ਕੇ ਮਸਾਂ ਮਕਾਨ ਬਣਾਉਂਦਾ ਹੈ। ਪਰ ਕੈਨੇਡਾ ਵਿੱਚ ਜਿਹੜਾ ਵਿਅਕਤੀ ਸਖਤ ਮਿਹਨਤ ਕਰਦਾ ਹੈ, ਉਸ ਨੂੰ ਨਿਰਾਸ਼ ਨਹੀਂ ਹੋਣਾ ਪੈਂਦਾ, ਉਸ ਦਾ ਫਲ ਉਸ ਨੂੰ ਜ਼ਰੂਰ ਮਿਲਦਾ ਹੈ।

ਇੱਕ ਗੱਲ ਹੋਰ, ਕੈਨੇਡਾ ਵਿੱਚ ਘਰ ਵਿੱਚ ਹਰ ਕੰਮ ਤੁਹਾਨੂੰ ਆਪ ਕਰਨਾ ਪੈਂਦਾ। ਤੁਸੀਂ ਕਿੰਨੀ ਵੀ ਕਮਾਈ ਕਰਦੇ ਹੋ ਘਰੇ ਕੱਪੜੇ ਧੋਣ, ਭਾਂਡੇ ਮਾਂਜਣ ਅਤੇ ਬੱਚੇ ਨੂੰ ਸਾਂਭਣ ਲਈ ਕਿਸੇ ਨੂੰ ਰੱਖ ਨਹੀਂ ਸਕਦੇ ਜਾਂ ਇਹ ਕਹਿ ਲਵੋ ਕਿ ਇਹ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ। (ਕਿਉਂਕਿ ਜਿਸ ਵਿਅਕਤੀ ਪਾਸੋਂ ਵੀ ਕਿਸੇ ਨੇ ਘਰ ਦਾ ਕੰਮ ਕਰਵਾਉਣਾ ਹੈ, ਉਸ ਨੂੰ ਕੰਮ ਕਰਨ ਵਾਲੇ ਵਿਅਕਤੀ ਨੂੰ ਘੱਟੋ-ਘੱਟ ਤਨਖਾਹ 16 ਡਾਲਰ 55 ਸੈਂਟ ਪ੍ਰਤੀ ਘੰਟਾ (ਓਂਟੇਰੀਓ ਸੂਬੇ ਵਿੱਚ) ਦੇਣੀ ਪਵੇਗੀ। 2 ਜਾਂ 3 ਘੰਟੇ ਦੇ ਕੰਮ ਲਈ ਕੋਈ ਨਹੀਂ ਆਉਂਦਾ। ਕਿਰਤੀਆਂ ਦੀ ਕੈਨੇਡਾ ਵਿੱਚ ਕਦਰ ਹੈ --- ਸੰਪਾਦਕ)

ਸਾਡੇ ਮੁਲਕ ਵਾਂਗ ਕੈਨੇਡਾ ਵੀ ਬ੍ਰਿਟਿਸ਼ ਸਰਕਾਰ ਦੇ ਅਧੀਨ ਰਿਹਾ ਬਲਿਕ ਕੈਨੇਡਾ ਵਿੱਚ ਅਜੇ ਵੀ ਇੰਗਲੈਂਡ ਦੀ ਰਾਣੀ (ਹੁਣ ਰਾਜਾ) ਦਾ ਨੁਮਾਇੰਦਾ (ਗਵਰਨਰ ਜਰਨਲ) ਦੇ ਨਾਮ 'ਤੇ ਚੱਲਦਾ ਹੈ। ਕੈਨੇਡਾ ਵਿੱਚ ਅਜੇ ਵੀ ਜਿਸ ਤਰ੍ਹਾਂ ਸਾਡੇ ਦੇਸ਼ ਵਿੱਚ ਰਾਸ਼ਟਰਪਤੀ ਜਾਂ ਸੰਵਿਧਾਨ ਦੇ ਨਾਮ ਤੇ ਸੁੰਹ ਚੁਕਾਈ ਜਾਂਦੀ ਪਰ ਇੱਥੇ ਅਜੇ ਵੀ ਰਾਣੀ ਦੇ ਨਾਮ 'ਤੇ ਹੀ ਸੁੰਹ ਚੁੱਕੀ ਜਾਂਦੀ।

# ਅਟਲਾਂਟਿਕ ਮਹਾਸਾਗਰ 'ਚ ਕਿਸ਼ਤੀ ਡੁੱਬਣ ਨਾਲ 44 ਪਾਕਿਸਤਾਨੀਆਂ ਦੀ ਮੌਤ

## 2024 ਵਿੱਚ 10,000 ਤੋਂ ਵੱਧ ਲੋਕਾਂ ਦੀ ਹੋ ਚੁੱਕੀ ਹੈ ਮੌਤ



ਇਸਲਾਮਾਬਾਦ: ਪਾਕਿਸਤਾਨ ਦੇ 44 ਨਾਗਰਿਕ, ਜੋ ਗੈਰਕਾਨੂੰਨੀ ਢੰਗ ਨਾਲ ਯੂਰਪ ਜਾਣ ਦੀ ਕੋਸ਼ਿਸ਼ ਕਰ ਰਹੇ ਸਨ, ਅਟਲਾਂਟਿਕ ਮਹਾਸਾਗਰ 'ਚ ਕਿਸ਼ਤੀ ਡੁੱਬਣ ਕਾਰਨ ਜਾਨ ਗੁਆ ਬੈਠੇ। ਇਹ ਹਾਦਸਾ ਮੋਰੱਕੋ ਦੇ ਦਖਲਾ ਪੋਰਟ ਦੇ ਕੋਲ ਵਾਪਰਿਆ।

ਪਾਕਿਸਤਾਨੀ ਮੀਡੀਆ ਰਿਪੋਰਟਾਂ ਅਨੁਸਾਰ, ਪੱਛਮੀ ਅਫਰੀਕਾ ਤੋਂ ਸਪੇਨ ਵੱਲ ਜਾ ਰਹੀ ਇਹ ਕਿਸ਼ਤੀ 80 ਤੋਂ ਵੱਧ ਯਾਤਰੀਆਂ ਨਾਲ ਸਮੁੰਦਰ ਵਿੱਚ ਗਾਇਬ ਹੋ ਗਈ ਸੀ। ਬਾਅਦ ਵਿੱਚ ਇਹ ਉਲਟਣ ਦੀ ਪੁਸ਼ਟੀ ਹੋਈ, ਜਿਸ 'ਚ 50 ਤੋਂ ਵੱਧ ਲੋਕਾਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਅਧਿਕਤਰ ਪਾਕਿਸਤਾਨੀ ਸਨ।

ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਅਤੇ ਮਨੁੱਖੀ ਤਸਕਰੀ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦੀ ਗਲ ਕੀਤੀ। ਪ੍ਰਧਾਨ ਮੰਤਰੀ ਸ਼ਹਬਾਜ਼ ਸ਼ਰੀਫ਼ ਨੇ ਵਿਸ਼ੇਸ਼ ਰਿਪੋਰਟ ਮੰਗੀ ਅਤੇ ਜਿੰਨ੍ਹਾਂ ਲੋਕਾਂ ਨੇ ਇਹ ਗੈਰਕਾਨੂੰਨੀ ਤਸਕਰੀ ਕੀਤੀ, ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਕਰਨ ਦੀ ਹਦਾਇਤ ਦਿੱਤੀ। ਮੋਰੱਕੋ 'ਚ ਪਾਕਿਸਤਾਨੀ ਦੂਤਾਵਾਸ ਨੇ ਪੁਸ਼ਟੀ ਕੀਤੀ ਕਿ ਇਹ ਕਿਸ਼ਤੀ 2 ਜਨਵਰੀ ਨੂੰ ਮੌਰੀਟਾਨੀਆ ਤੋਂ 86 ਯਾਤਰੀਆਂ ਨੂੰ ਲੈ ਕੇ ਰਵਾਨਾ ਹੋਈ ਸੀ, ਜਿਨ੍ਹਾਂ ਵਿੱਚ 66 ਪਾਕਿਸਤਾਨੀ ਸਨ। ਵਾਕਿੰਗ ਬੋਰਡਰਸ ਦੀ ਸੀਈਓ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਮਰੇ ਹੋਏ 44 ਲੋਕ ਪਾਕਿਸਤਾਨ ਦੇ ਨਿਵਾਸੀ ਸਨ।

ਹਰ ਸਾਲ ਲੱਖਾਂ ਪਾਕਿਸਤਾਨੀ ਵਧੀਆ ਜ਼ਿੰਦਗੀ ਦੀ ਤਲਾਸ਼ ਵਿੱਚ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ। ਬਹੁਤੇ ਲੋਕ ਅਵੈਧ ਤਰੀਕਿਆਂ ਰਾਹੀਂ ਇਹ ਯਾਤਰਾ ਕਰਦੇ ਹਨ। ਯੂਰਪੀ ਏਜੰਸੀ ਫ੍ਰਾਂਟੇਕਸ ਅਨੁਸਾਰ, ਪਿਛਲੇ ਸਾਲ 2.4 ਲੱਖ ਤੋਂ ਵੱਧ ਲੋਕ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਯੂਰਪ ਵਿੱਚ ਦਾਖਲ ਹੋਣ ਵਿੱਚ ਸਫਲ ਰਹੇ। ਵਾਕਿੰਗ ਬੋਰਡਰਸ ਏਜੰਸੀ ਨੇ ਦੱਸਿਆ ਕਿ 2024 ਵਿੱਚ ਯੂਰਪ ਪਹੁੰਚਣ ਦੀ ਕੋਸ਼ਿਸ਼ ਦੌਰਾਨ 10,457 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜ਼ਿਆਦਾਤਰ ਮੌਰੀਟਾਨੀਆ ਅਤੇ ਸੇਨੇਗਲ ਤੋਂ ਸਪੇਨ ਦੇ ਕੈਨਰੀ ਟਾਪੂ ਤਕ ਜ਼ਖਮੀ, ਲਾਪਤਾ ਜਾਂ ਮਰੇ ਹਨ।

# ਤੁਰਕੀ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ, ਇਮਾਮੋਗਲੂ ਦੀ ਗ੍ਰਿਫ਼ਤਾਰੀ ’ਤੇ ਰੋਸ ਪ੍ਰਦਰਸ਼ਨ

ਇਸਤਾਂਬੁਲ: ਤੁਰਕੀ ਵਿੱਚ ਹਜ਼ਾਰਾਂ ਲੋਕ ਸਰਕਾਰ ਦੀ ਨੀਤੀ ਅਤੇ ਲੋਕਤੰਤਰ 'ਤੇ ਪੈ ਰਹੇ ਹਮਲੇ ਦੇ ਵਿਰੋਧ 'ਚ ਸੜਕਾਂ 'ਤੇ ਉਤਰ ਆਏ ਹਨ। ਇਹ ਮੁਜ਼ਾਹਰੇ ਵਿਰੋਧੀ ਆਗੂ ਅਤੇ ਇਸਤਾਂਬੁਲ ਦੇ ਮੇਅਰ ਏਕਰੇਮ ਇਮਾਮੋਗਲੂ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੋ ਰਹੇ ਹਨ।



23 ਮਾਰਚ ਨੂੰ ਇਮਾਮੋਗਲੂ 'ਤੇ ਭ੍ਰਿਸ਼ਟਾਚਾਰ ਅਤੇ ਇੱਕ ਅੱਤਵਾਦੀ ਗਠਜੋੜ ਦੀ ਮਦਦ ਕਰਨ ਦਾ ਇਲਜ਼ਾਮ ਲਾਇਆ ਗਿਆ, ਜਿਸ ਨੂੰ ਉਨ੍ਹਾਂ ਦੇ ਸਮਰਥਕ ਸਿਆਸੀ ਉਤਪੀੜਨ ਕਰਾਰ ਦੇ ਰਹੇ ਹਨ। ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ 1,400 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ, ਜਿਨ੍ਹਾਂ ਵਿੱਚ ਵਿਦਿਆਰਥੀ, ਪੱਤਰਕਾਰ, ਅਤੇ ਵਕੀਲ ਵੀ ਸ਼ਾਮਲ ਹਨ।

ਏਕਰੇਮ ਇਮਾਮੋਗਲੂ ਤੁਰਕੀ ਦੀ ਵਿਰੋਧੀ ਰਿਪਬਲਿਕਨ ਪੀਪਲਜ਼ ਪਾਰਟੀ ਦੇ ਮੋਹਰੀ ਆਗੂ ਹਨ ਅਤੇ ਇਸਤਾਂਬੁਲ ਦੇ ਮੇਅਰ ਵਜੋਂ ਉਹ ਰਾਸ਼ਟਰਪਤੀ ਰੈਸੇਪ ਤੈਯਪ ਏਰਦੋਗਨ ਦੇ ਸਭ ਤੋਂ ਸ਼ਕਤੀਸ਼ਾਲੀ ਵਿਰੋਧੀ ਮੰਨੇ ਜਾਂਦੇ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਤੁਰਕੀ 'ਚ ਵਿਚਾਰ ਪ੍ਰਗਟਾਵਾ ਅਤੇ ਲੋਕਤੰਤਰ 'ਤੇ ਹਮਲਾ ਕਰਾਰ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਦੇ ਸਮਰਥਕ ਕਹਿ ਰਹੇ ਹਨ ਕਿ ਇਹ ਗ੍ਰਿਫ਼ਤਾਰੀ 2028 ਦੀਆਂ ਰਾਸ਼ਟਰਪਤੀ ਚੋਣਾਂ 'ਚ ਉਨ੍ਹਾਂ ਦੀ ਉਮੀਦਵਾਰੀ ਨੂੰ ਰੋਕਣ ਦੀ ਯੋਜਨਾ ਹੈ। ਇਸ ਗ੍ਰਿਫ਼ਤਾਰੀ ਤੋਂ ਬਾਅਦ ਤੁਰਕੀ ਦੇ 55 ਤੋਂ ਵੱਧ ਸੂਬਿਆਂ 'ਚ ਪ੍ਰਦਰਸ਼ਨ ਹੋ ਰਹੇ ਹਨ, ਜੋ ਕਿ ਦੇਸ਼ ਦੇ ਦੋ-ਤਿਹਾਈ ਹਿੱਸੇ 'ਚ ਫੈਲ ਚੁੱਕੇ ਹਨ।

ਇਸਤਾਂਬੁਲ ਵਿੱਚ ਇੱਕ ਨੌਜਵਾਨ ਵਿਦਿਆਰਥੀ ਨੇ ਦੱਸਿਆ ਕਿ, "ਸਾਨੂੰ ਹੱਕ ਹੈ ਕਿ ਅਸੀਂ ਜਿਸ ਨੂੰ ਚਾਹੁੰਦੇ ਹਾਂ, ਉਹਨਾਂ ਨੂੰ ਚੁਣ ਸਕੀਏ। ਪਰ ਏਰਦੋਗਨ ਸਾਨੂੰ ਇਹ ਅਧਿਕਾਰ ਖੋਹਣ ਦੀ ਕੋਸ਼ਿਸ਼ ਕਰ ਰਹੇ ਹਨ।"

ਇੱਕ ਹੋਰ ਮੁਜ਼ਾਹਰਾਕਾਰੀ ਨੇ ਕਿਹਾ, "ਅਸੀਂ ਆਜ਼ਾਦੀ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਕੋਈ ਵੀ ਆਦਮੀ, ਬਿਨਾਂ ਡਰ-ਭੈ ਤੋਂ ਆਪਣੀ ਪਸੰਦ ਦਾ ਆਗੂ ਚੁਣ ਸਕੇ।"

ਤੁਰਕੀ ਦੇ ਗ੍ਰਹਿ ਮੰਤਰੀ ਅਲੀ ਯੇਰਲੀਕਾਇਆ ਨੇ ਮੁਜ਼ਾਹਰੇ ਨੂੰ "ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼" ਕਰਾਰ ਦਿੱਤਾ ਹੈ।

ਤੁਰਕੀ ਵਿੱਚ 22 ਸਾਲਾਂ ਤੋਂ ਏਰਦੋਗਨ ਦੀ ਸਰਕਾਰ ਚੱਲ ਰਹੀ ਹੈ। ਉਹ 2003 ਤੋਂ 2014 ਤੱਕ ਪ੍ਰਧਾਨ ਮੰਤਰੀ ਅਤੇ 2014 ਤੋਂ ਰਾਸ਼ਟਰਪਤੀ ਹਨ। ਨਿਰੀਖਕ ਕਹਿ ਰਹੇ ਹਨ ਕਿ ਇਮਾਮੋਗਲੂ ਉਨ੍ਹਾਂ ਦੀ ਹਕੂਮਤ ਲਈ ਸਭ ਤੋਂ ਵੱਡਾ ਚੁਣੌਤੀ ਬਣ ਰਹੇ ਹਨ, ਜਿਸ ਕਰਕੇ ਉਨ੍ਹਾਂ ਨੂੰ ਅਦਾਲਤੀ ਮੁਕੱਦਮਿਆਂ ਰਾਹੀਂ ਪਿੱਛੇ ਹਟਾਉਣ ਦੀ ਕੋਸ਼ਿਸ਼ ਹੋ ਰਹੀ ਹੈ।

ਤੁਰਕੀ 'ਚ ਹਾਲਾਤ ਤਣਾਅਪੂਰਨ ਬਣੇ ਹੋਏ ਹਨ, ਲੋਕ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰ ਦੀ ਨੀਤੀ 'ਤੇ ਵੱਡਾ ਸਵਾਲ ਉਠ ਰਹਾ ਹੈ। ਹਾਲਾਂਕਿ, ਮੁਜ਼ਾਹਰੇ ਸ਼ਾਂਤਮਈ ਤਰੀਕੇ ਨਾਲ ਜਾਰੀ ਹਨ, ਪਰ ਪੁਲਿਸ ਦੇ ਬਲ-ਪਰਯੋਗ ਕਾਰਨ ਹਾਲਾਤ ਹੋਰ ਗੰਭੀਰ ਹੋ ਰਹੇ ਹਨ।

# ਮਿਸਰ ਨੇੜੇ ਟੂਰਿਸਟ ਪਨਡੁੱਬੀ ਡੁੱਬਣ ਨਾਲ 6 ਲੋਕਾਂ ਦੀ ਮੌਤ

ਕਾਹਿਰਾ: ਮਿਸਰ ਦੇ ਪ੍ਰਸਿੱਧ ਰੈੱਡ ਸੀ ਰਿਜ਼ੋਰਟ ਹਰਗਾਡਾ ਦੇ ਕੋਲ ਇੱਕ ਟੂਰਿਸਟ ਪਨਡੁੱਬੀ ਡੁੱਬਣ ਨਾਲ 6 ਲੋਕਾਂ ਦੀ ਮੌਤ ਹੋ ਗਈ, ਜਦਕਿ 9 ਹੋਰ ਜ਼ਖਮੀ ਹੋ ਗਏ ਹਨ। ਜ਼ਖਮੀਆਂ ਵਿੱਚੋਂ 4 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਸਿੰਦਬਾਦ ਨਾਂ ਦੀ ਇਹ ਸਬਮਰੀਨ (ਪਨਡੁੱਬੀ) ਹਾਦਸੇ ਸਮੇਂ 44 ਯਾਤਰੀਆਂ ਨਾਲ ਸਮੁੰਦਰੀ ਯਾਤਰਾ 'ਤੇ ਸੀ। ਇਹ ਯਾਤਰੀ ਰੂਸ ਦੇ ਨਾਗਰਿਕ ਦੱਸੇ ਜਾ ਰਹੇ ਹਨ। ਹੁਣ ਤਕ 29 ਲੋਕਾਂ ਨੂੰ ਜ਼ਿੰਦਾ ਬਚਾ ਲਿਆ ਗਿਆ ਹੈ।

ਰਿਪੋਰਟਾਂ ਮੁਤਾਬਕ, ਇਹ ਸਬਮਰੀਨ ਸਮੁੰਦਰ ਦੇ 65 ਫੁੱਟ ਦੀ ਗਹਿਰਾਈ ਵਿੱਚ ਇੱਕ ਚੱਟਾਨ ਨਾਲ ਜਾ ਟਕਰਾਈ, ਜਿਸ ਕਾਰਨ ਇਹ ਪਾਣੀ ਦੇ ਦਬਾਅ ਕਰਕੇ ਡੁੱਬ ਗਈ। ਹਾਲਾਂਕਿ, ਅਜੇ ਤੱਕ ਹਾਦਸੇ ਦੇ ਅਸਲ ਕਾਰਨਾਂ ਬਾਰੇ ਕੋਈ ਪੁਸ਼ਟੀ ਨਹੀਂ ਹੋਈ।

ਜ਼ਿਕਰਯੋਗ ਹੈ ਕਿ ਇਹ ਫਿਨਲੈਂਡ ਵਿੱਚ ਡਿਜ਼ਾਈਨ ਕੀਤੀ ਗਈ ਸੀ। ਇੱਕ ਵਾਰ 44 ਯਾਤਰੀਆਂ ਅਤੇ 2




ਕਰੂ ਮੈਂਬਰ ਨੂੰ 72 ਫੁੱਟ ਤੱਕ ਲੈ ਜਾ ਸਕਦੀ ਹੈ। ਇਹ ਯਾਤਰੀਆਂ ਨੂੰ ਕੋਰਲ ਰੀਫ (ਸਮੁੰਦਰੀ ਕੋਰਲ) ਅਤੇ ਟ੍ਰਾਪਿਕਲ ਮੱਛੀਆਂ ਦੇ ਦ੍ਰਿਸ਼ ਦਿਖਾਉਣ ਲਈ ਵਰਤੀ ਜਾਂਦੀ ਸੀ। ਇਸ ਦੀ ਟਿਕਟ ਵੱਡਿਆਂ ਲਈ 69 ਡਾਲਰ (ਤਕਰੀਬਨ 6,000 ਰੁਪਏ) ਅਤੇ ਬੱਚਿਆਂ ਲਈ 33 ਡਾਲਰ (ਤਕਰੀਬਨ 3,000 ਰੁਪਏ) ਸੀ।

ਹਾਦਸੇ ਦੀ ਸੂਚਨਾ ਮਿਲਣ 'ਤੇ 21 ਐਂਬੂਲੈਂਸਾਂ ਘਟਨਾ ਸਥਾਨ 'ਤੇ ਪਹੁੰਚ ਗਈਆਂ। ਜ਼ਖਮੀਆਂ ਨੂੰ ਤੁਰੰਤ ਨਜ਼ਦੀਕੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਮਿਸਰੀ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਸਰ ਦੀ ਟੂਰਿਸਟ ਇੰਡਸਟਰੀ 'ਤੇ ਇਹ ਹਾਦਸਾ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ, ਕਿਉਂਕਿ ਹਰਗਾਡਾ ਰੈੱਡ ਸੀ 'ਚ ਟੂਰਿਸਟ ਐਟਰੈਕਸ਼ਨ ਵਜੋਂ ਜਾਣੀ ਜਾਂਦੀ ਹੈ। ਹੁਣ ਦੱਸਣਾ ਬਾਕੀ ਹੈ ਕਿ ਸੁਰੱਖਿਆ ਪਬੰਧਾਂ 'ਤੇ ਕੀ ਬਦਲਾਅ ਕੀਤੇ ਜਾਣਗੇ।


SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2




NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਭਾਜਪਾ ਨੇੜਲੀਆਂ ਸਿੱਖ ਧਿਰਾਂ ਅਕਾਲੀ ਦਲ ਖ਼ਾਤਮੇ ਲਈ ਹੋਈਆਂ ਸਰਗਰਮ

**ਖਾਸ ਰਿਪੋਰਟ**

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਸਿੱਖਾਂ ਦੇ ਸਿਰਮੌਰ ਤਖ਼ਤਾਂ ਵਿਚਕਾਰ ਪਿਛਲੇ ਕੁਝ ਸਮੇਂ ਤੋਂ ਚੱਲ ਰਹੀ ਕਸ਼ਮਕਸ਼ ਨੇ ਬੀਤੇ ਸ਼ੁੱਕਰਵਾਰ ਨੂੰ ਦੋ ਹੋਰ ਜਥੇਦਾਰਾਂ ਦੀ ਬਲੀ ਲੈ ਲਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਹਟਾਉਣ ਦਾ ਕਦਮ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਥਕ ਬਿਰਤਾਂਤ ’ਤੇ ਆਪਣੀ ਪਕੜ ਬਣਾਉਣ ਦੀ ਕੋਸ਼ਿਸ਼ ਦੀ ਉਪਜ ਜਾਪਦਾ ਹੈ।ਹਾਲਾਂਕਿ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਜਥੇਦਾਰ ਸਾਹਿਬਾਨ ਨੂੰ ਬਦਲਣ ਦਾ ਕਾਰਨ ਇਹ ਦੱਸਿਆ ਹੈ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ, ਜਥੇਦਾਰ ਗਿਆਨੀ ਰਘੁਬੀਰ ਸਿੰਘ ਸੰਪਰਦਾ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਹੀ ਅਗਵਾਈ ਦੇਣ ਦੇ ਅਸਮਰੱਥ ਰਹੇ ਹਨ। ਵਿਰਕ ਨੇ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਵਧ ਰਹੇ ਪਾੜੇ ਅਤੇ ਵਿਸ਼ਵ ਪੱਧਰ 'ਤੇ ਸਿੱਖ ਪਛਾਣ ਅਤੇ ਸਵੈ-ਮਾਣ ਲਈ ਵਧ ਰਹੇ ਖ਼ਤਰੇ 'ਤੇ ਠੋਸ ਕਾਰਵਾਈ ਨਹੀਂ ਕੀਤੀ ਜਾ ਸਕੀ। ਇਸੇ ਕਰਕੇ ਸੇਵਾ ਮੁਕਤ ਕੀਤਾ ਗਿਆ ਹੈ।

ਯਾਦ ਰਹੇ ਕਿ ਲੰਘੀ 11 ਫਰਵਰੀ 2025 ਨੂੰ 15 ਮੈਂਬਰੀ ਕਾਰਜਕਾਰੀ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਸਨ। ਇਸ ਤਰ੍ਹਾਂ ਪਿਛਲੇ ਸਾਲ ਦੋ ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਅਕਾਲੀ ਆਗੂਆਂ ਨੂੰ ਪਿਛਲੇ ਅਰਸੇ ਦੌਰਾਨ ਪੰਥ ਅਤੇ ਪੰਜਾਬ ਦੇ ਹਿੱਤਾਂ ਖ਼ਿਲਾਫ਼ ਕੀਤੀਆਂ ਗਈਆਂ ਕਾਰਵਾਈਆਂ ਬਦਲੇ ਤਨਖ਼ਾਹੀਏ ਕਰਾਰ ਦੇਣ ਦੇ ਇਤਿਹਾਸਕ ਹੁਕਮਨਾਮੇ ਦੀ ਇਬਾਰਤ ਲਿਖਣ ਵਾਲੇ ਹੁਣ ਤਕ ਤਿੰਨ ਜਥੇਦਾਰਾਂ ਨੂੰ ਹਟਾ ਦਿੱਤਾ ਗਿਆ ਹੈ ਪਰ ਸਵਾਲ ਹੈ ਕਿ ਕੀ ਉਨ੍ਹਾਂ ਨੂੰ ਪੰਥਕ ਤੇ ਸਿਆਸੀ ਤੇ ਪੰਥਕ ਦ੍ਰਿਸ਼ ਤੋਂ ਲਾਂਭੇ ਕੀਤਾ ਜਾ ਸਕਿਆ ਹੈ? ਕੀ ਇਸ ਨਾਲ ਅਕਾਲੀ ਸੰਕਟ ਹੋਰ ਡੂੰਘਾ ਨਹੀਂ ਹੋਇਆ?

ਇਥੇ ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਦੇ ਦੋ ਦਸੰਬਰ ਦੇ ਹੁਕਮਨਾਮੇ ਵਿਚੋਂ ਉਪਜੀ 7 ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਚੋਣ ਕਮਿਸ਼ਨ ਨੂੰ ਆਧਾਰ ਬਣਾਕੇ ਮਾਨਤਾ ਨਹੀਂ ਦਿੱਤੀ ਸੀ। ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਦੇ ਅਸਤੀਫ਼ਿਆਂ ਜ਼ਰੀਏ ਅਕਾਲ ਤਖਤ ਸਾਹਿਬ ਦੀ ਭਰਤੀ ਕਮੇਟੀ ਨੂੰ ਨਕਾਰਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਪੰਜ ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਲਈ ਆਪਣਾ ਕੰਮ ਜਾਰੀ ਰੱਖਣ ਅਤੇ ਮੌਜੂਦਾ ਮੈਂਬਰਾਂ ਵਿਚੋਂ ਹੀ ਨਵਾਂ ਮੁਖੀ ਚੁਣ ਲੈਣ ਦੀ ਸੇਧ ਦੇਣ ਤੋਂ ਬਾਅਦ 5 ਮੈਂਬਰੀ ਕਮੇਟੀ ਨੇ 18 ਮਾਰਚ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਵੀਂ ਭਰਤੀ ਆਰੰਭ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਪੈਦਾ ਹੋ ਗਈ ਸੀ ।ਹਾਲਾਂਕਿ ਬਾਦਲ ਅਕਾਲੀ ਦਲ ਨੇ ਇਸ ਤੋਂ ਪਹਿਲਾਂ ਆਪਣੀ ਭਰਤੀ ਪ੍ਰਕਿਰਿਆ ਲਗਭਗ ਮੁਕੰਮਲ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸੇ ਕਰਕੇ ਜਥੇਦਾਰਾਂ ਦੀ ਬਰਤਰਫ਼ੀ ਕੀਤੀ ਗਈ।ਮੰਨਿਆ ਜਾ ਰਿਹਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਹਟਾਉਣ ਦੀ ਕਾਰਵਾਈ ਦਾ ਅਕਾਲੀ ਦਲ ਦਾ ਸੰਕਟ ਅਗੇ ਨਾਲੋਂ ਹੋਰ ਜ਼ਿਆਦਾ ਵਧੇਗਾ ਜੋ ਬਾਦਲ ਅਕਾਲੀ ਦਲ ਪਹਿਲਾਂ ਹੀ ਆਪਣੀ ਭਰੋਸੇਯੋਗਤਾ ਲਈ ਜਦੋਜਹਿਦ ਕਰ ਰਿਹਾ ਹੈ।

ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਪੰਥਕ ਜਥੇਬੰਦੀਆਂ ਵਲੋਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ ਜਾ ਰਿਹਾ ਹੈ।

### ਨਵੀਂ ਜਥੇਦਾਰ ਦੀ ਨਿਯੁਕਤੀ ਤੇ ਮਰਿਯਾਦਾ ਬਾਰੇ ਬਹਿਸ

ਹੁਣ ਗਿਆਨੀ ਕੁਲਦੀਪ ਸਿੰਘ ਗੜ੍ਹਗਜ, ਜੋ ਕਿ 2001 ਤੋਂ 'ਕਥਾਵਾਚਕ' ਹਨ, ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਵਾਧੂ ਜ਼ਿੰਮੇਵਾਰੀ ਸੌਂਪੀ ਗਈ ਹੈ। ਸੰਤ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ।ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਬੀਤੇ ਦਿਨੀਂ ਅੰਮ੍ਰਿਤ ਵੇਲੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲ ਲਈ ਗਈ ਸੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਅਰਦਾਸ ਕੀਤੀ ਗਈ ਤੇ ਬਾਅਦ ਵਿਚ ਪੰਜ ਪਿਆਰਿਆਂ ਨੇ ਸਿੰਘ ਸਾਹਿਬ ਨੂੰ ਦਸਤਾਰ ਭੇਟ ਕੀਤੀ ਗਈ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਤਰਫੋਂ ਤਖ਼ਤ ਸਾਹਿਬ ਦੇ ਸਕੱਤਰ ਪ੍ਰਤਾਪ ਸਿੰਘ ਤੇ ਮੈਨੇਜਰ ਮਲਕੀਤ ਸਿੰਘ ਵਲੋਂ ਵੀ ਸਿੰਘ ਸਾਹਿਬ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ। ਹਾਲਾਂਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੇਵਾ ਸੰਭਾਲ ਸੰਬੰਧੀ ਸਮਾਗਮ ਸੋਮਵਾਰ ਨੂੰ ਸਵੇਰੇ 10 ਵਜੇ ਕਰਵਾਇਆ ਜਾਣਾ ਸੀ ਤੇ ਪਰ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਸਮਾਗਮ ਦੇ ਕੀਤੇ ਜਾਣ ਵਾਲੇ ਵਿਰੋਧ ਨੂੰ ਦੇਖਦੇ ਹੋਏ ਸਿੰਘ ਸਾਹਿਬ ਦੀ ਦਸਤਾਰਬੰਦੀ ਆਨਨ-ਫਾਨਨ ਵਿਚ ਰਾਤ ਦੇ ਹਨ੍ਹੇਰੇ ਵਿਚ ਹੀ ਕਰੀਬ ਪੌਣੇ ਤਿੰਨ ਵਜੇ ਕਰ ਦਿੱਤੀ ਗਈ ਸੀ। ਹਾਲਾਂਕਿ ਬਾਅਦ 'ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਦੇ ਹੋਰਨਾਂ ਮੈਂਬਰਾਂ ਨੇ ਵੀ ਮੰਨਿਆ ਕਿ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੇ ਵਿਵਾਦ ਤੋਂ ਬਚਣ ਲਈ ਹੀ ਸਿੰਘ ਸਾਹਿਬ ਨੂੰ ਅੰਮ੍ਰਿਤ ਵੇਲੇ ਹੀ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਿੱਤੀ ਗਈ। ਜਦਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਕਿਹਾ ਸੀ ਕਿ ਨਿਹੰਗ ਸਿੰਘ ਜਥੇਬੰਦੀਆਂ ਨੂੰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤੀ ਪ੍ਰਵਾਨ ਨਹੀਂ ਹੈ ਤੇ ਅੱਜ ਜਿਸ ਤਰ੍ਹਾਂ ਗੁਪ-ਚੁੱਪ ਤਰੀਕੇ ਨਾਲ ਉਨ੍ਹਾਂ ਦੀ ਦਸਤਾਰਬੰਦੀ ਕੀਤੀ ਗਈ ਹੈ, ਉਹ ਪੰਥਕ ਮਰਿਆਦਾ ਦੀ ਘੋਰ ਉਲੰਘਣਾ ਹੈ।

ਇਸ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲਣ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੀ 2 ਦਸੰਬਰ ਨੂੰ ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸੁਣਾਏ ਗਏ ਫ਼ੈਸਲਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਿ ਦੀ ਰੌਸ਼ਨੀ ਵਿਚ ਨਿਕਲੇ ਹੁਕਮਨਾਮਿਆਂ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ ਅਤੇ ਇਹੀ ਗੱਲ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮਿਆਂ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ ਪਰ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਭਰਤੀ ਕਮੇਟੀ ਦੇ ਸਬੰਧ ਵਿਚ ਮੁੜ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਤੇ ਸੰਬੰਧਿਤ ਧਿਰਾਂ ਦੇ ਇਤਰਾਜ਼ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਸੰਬੰਧਿਤ ਧਿਰਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਸੰਬੰਧ ਵਿਚ ਇਕ ਦੂਜੇ ਪ੍ਰਤੀ ਕੁੜੱਤਣ ਭਰੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ । ਇਸ ਦੌਰਾਨ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੁਰਾਤਨ ਮੰਗ ਮੁਤਾਬਕ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨਸ਼ਿਆਂ ਅਤੇ ਧਰਮ ਪਰਿਵਰਤਨ 'ਤੇ ਵੀ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਮੀਨੀ ਪੱਧਰ 'ਤੇ ਅਸਰਦਾਰ ਧਰਮ ਪ੍ਰਚਾਰ ਲਹਿਰ ਦੀ ਜ਼ਰੂਰਤ ਹੈ, ਜਿਸ ਨੂੰ ਉਹ ਸਿੱਖ ਸੰਤਾਂ, ਮਹਾਂਪੁਰਖਾਂ, ਸੰਪਰਦਾਵਾਂ, ਗਿਆਨੀਆਂ ਅਤੇ ਵਿਦਵਾਨਾਂ ਦੀ ਮਦਦ ਨਾਲ ਪਹਿਲ ਦੇ ਅਧਾਰ 'ਤੇ ਸ਼ੁਰੂ ਕਰਨਗੇ ।

### ਬਾਦਲ ਦਲ ਵਿਚ ਬਗਾਵਤ ਤਿੱਖੀ

ਇਸ ਪੂਰੇ ਘਟਨਾਕ੍ਰਮ ਤੋਂ ਬਾਅਦ ਪੰਥਕ ਰਾਜਨੀਤੀ ਵਿੱਚ ਵੱਡੀ ਹਲਚਲ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਪਹਿਲਾਂ ਹੀ ਆਪਣਾ ਬਹੁਤ ਸਾਰਾ ਸਿਆਸੀ ਅਧਾਰ ਗੁਆ ਚੁੱਕਾ ਹੈ। ਅਕਾਲੀ ਦਲ ਦੇ ਨਾਰਾਜ਼ ਆਗੂਆਂ ਦਾ ਇੱਕ ਹਿੱਸਾ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਰੱਦ ਕਰਦੇ ਹੋਏ ਵੱਖ ਹੋ ਗਿਆ ਸੀ। ਹੁਣ ਸੁਖਬੀਰ ਬਾਦਲ ਨੂੰ ਸਭ ਤੋਂ ਵੱਡੀ ਚੁਣੌਤੀ ਬਿਕਰਮ ਸਿੰਘ ਮਜੀਠੀਆ ਤੋਂ ਜਾਪਦੀ ਹੈ। ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿਲੋਂ, ਲਖਬੀਰ ਸਿੰਘ ਲੋਧੀਨੰਗਲ ਸਮੇਤ ਦਰਜਨਾਂ ਛੋਟੇ-ਵੱਡੇ ਆਗੂ, ਜੋ ਹਰ ਸੰਕਟ ਸਮੇਂ ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਖੜ੍ਹਦੇ ਆਏ ਸਨ, ਹੁਣ ਪਾਰਟੀ ਦੇ ਫ਼ੈਸਲਿਆਂ ਤੇ ਰਣਨੀਤੀ ਪ੍ਰਤੀ ਸਵਾਲ ਕਰਨ ਲੱਗੇ ਹਨ।ਬਿਕਰਮ ਸਿੰਘ ਮਜੀਠੀਆ ਨੇ ਇਸ ਕਾਰਵਾਈ ਨੂੰ ਸਿੱਖ ਪੰਥ ਦੇ ਮਾਣ-ਸਨਮਾਨ ਅਤੇ ਅਕਾਲ ਤਖ਼ਤ ਸਾਹਿਬ ਦੀ ਉਲੰਘਣਾ ਦੱਸਿਆ।ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਪਿਛਲੇ ਸਮਿਆਂ ਵਾਂਗ ਸੰਕਟ ਵਿੱਚੋਂ ਉਭਰੇਗਾ ਅਤੇ ਮੁੜ ਸੁਰਜੀਤ ਹੋਵੇਗਾ।

ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅਜਿਹੇ ਆਗੂਆਂ ਉੱਤੇ ਪਾਰਟੀ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਲਾਉਂਦਿਆਂ ਜ਼ਾਬਤਾ ਕਾਰਵਾਈ ਦੀ ਚਿਤਾਵਨੀ ਦਿਤੀ ਹੈ।

ਬਾਦਲ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਮੁੱਦੇ 'ਤੇ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਰਿਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੇ ਜਵਾਬਾਂ 'ਤੇ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਉਪਰ ਕਾਰਵਾਈ ਕੀਤੀ ਜਾਵੇਗੀ।"

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭੂੰਦੜ ਦਾ ਇਹ ਕਥਨ ਸਹੀ ਹੈ ਕਿ ਬਾਦਲਾਂ ਦੇ ਰਾਜ-ਕਾਲ ਦੌਰਾਨ ਮਜੀਠੀਆ ‘ਸੁਪਰ ਸੀ ਐਮ’ ਵਜੋਂ ਵਿਚਰਦੇ ਰਹੇ। ਅਦਾਲਤੀ ਨਿਆਂ ਭਾਵੇਂ ਹੁਣ ਤਕ ਉਨ੍ਹਾਂ ਉਪਰ ਮਿਹਰਬਾਨ ਰਿਹਾ ਹੈ, ਪਰ ਪੰਜਾਬ ਵਿਚ ‘ਚਿੱਟੇ’ ਦੇ ਪ੍ਰਚਲਣ ਦੇ ਪ੍ਰਸੰਗ ਵਿਚ ਉਨ੍ਹਾਂ ਦਾ ਅਕਸ ਅਜੇ ਵੀ ਪਹਿਲਾਂ ਵਾਂਗ ਦਾਗ਼ਦਾਰ ਹੈ। ਸਿੱਖ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਜੇ ਮਜੀਠੀਆ ਆਪਣੇ ਜੀਜੇ ਸੁਖਬੀਰ ਸਿੰਘ ਬਾਦਲ ਜਾਂ ਉਨ੍ਹਾਂ ਦੇ ਸਲਾਹਕਾਰਾਂ ਦੇ ਖ਼ਿਲਾਫ਼ ਉੱਠ ਖੜ੍ਹੇ ਹੋਏ ਹਨ ਤਾਂ ਇਸ ਨੂੰ ਆਮ ਸਿੱਖ ‘ਪਰਿਵਾਰਕ ਕਿੜ’ ਦੀ ਉਪਜ ਮੰਨ ਰਹੇ ਹਨ ਤੇ ਇਸ ਪਿਛੇ ਭਾਜਪਾ ਦੀ ਚਾਲ ਸਮਝ ਰਹੇ ਹਨ।

ਰਾਜਨੀਤੀ ਦੇ ਪ੍ਰੋਫੈਸਰ ਰੌਣਕੀ ਰਾਮ ਕਹਿੰਦੇ ਹਨ ਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ, ਪੰਜਾਬੀ ਵੀ ਇਸ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ ਅਤੇ ਪੰਜਾਬ ਦੇ ਲੀਡਰ ਵੀ ਕਿਉਂਕਿ ਖੇਤਰੀ ਪਾਰਟੀ ਖ਼ਤਮ ਹੁੰਦੀ ਹੈ ਤਾਂ ਇਹ ਪੰਜਾਬ ਦੇ ਲੋਕਾਂ ਲਈ ਹੀ ਵੱਡਾ ਘਾਟਾ ਹੋਵੇਗਾ।"

ਡਾਕਟਰ ਪਰਮਜੀਤ ਸਿੰਘ ਮਾਨਸਾ ਕਹਿੰਦੇ ਹਨ ਕਿ ਅਕਾਲੀ ਦਲ ਵਿੱਚ ਭਾਵੇਂ ਜਿੰਨੇ ਮਰਜ਼ੀ ਧੜੇ ਹੋਣ, ਪਰ ਸ਼ਕਤੀਸ਼ਾਲੀ ਧੜਾ ਉਹ ਹੈ ਜਿਸ ਦੇ ਕੋਲ ਸ਼੍ਰੋਮਣੀ ਕਮੇਟੀ ਹੈ। ਸ਼੍ਰੋਮਣੀ ਕਮੇਟੀ ਫਿਲਹਾਲ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਕੋਲ ਹੈ। ਇਸ ਕਰਕੇ ਜੇਕਰ ਮਜੀਠੀਆ ਬਗ਼ਾਵਤ ਕਰਦੇ ਵੀ ਹਨ ਤਾਂ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਜਰੂਰ ਹੋਵੇਗਾ,ਪਰ ਮਜੀਠੀਆ ਪੰਥਕ ਲੀਡਰ ਵਜੋਂ ਪ੍ਰਵਾਨ ਨਹੀਂ ਹੋਣਗੇ।

### ਨਵੇਂ ਜਥੇਦਾਰ ਦੀ ਸੇਵਾ ਸੰਭਾਲ ਉੱਤੇ ਵਿਵਾਦ

ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਸ ਤਰੀਕੇ ਨਾਲ ਸੇਵਾ ਸੰਭਾਲੀ ਉਸ ਉੱਤੇ ਵੀ ਵਿਵਾਦ ਹੋ ਗਿਆ ਹੈ। ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਜਥੇਦਾਰ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ, ਉੱਥੇ ਹੀ ਕੁਝ ਅਕਾਲੀ ਆਗੂ ਅਤੇ ਪੰਥਕ ਵਿਦਵਾਨ ਇਸ ਉੱਤੇ ਸਵਾਲ ਚੁੱਕੇ ਰਹੇ ਹਨ। ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਵਲੋਂ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਸੀ, ਉੱਥੇ ਹੁਣ ਦਲ ਖ਼ਾਲਸਾ ਨੇ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਨਵ-ਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ । ਦਲ ਖ਼ਾਲਸਾ ਦੇ ਸੀਨੀਅਰ ਉੱਪ-ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਕੇਂਦਰੀ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਬਠਿੰਡਾ ਆਦਿ ਨੇ ਕਿਹਾ ਕਿ ਇਸੇ ਰੋਸ ਵਜੋਂ ਦਲ ਖ਼ਾਲਸਾ ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰੇਗਾ ਅਤੇ ਉਨ੍ਹਾਂ ਨੂੰ ਤਖਤ ਸਾਹਿਬ ਦੀ ਸੇਵਾ ਸੰਭਾਲਣ ਨਹੀਂ ਦਿੱਤੀ ਜਾਵੇਗੀ ਙ ਇਸ ਸਬੰਧੀ ਉਹ ਛੇਤੀ ਨੁਮਾਇੰਦਾ ਸਿੱਖ ਜਥੇਬੰਦੀਆਂ ਦਾ ਤਖਤ ਦਮਦਮਾ ਸਾਹਿਬ ਵਿਖੇ ਇਕੱਠ ਸੱਦ ਰਹੇ ਹਨ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ "ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਹੁਦੇ ਦਾ ਚਾਰਜ ਲਏ ਜਾਣ ਮੌਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਅਤੇ ਸਿੱਖ ਸੰਗਤ ਦੀ ਹਾਜ਼ਰੀ ਤੋਂ ਬਿਨਾਂ ਕੀਤੇ ਗਏ ਸੇਵਾ ਸੰਭਾਲ ਸਮਾਗ਼ਮ ਨੂੰ ਮਰਿਆਦਾ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ।ਉਨ੍ਹਾਂ ਨੇ ਕਿਹਾ ਕਿ "ਨਵ-ਨਿਯੁਕਤ ਜਥੇਦਾਰ ਦੀ ਸੇਵਾ ਸੰਭਾਲ ਦੇ ਸਮਾਗ਼ਮ ਦੌਰਾਨ ਨਾ ਤਾਂ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਨਾ ਹੀ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ, ਨਾ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਨਾ ਹੀ ਸਿੱਖ ਸੰਗਤਾਂ, ਜਥੇਬੰਦੀਆਂ, ਸੰਪਰਦਾਵਾਂ ਹਾਜ਼ਰ ਸਨ।"

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਦਸਤਾਰਬੰਦੀ ਦੌਰਾਨ ਮਰਿਆਦਾ ਦਾ ਵੱਡਾ ਘਾਣ ਕੀਤਾ ਗਿਆ ਹੈ, ਜਿਸ ਸੰਬੰਧੀ ਉਨ੍ਹਾਂ ਕੋਲ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਵੀ ਇਤਰਾਜ਼ ਉਠਾਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਕਰਦੀ ਹੈ ਅਤੇ ਜਥੇਦਾਰ ਦੀ ਸੇਵਾ ਸੰਭਾਲਣ ਸੰਬੰਧੀ ਵਿਸ਼ੇਸ਼ ਤੌਰ ’ਤੇ ਗੁਰਮਤਿ ਸਮਾਗਮ ਸਜਾਇਆ ਜਾਂਦਾ ਹੈ ਤੇ ਇਸ ਵਿਚ ਸ਼ਾਮਲ ਹੋਣ ਲਈ ਸਮੂਹ ਸਿੱਖ ਜਥੇਬੰਦੀਆਂ ਸੰਪਰਦਾਵਾਂ , ਨਿਹੰਗ ਸਿੰਘ ਜਥੇਬੰਦੀਆਂ, ਉਦਾਸੀਆਂ ਨਿਰਮਲਿਆਂ ਸੰਤਾਂ ਮਹਾਂਪੁਰਖਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਦੀ ਨਿਯੁਕਤੀ ਦਾ ਐਲਾਨ ਕਰਦਾ ਹੈ ਤੇ ਸੰਗਤ ਜੈਕਾਰੇ ਬੁਲਾ ਕੇ ਉਸ ਨੂੰ ਪ੍ਰਵਾਨਗੀ ਦਿੰਦੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਰਵਾਇਤ ਅਨੁਸਾਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਜਥੇਦਾਰ ਨੂੰ ਪਹਿਲੀ ਦਸਤਾਰ ਦਿੰਦਾ ਹੈ ਤੇ ਇਸੇ ਤਰ੍ਹਾਂ ਫਿਰ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਉਨ੍ਹਾਂ ਨੂੰ ਦਸਤਾਰਾਂ ਭੇਟ ਕੀਤੀਆਂ ਜਾਂਦੀਆਂ ਹਨ

ਦੂਜੇ ਪਾਸੇ ਰਘੂਜੀਤ ਸਿੰਘ ਵਿਰਕ ਨੇ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਦੇ ਸੇਵਾ ਸੰਭਾਲਣ ਮੌਕੇ ਪੰਜ ਪਿਆਰੇ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦਸਤਾਰਾਂ ਦਿੱਤੀਆਂ ਗਈਆਂ ਹਨ। ਇਸ ਦੀ ਪੁਸ਼ਟੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ ਉਹਨਾਂ ਕਿਹਾ ਕਿ ਮੈਂ ਖੁਦ ਉਸ ਸਮੇਂ ਹਾਜ਼ਰ ਸੀ ।ਸ੍ਰੀ ਅਖੰਡ ਪਾਠ ਸਾਹਿਬ ਹੋ ਰਹੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਹੀ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਸਤਾਰਬੰਦੀ ਕੀਤੀ ਗਈ।ਮਰਿਆਦਾ ਦੀ ਕੋਈ ਉਲੰਘਣਾ ਨਹੀਂ ਹੋਈ।

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸਰਨਾ ਨੇ ਆਖਿਆ, "ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਵਿੱਚ ਬਣੇ ਹੋਏ ਹਾਲਾਤ ਦੇ ਮੱਦੇਨਜ਼ਰ ਜੋ ਫ਼ੈਸਲਾ ਸਿੰਘ ਸਾਹਿਬਾਨ ਦੀ ਨਿਯੁਕਤੀ ਦਾ ਲਿਆ ਹੈ ਅਤੇ ਟਕਰਾਅ ਤੋਂ ਬਚਣ ਲਈ ਸਿੰਘ ਸਾਹਿਬ ਨੇ ਅੰਮ੍ਰਿਤ ਵੇਲੇ ਨੂੰ ਚੁਣਦੇ ਹੋਏ ਕੌਮ ਨੂੰ ਇੱਕਮੁੱਠ ਹੋਣ ਦਾ ਸੰਦੇਸ਼ ਦਿੱਤਾ ਹੈ, ਉਸ ਨਾਲ ਇਹ ਸਾਬਤ ਹੋਇਆ ਹੈ ਕਿ ਕਮੇਟੀ ਦਾ ਇਹ ਫ਼ੈਸਲਾ ਦੂਰ ਅੰਦੇਸ਼ੀ ਵਾਲਾ ਹੈ।"

### ਪੰਥਕ ਸੰਕਟ ਦਾ ਹੱਲ ਕੀ ਹੋਵੇ

ਪੰਥ ਅਤੇ ਪੰਜਾਬ ਦੀਆਂ ਸਮੂਹ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਇਹ ਚਰਚਾ ਕਰ ਰਹੀਆਂ ਹਨ ਕਿ ਪੰਜਾਬ ਦਾ ਭਵਿੱਖ ਅਕਾਲੀ ਦਲ ਦੀ ਮਜ਼ਬੂਤੀ ਨਾਲ ਹੈ। ਇਸ ਪਾਰਟੀ ਦੇ ਕਮਜ਼ੋਰ ਹੋਣ ਨਾਲ ਪੰਥ ਅਤੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਦਿਨੋ-ਦਿਨ ਵਧ ਰਹੀਆਂ ਦੂਰੀਆਂ ਕਿਵੇਂ ਘੱਟ ਹੋ ਸਕਦੀਆਂ ਹਨ? ਇਹ ਚਿੰਤਨ ਪਿਛਲੇ ਕੁਝ ਸਮੇਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਕੱਠੇ ਮਿਲ ਕੇ ਚੱਲਣ ਦਾ ਚਿੰਤਨ ਜਿੰਨਾ ਵਧੇਰੇ ਹੋ ਰਿਹਾ ਹੈ, ਦੂਰੀਆਂ ਓਨੀਆਂ ਹੀ ਵਧਦੀਆਂ ਜਾ ਰਹੀਆਂ ਹਨ।

ਅਕਾਲੀ ਦਲ ਨਾਲ ਜੁੜੇ ਹੋਏ ਬਹੁਤ ਸਾਰੇ ਆਗੂ ਇਹ ਮਹਿਸੂਸ ਕਰਦੇ ਹਨ ਕਿ 2 ਦਸੰਬਰ ਵਾਲਾ ਫ਼ੈਸਲਾ ਪੰਥ ਦੇ ਸੰਕਟ ਹੋਰ ਸੰਕਟ ਵਿਚ ਲੈ ਗਿਆ ਹੈ। ਪਰ ਪੰਥਕ ਜਥੇਬੰਦੀਆਂ ਵਿਚ ਇਹ ਸੰਦੇਸ਼ ਗਿਆ ਕਿ ਅਕਾਲੀ ਦਲ ਬਾਦਲ ਤੇ ਸ੍ਰੋਮਣੀ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਕਾਇਮ ਰਖਣ ਲਈ ਹੁਕਮਨਾਮੇ ਤੇ ਭਰਤੀ ਕਮੇਟੀ ਨੂੰ ਰੱਦ ਕੀਤਾ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਾ ਮੰਨਦੇ ਹੋਏ ਪਹਿਲਾਂ ਤੋਂ ਮਿੱਥੀ ਹੋਈ ਯੋਜਨਾ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪਹਿਲਾਂ ਵਾਲੇ ਪ੍ਰਧਾਨ ਨੂੰ ਹੀ ਦੁਬਾਰਾ ਨਿਯੁਕਤ ਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਬ ਦੇ ਨਵ-ਨਿਯੁਕਤ ਜਥੇਦਾਰ ਸਾਹਿਬ ਨੇ ਪਹਿਲੇ ਦਿਨ ਹੀ ਭਰਤੀ ਕਮੇਟੀ ਦੀ ਨਜ਼ਰਸਾਨੀ ਸੰਬੰਧੀ ਬਿਆਨ ਦੇ ਕੇ ਇਸ ਖ਼ਦਸ਼ੇ ਨੂੰ ਹੋਰ ਵਧੇਰੇ ਪ੍ਰਪੱਕ ਕਰ ਦਿੱਤਾ ਹੈ।

ਸਮੂਹ ਸਿੱਖ ਇਹ ਚਾਹੁੰਦੇ ਹਨ ਕਿ ਮੌਜੂਦਾ ਮਸਲੇ ਦਾ ਸੁਖਾਵਾਂ ਹੱਲ ਨਿਕਲੇ, ਕਿਉਂਕਿ ਭਾਜਪਾ ਨੂੰ ਸਮਰਪਿਤ ਸਿੱਖ ਆਗੂ ਤੇ ਜਥੇਬੰਦੀਆਂ ਇਸ ਮਾਮਲੇ ਨੂੰ ਉਲਝਾਉਣਾ ਚਾਹੁੰਦੀਆਂ ਹਨ। ਉਹ ਇਸ ਮਸਲੇ ਨੂੰ ਉਲਝਾਉਣ ਲਈ ਸਰਗਰਮ ਹੋ ਚੁਕੀਆਂ ਹਨ। ਆਮ ਸਿੱਖਾਂ ਦਾ ਮੰਨਣਾ ਹੈ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਗੁਰਮਤਿ ਦੇ ਸਿਧਾਂਤ ਨੂੰ ਪੰਥਕ ਧਿਰਾਂ ਤੇ ਸਿੱਖ ਲੀਡਰਸ਼ਿਪ ਮਨ ਵਿਚ ਧਾਰਨ ਕਰੇ । ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ-ਪੀਰੀ ਦਾ ਕੇਂਦਰ ਹੈ। ਜਥੇਦਾਰਾਂ ਦੀ ਨਿਯੁਕਤੀ ਬਾਰੇ ਨਿਯਮ ਹੋਣ।ਉਹ ਉਚ ਸਖਸ਼ੀਅਤ ਦੇ ਮਾਲਕ ਹੋਣ ਤੇ ਸਿੱਖ ਸਿਧਾਂਤ ਦੇ ਪਹਿਰੇਦਾਰ ਹੋਣ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੱਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਅਤੇ ਸੇਵਾ ਮੁਕਤੀ ਲਈ ਵਿਧੀ ਵਿਧਾਨ ਬਣਨਾ ਬਹੁਤ ਜ਼ਰੂਰੀ ਹੈ ਘੱਟੋ-ਘੱਟ ਪੰਥਕ ਜਥੇਬੰਦੀਆਂ ਦੀ ਸਲਾਹ ਤੇ ਜਨਰਲ ਇਜਲਾਸ ਵਿੱਚ ਪਾਸ ਹੋਣ ਉਪਰੰਤ ਸੇਵਾ ਦਿੱਤੀ ਜਾ ਸਕੇ ਤੇ ਸੇਵਾਮੁਕਤ ਕੀਤਾ ਜਾ ਸਕੇ।ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ-ਵਿਧਾਨ ਸੁਨਿਸ਼ਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵਲੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਨਿੱਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਖਾਲਸਾ ਪੰਥ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਮੇਂ-ਸਮੇਂ ਜਾਰੀ ਕੀਤੇ ਜਾਂਦੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਹੇ।



# ਨਸ਼ਾ ਮੁਕਤ ਪੰਜਾਬ ਹੋਂਦ ਵਿਚ ਕਿਵੇਂ ਆਵੇ..?

ਲੇਖਕ : ਗੁਰਪ੍ਰੀਤ ਸਿੰਘ ਤੂਰ
ਸੀਨੀਅਰ ਪੁਲਿਸ ਅਫਸਰ

ਨਸ਼ਿਆਂ ਦੀ ਰੋਕਥਾਮ ਬਿਜਲੀ ਦਾ ਬੱਲਬ ਜਗਾਉਣ ਵਾਂਗ ਨਹੀਂ ਹੈ, ਇਸ ਅਲਾਮਤ ਦੀ ਹੋਂਦ ਮੱਸਿਆ ਦੀ ਕਾਲ਼ੀ-ਬੋਲ਼ੀ ਰਾਤ ਵਰਗੀ ਹੈ। ਨਸ਼ਿਆਂ ਵਿਰੁੱਧ ਮੌਜੂਦਾ ਯੁੱਧ 28 ਫਰਵਰੀ ਨੂੰ ਮੁੱਖ ਮੰਤਰੀ ਦੀ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮੀਟਿੰਗ ਤੋਂ ਤੁਰੰਤ ਬਾਅਦ ਸ਼ੁਰੂ ਹੋਇਆ ।ਅਜਿਹੇ ਵਿਸ਼ੇਸ਼ ਯਤਨ ਪਹਿਲੀ ਵਾਰ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪ੍ਰਾਂਤ ਵਿਚ ਰਾਜ ਕਰਦੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਤੋਂ ਸ਼ੁਰੂ ਹੋਏ ਸਨ । 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੰਭਾਵੀ ਜੇਤੂ ਪਾਰਟੀ ਮੁਖੀ ਨੇ ਮਾਲਵੇ ਦੀ ਇਕ ਭਰਵੀਂ ਰੈਲੀ ਦੀ ਸਟੇਜ ਤੋਂ ਵਾਅਦਾ ਕੀਤਾ ਕਿ, ''ਮੈਂ ਗੁਟਕਾ ਸਾਹਿਬ ਦੀ ਸਹੁੰ ਖਾਂਦਾ ਹਾਂ ਕਿ ਮੈਂ ਚਾਰ ਹਫ਼ਤਿਆਂ ਵਿਚ ਪੰਜਾਬ 'ਚੋਂ ਨਸ਼ੇ ਖ਼ਤਮ ਕਰ ਦਿਆਂਗਾ ।'' ਸਾਲ 2023 ਦੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਪਟਿਆਲਾ ਵਿਖੇ ਮੌਜੂਦਾ ਮੁੱਖ ਮੰਤਰੀ ਨੇ ਇਕ ਸਾਲ ਤੱਕ ਨਸ਼ਿਆਂ 'ਤੇ ਕਾਬੂ ਪਾ ਲੈਣ ਦਾ ਅਹਿਦ ਕੀਤਾ ਸੀ ।

ਅਜਿਹੇ ਵੱਡੇ ਯਤਨਾਂ ਦੇ ਬਾਵਜੂਦ 10-11 ਵਰ੍ਹਿਆਂ ਬਾਅਦ ਵੀ ਪ੍ਰਾਂਤ ਵਿਚ ਨਸ਼ਿਆਂ ਦੀ ਸਥਿਤੀ ਜਿਉਂ ਦੀ ਤਿਉਂ ਪ੍ਰਤੀਤ ਹੁੰਦੀ ਹੈ । ਨਸ਼ਿਆਂ ਦੀ ਰੋਕਥਾਮ ਵਿਰੁੱਧ ਯਤਨਾਂ ਦੀ ਸਾਰਥਕਤਾ ਵਿਚ ਵਾਧਾ ਅਤੇ ਗੰਭੀਰਤਾ ਦੇ ਬਾਵਜੂਦ ਨਸ਼ਿਆਂ ਦੀ ਵਰਤੋਂ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ ।

ਨਸ਼ਿਆਂ ਦੀਆਂ ਕਿਸਮਾਂ ਵਿਚ ਵੰਨ-ਸੁਵੰਨਤਾ ਆ ਗਈ ਹੈ ਅਤੇ ਨਸ਼ਿਆਂ ਦੀ ਸਪਲਾਈ ਦੇ ਰਸਤੇ ਬਦਲ ਗਏ ਹਨ; ਲੇਕਿਨ ਨੌਜਵਾਨਾਂ 'ਤੇ ਨਸ਼ਿਆਂ ਦਾ ਕਹਿਰ ਜਾਰੀ ਹੈ ।ਨਸ਼ਿਆਂ ਦੀ ਵੱਧ ਮਾਤਰਾ ਕਾਰਨ ਹੁੰਦੀਆਂ ਮੌਤਾਂ, ਨਸ਼ਿਆਂ ਦੀ ਬੇਰੋਕ-ਟੋਕ ਸਪਲਾਈ ਦਾ ਸਪਸ਼ਟ ਸੰਕੇਤ ਹਨ ।

ਅਜਿਹੀਆਂ ਮੌਤਾਂ ਭੁਚਾਲ ਦੇ ਕੇਂਦਰ-ਬਿੰਦੂ ਵਾਂਗ ਉਸ ਸਥਾਨ ਦੀ ਪਹਿਚਾਣ ਕਰਦੀਆਂ ਹਨ, ਜਿੱਥੇ ਨਸ਼ਿਆਂ ਦਾ ਪ੍ਰਭਾਵ ਬਹੁਤ ਗਹਿਰਾ ਹੁੰਦਾ ਹੈ ।ਦਰਅਸਲ, ਹੈਰੋਇਨ ਤੇ ਚਿੱਟੇ ਵਰਗੇ ਨਸ਼ਿਆਂ ਵਿਚ ਰਸਾਇਣ ਦੀ ਘਣਤਾ ਦੀ ਕੋਈ ਗਿਣੀ-ਮਿੱਥੀ ਮਾਤਰਾ ਨਹੀਂ ਹੁੰਦੀ ਜਿਵੇਂ ਕਿ ਦਵਾਈਆਂ ਵਿਚ ਰਸਾਇਣਾਂ ਦੀ 5 ਜਾਂ 10 ਮਿਲੀਗ੍ਰਾਮ ਦੀ ਨਿਸਚਿਤ ਮਾਤਰਾ ਹੁੰਦੀ ਹੈ ।ਅਚਾਨਕ ਵੱਧ ਮਾਤਰਾ ਵਾਲੇ ਨਸ਼ੇ ਦੀ ਵਰਤੋਂ ਜਾਨਲੇਵਾ ਸਾਬਤ ਹੁੰਦੀ ਹੈ ਙ ਵਿਦੇਸ਼ੋਂ ਪਰਤੇ ਕਈ ਨੌਜਵਾਨ ਵੀ ਅਜਿਹੇ ਨਸ਼ਿਆਂ ਦੀ ਵਰਤੋਂ ਕਰਦਿਆਂ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੁੰਦੇ ਵੇਖੇ ਗਏ ਹਨ ।

ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੇ ਅੰਕੜੇ ਵੀ ਅਸਲੀਅਤ ਤੋਂ ਘੱਟ ਹੁੰਦੇ ਹਨ ਙ ਅਕਸਰ ਮਾਪੇ ਇਸ ਦੁਖਾਂਤ ਨੂੰ ਲੁਕਾਉਣਾ ਚਾਹੁੰਦੇ ਹਨ ਙ ਨਸ਼ਾ ਛੱਡਣ ਲਈ ਜੱਦੋ-ਜਹਿਦ ਕਰਨ ਵਾਲਾ ਵਿਅਕਤੀ ਨਸ਼ੇ ਦੀ ਤੋੜ ਨਾ ਸਹਾਰਦਿਆਂ ਅਚਾਨਕ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ, ਅਜਿਹੀਆਂ ਮੌਤਾਂ ਨੂੰ ਓਵਰਡੋਜ਼ ਵਾਲੀਆਂ ਮੌਤਾਂ ਤੋਂ ਬਾਹਰ ਕੱਢ ਲਿਆ ਜਾਂਦਾ ਹੈ । ਕਿਤੇ ਸਿਸਟਮ ਵੀ ਚੁੱਪ ਧਾਰ ਲੈਂਦਾ ਹੈ ਙ

ਸਪਲਾਈ ਨੂੰ ਰੋਕਣਾ, ਨਸ਼ਈ ਵਿਅਕਤੀ ਦਾ ਇਲਾਜ ਕਰਾਉਣਾ ਅਤੇ ਨਸ਼ਿਆਂ ਵਿਰੁੱਧ ਜਾਗ੍ਰਿਤੀ ਨਸ਼ਿਆਂ ਦੀ ਰੋਕਥਾਮ ਦੇ ਮੂਲ ਹੱਲ ਹਨ । ਲੰਮੇ ਸਮੇਂ ਤੋਂ ਪ੍ਰਾਂਤ ਵਿਚ ਇਹ ਪ੍ਰਸਥਿਤੀਆਂ ਜਿਉਂ ਦੀਆਂ ਤਿਉਂ ਹਨ । ਸਪਲਾਈ ਲਾਈਨ ਨੂੰ ਰੋਕਣਾ ਇੰਨਾ ਗੁੰਝਲਦਾਰ ਤੇ ਪੇਚੀਦਾ ਕਿਉਂ ਹੋ ਗਿਆ ਹੈ, ਨਸ਼ਿਆਂ ਦੀ ਰੋਕਥਾਮ ਲਈ ਇਹ ਇਕ ਅਹਿਮ ਸਵਾਲ ਹੈ । ਨਸ਼ਿਆਂ ਦੀ ਵੱਡੀ ਪੱਧਰ 'ਤੇ ਬਰਾਮਦਗੀ ਹੋਣ ਦੇ ਬਾਵਜੂਦ ਨਸ਼ਿਆਂ ਦਾ ਪ੍ਰਵਾਹ ਨਿਰੰਤਰ ਜਾਰੀ ਹੈ ।

ਇਹ ਅਪ੍ਰੈਲ 2022 ਜਲੰਧਰ ਸ਼ਹਿਰ ਦੀ ਗੱਲ ਹੈ ।ਦਿਨ ਢਲਦਿਆਂ ਹੀ ਮੋਬਾਈਲ ਫੋਨ, ਚੇਨੀਆਂ ਤੇ ਪਰਸ ਝਪਟਣ ਦੀਆਂ ਵਾਰਦਾਤਾਂ ਸ਼ੁਰੂ ਹੋ ਜਾਂਦੀਆਂ ਤੇ ਦੇਰ ਰਾਤ ਤੱਕ ਜਾਰੀ ਰਹਿੰਦੀਆਂ ।ਇਹ ਸਾਡੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਸੀ ਙ ਇਕ ਦਿਨ ਦੇ ਵੱਡੇ ਤੜਕੇ ਸ਼ਹਿਰ ਵਿਚੋਂ ਨਸ਼ੇ ਦੇ ਗੰਭੀਰ ਆਦੀ 15-20 ਵਿਅਕਤੀਆਂ ਨੂੰ ਇਕੱਠੇ ਕਰ ਲਿਆ ਗਿਆ ।ਹਰ ਇਕ ਖਿਲਾਫ਼ ਨਸ਼ਿਆਂ ਦੇ ਪੰਜ-ਪੰਜ, ਸੱਤ-ਸੱਤ ਮੁਕੱਦਮੇ ਦਰਜ ਸਨ ਙ ਕਈਆਂ ਦੇ ਘਰਾਂ ਵਿਚੋਂ ਮੋਬਾਈਲ ਫ਼ੋਨ ਤੇ ਖ਼ਾਲੀ ਪਰਸ ਮਿਲੇ ਙ ਸਾਰਿਆਂ ਦੇ ਸਰੀਰ ਟੀਕੇ ਲਾ ਲਾ ਦਾਗ਼ੀ ਹੋਏ ਪਏ ਸਨ ਙ ਉਨ੍ਹਾਂ ਵਿਚੋਂ ਤਿੰਨਾਂ ਦੀਆਂ ਬਾਹਵਾਂ ਤੋਂ ਗਿੱਟਿਆਂ ਤੱਕ ਸਰੀਰ ਦਾ ਅੰਗ-ਅੰਗ ਟੀਕਿਆਂ ਨਾਲ ਵਿੰਨ੍ਹਿਆ ਪਿਆ ਸੀ ।ਉਸ ਦਿਨ ਤੋਂ ਹਫ਼ਤੇ ਤੱਕ ਝਪਟਣ ਦੀਆਂ ਘਟਨਾਵਾਂ ਨਾ-ਮਾਤਰ ਹੋਈਆਂ । ਹੌਲ਼ੀ-ਹੌਲ਼ੀ ਇਨ੍ਹਾਂ ਵਾਰਦਾਤਾਂ ਦਾ ਗ੍ਰਾਫ਼ ਫਿਰ ਵਧਣ ਲੱਗ ਪਿਆ ।ਦਰਅਸਲ, ਨਸ਼ੇ ਦੇ ਪੱਕੇ ਆਦੀ ਨਸ਼ਿਆਂ ਦੀ ਸਪਲਾਈ ਲਾਈਨ ਟੁੱਟਣ ਨਹੀਂ ਦਿੰਦੇ।

ਪਰਦੇ ਪਿੱਛੇ ਕਈ ਹੋਰ ਕਾਰਨ ਨਸ਼ਿਆਂ ਦੀ ਰੋਕਥਾਮ ਲਈ ਵੱਡੇ ਅੜਿੱਕੇ ਹਨ । ਅਮੀਰ-ਗ਼ਰੀਬ ਵਿਚਕਾਰ ਨਿਰੰਤਰ ਵਧਦਾ ਫ਼ਾਸਲਾ ਅਤੇ ਸਮਾਜ ਦੇ ਕੁਝ ਵਰਗਾਂ ਵਲੋਂ ਨਸ਼ਿਆਂ ਦੇ ਵਪਾਰ ਨੂੰ ਮੋਟੀ ਕਮਾਈ ਵਾਲਾ ਧੰਦਾ ਸਮਝ ਕੇ ਜਾਰੀ ਰੱਖਣਾ ਨਸ਼ਿਆਂ ਦੀ ਰੋਕਥਾਮ ਲਈ ਅਣਦਿਸਦੇ ਤੇ ਵੱਡੇ ਕਾਰਨ ਹਨ । ਸ਼ਰਾਬ ਦਾ ਬਹੁਤ ਵੱਧ ਸੇਵਨ ਅਤੇ ਵਿਆਹਾਂ ਦੇ ਵੱਡੇ ਖ਼ਰਚੇ ਪੰਜਾਬ ਦੇ ਕੈਨਵਸ 'ਤੇ ਨਸ਼ਿਆਂ ਦਾ ਧਰਾਤਲ ਸਿਰਜਦੇ ਹਨ ।

ਇਹ ਲਗਭਗ 10 ਵਰ੍ਹੇ ਪੁਰਾਣੀ ਗੱਲ ਹੈ ।ਇਕ ਨੌਜਵਾਨ ਸਮੈਕ ਦਾ ਨਸ਼ਾ ਕਰਦਾ ਪਾਇਆ ਗਿਆ ।ਉਸ ਦੀ ਜੇਬ ਵਿਚ ਇਕ ਪੁੜੀ ਵੀ ਸੀ । ਮੁਹਤਬਰਾਂ ਤੇ ਮਾਪਿਆਂ ਵਾਸਤਾ ਪਾਇਆ ਕਿ ਅਸੀਂ ਇਸ ਦਾ ਇਲਾਜ ਕਰਵਾ ਦਿੰਦੇ ਹਾਂ ।ਇਲਾਜ ਉਪਰੰਤ ਉਸਨੂੰ ਇਕ ਵਿਅਕਤੀ ਦੀ ਕਾਰ ਦਾ ਡਰਾਇਵਰ ਰਖਵਾ ਦਿੱਤਾ ਗਿਆ । ਉਸ ਨੂੰ ਮਾਣ ਦਿੰਦਿਆਂ ਮੈਂ ਕਿਹਾ,''ਜੇ ਤੇਰਾ ਕਦੇ ਨਸ਼ਾ ਕਰਨ ਨੂੰ ਦਿਲ ਕੀਤਾ ਤਾਂ ਪਹਿਲਾਂ ਮੇਰੇ ਨਾਲ ਫ਼ੋਨ 'ਤੇ ਗੱਲ ਕਰਨੀ ।'' ਸਿਆਲ਼ ਦੀ ਇਕ ਵੱਡੀ ਰਾਤ ਉਸਦਾ ਫ਼ੋਨ ਆਇਆ । ਮੈਂ ਪੁੱਛਿਆ, ''ਨਸ਼ਾ ਕਰਨ ਨੂੰ ਦਿਲ ਕਰਦਾ ਹੈ?'' ''ਨਹੀਂ'' ਉਸਨੇ ਉੱਤਰ ਦਿੱਤਾ । ਉਸਨੇ ਕਿਹਾ, ''ਇਕ ਸੋਚ ਮੈਨੂੰ ਸੌਣ ਨਹੀਂ ਦਿੰਦੀ ।ਮੇਰਾ ਮਾਲਕ ਆਪਣੇ ਇਕ ਮਿੱਤਰ ਨਾਲ ਰਾਤ ਦੇ ਖਾਣੇ ਲਈ ਗਿਆ ।ਉੱਠਦਾ ਹੋਇਆ ਉਹ ਬਿੱਲ ਅਗਲੀ ਸੀਟ 'ਤੇ ਭੁੱਲ ਗਿਆ। ਮੇਰੀ ਮਹੀਨੇ ਦੀ ਤਨਖ਼ਾਹ 5500 ਰੁਪਏ ਹੈ, ਜਦ ਕਿ ਉਨ੍ਹਾਂ ਦੋ ਜਣਿਆਂ ਦੇ ਇਕ ਵੇਲੇ ਦੇ ਖਾਣੇ ਦਾ ਬਿੱਲ 6500 ਰੁਪਏ ਹੈ।ਙ'' ਇੰਨਾ ਵੱਡਾ ਫ਼ਰਕ ਨੌਜਵਾਨਾਂ ਦਾ ਕਿਰਤ ਵਿਚ ਮਨ ਨਹੀਂ ਲੱਗਣ ਦਿੰਦਾ ।

ਕਈ ਕਈ ਪਿੰਡਾਂ ਵਿਚ ਘਰਾਂ ਦੇ ਘਰ, ਪਰਿਵਾਰ ਦੇ ਸਾਰੇ ਮੈਂਬਰ ਹੀ ਨਸ਼ਾ ਵੇਚਣ ਦੇ ਧੰਦੇ ਵਿਚ ਪੈ ਗਏ ਹਨ । ਉਨ੍ਹਾਂ ਆਪਣੇ ਬੱਚਿਆਂ ਨੂੰ ਵੀ ਇਸ ਕਾਲੇ ਧੰਦੇ ਦਾ ਹਿੱਸਾ ਬਣਾ ਲਿਆ ਹੈ ।ਲੁਧਿਆਣਾ ਨੇੜਲੇ ਇਕ ਪਿੰਡ ਦੀ ਔਰਤ ਨਸ਼ਿਆਂ ਦੀ ਬਰਾਮਦਗੀ ਸੰਬੰਧੀ ਗ੍ਰਿਫ਼ਤਾਰ (2008) ਕੀਤੀ ਗਈ ਙ ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਸਮੇਤ ਉਸ ਦੇ ਘਰ ਦੇ ਸੱਤ ਬਾਲਗ ਮੈਂਬਰ ਹਨ, ਜਿਨ੍ਹਾਂ ਵਿਚੋਂ ਚਾਰ ਉਸ ਸਮੇਂ ਨਸ਼ਿਆਂ ਦੇ ਮੁਕੱਦਮਿਆਂ ਕਾਰਨ ਜੇਲ੍ਹ ਵਿਚ ਸਨ।

ਇਹ ਸਾਲ 2012 ਫ਼ਰੀਦਕੋਟ ਜ਼ਿਲ੍ਹੇ ਦੀ ਘਟਨਾ ਹੈ ਙ ਨਸ਼ਿਆਂ ਸੰਬੰਧੀ ਇਕ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ । ਜਦ ਪੁਲਿਸ ਨੇ ਉਸ ਦਾ ਖੁਰਾ ਖੋਜ ਭਾਲਿਆ ਤਾਂ ਪਤਾ ਲੱਗਾ ਕਿ ਉਹ ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਨੇੜਲੇ ਪਿੰਡ ਦਾ ਰਹਿਣ ਵਾਲਾ ਹੈ । ਜਦ ਨਸ਼ਾ ਵੇਚਣ ਸੰਬੰਧੀ ਉਸ ਵਿਰੁੱਧ ਮੁਕੱਦਮਾ ਦਰਜ ਹੋਇਆ ਤਾਂ ਉਸ ਨੇ ਆਪਣਾ ਟਿਕਾਣਾ ਬਦਲ ਲਿਆ । ਇਹ ਪਿਛਲੇ 20 ਵਰ੍ਹਿਆਂ ਦੌਰਾਨ ਉਸਦਾ ਪੰਜਵਾਂ ਟਿਕਾਣਾ ਸੀ ।ਉਸ ਸਮੇਂ ਉਸ ਦੇ ਦੋਵੇਂ ਲੜਕੇ ਵੀ ਨਸ਼ਿਆਂ ਦੇ ਮੁਕੱਦਮਿਆਂ ਅਧੀਨ ਜੇਲ੍ਹ ਵਿਚ ਬੰਦ ਸਨ ।

ਲਗਭਗ ਪੰਦਰਾਂ ਵਰ੍ਹੇ ਪੁਰਾਣੀ ਗੱਲ ਹੈ ।ਆਪਣੇ ਘਰੋਂ ਚਾਲੀ ਕਿੱਲੋਮੀਟਰ ਦੂਰ ਕਾਲਜ ਪੜ੍ਹਦਾ ਇਕ ਨੌਜਵਾਨ ਨਸ਼ਿਆਂ ਦਾ ਆਦੀ ਹੋ ਗਿਆ ਙ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਉਹ ਕਾਲਜ ਫੀਸ ਤੇ ਟਿਊਸ਼ਨ ਦੇ ਪੈਸੇ ਲੈ ਕੇ ਹੈਰੋਇਨ ਪੀਂਦਾ ਰਿਹਾ ।ਸਾਲ ਬਾਅਦ ਕਾਲਜ ਪ੍ਰਿੰਸੀਪਲ ਦੀ ਚਿੱਠੀ ਆਉਣ 'ਤੇ ਹੀ ਇਹ ਭੇਦ ਖੁੱਲ੍ਹਿਆ ਙ ਘਬਰਾਹਟ ਵਿਚ ਉਸ ਦੀ ਮਾਂ ਤੋਂ ਘਾਤਕ ਗ਼ਲਤੀ ਹੋਈ ।ਚਿੱਠੀ ਪੜ੍ਹਦਿਆਂ ਹੀ ਉਸ ਨੇ ਆਪਣੇ ਪੁੱਤ ਦਾ ਫ਼ੋਨ ਮਿਲਾਇਆ । ਉਦੋਂ ਉਹ ਆਪਣੇ ਹੀ ਸ਼ਹਿਰ ਦੇ ਬੱਸ ਅੱਡੇ 'ਤੇ ਉਤਰ ਰਿਹਾ ਸੀ ।ਤਦ ਉਸ ਨੇ ਪ੍ਰਿੰਸੀਪਲ ਵੱਲੋਂ ਆਈ ਚਿੱਠੀ ਪੁੱਤ ਨੂੰ ਪੜ੍ਹ ਕੇ ਸੁਣਾ ਦਿੱਤੀ ।ਇੱਕੋ ਗੱਲ ਹੀ ਉਸ ਨੇ ਚਿੱਠੀ ਤੋਂ ਬਾਹਰ ਆਖੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਤੇਰਾ ਪਿਓ ਤੇਰੇ ਕਾਲਜ ਗਿਆ ਹੋਇਆ ਹੈ । ਉਹ ਪਲ ਤੇ ਆਹ ਦਿਨ, ਉਹ ਨੌਜਵਾਨ ਕਦੇ ਘਰ ਵਾਪਸ ਨਹੀਂ ਆਇਆ ।ਤਿੰਨ ਵਰ੍ਹੇ ਲੰਘ ਜਾਣ 'ਤੇ ਵੀ ਉਹ ਔਰਤ ਮਹੀਨੇ ਵਿੱਚ ਇੱਕ-ਅੱਧ ਵਾਰ ਆਪਣੇ ਪੁੱਤ ਨੂੰ ਲੱਭਣ ਕਾਲਜ ਜ਼ਰੂਰ ਜਾਂਦੀ ਹੈ ।ਉਹ ਥੋੜ੍ਹੀ ਦੇਰ ਕਾਲਜ ਕੰਟੀਨ ਵਿਚ ਬੈਠਦੀ ਹੈ । ਸਟੱਡੀ ਰੂਮਜ਼ ਵਿਚ ਲੱਗੀਆਂ ਕਲਾਸਾਂ ਸ਼ੀਸ਼ਿਆਂ ਰਾਹੀਂ ਵੇਖਣ ਲਗਦੀ ਹੈ ਙ ਛੁੱਟੀ ਹੋਣ 'ਤੇ ਕੁਝ ਵਿਦਿਆਰਥੀਆਂ ਤੋਂ ਆਪਣੇ ਪੁੱਤ ਬਾਰੇ ਪੁੱਛ-ਪੜਤਾਲ ਦਾ ਯਤਨ ਕਰਦੀ ਹੈ ।ਵਾਪਸ ਮੁੜਦੀ ਹੋਈ ਉਹ ਕਾਲਜ ਦੇ ਮੁੱਖ ਗੇਟ 'ਤੇ ਖੜ੍ਹ ਕੇ ਹੱਥ ਜੋੜਦੀ ਹੈ ਤੇ ਸਿਰ ਝੁਕਾਉਂਦੀ ਹੈ ।ਕੋਈ ਅਰਦਾਸ ਕਰਦੀ ਹੈ ਜਾਂ ਉਲਾਂਭਾ ਦਿੰਦੀ ਹੈ, ਉਸ ਦੇ ਬੋਲਾਂ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ।

'ਮੈਂ ਜਾਇਆ ਪੂਰਨ ਭਗਤਾਂ ਨੂੰ ,
ਅੱਜ ਸਾਂਭਿਓ ਮੇਰੇ ਵਕਤਾਂ ਨੂੰ।'

ਇਕ ਔਰਤ ਨਸ਼ੇ ਦੀਆਂ ਪੁੜੀਆਂ ਖ਼ਰੀਦ ਰਹੀ ਸੀ ਙ ਉਸ ਦੀ ਦਿੱਖ ਤੋਂ ਇਹ ਬਹੁਤ ਅਜੀਬ ਲੱਗਿਆ ।ਜਦ ਉਸ ਤੋਂ ਇਸ ਦੀ ਪੁੱਛਗਿੱਛ ਕੀਤੀ ਗਈ ਤਾਂ ਪਾਣੀ ਧਰਾ਼ਲਾਂ ਵਾਂਗ ਉਸਦੀਆਂ ਅੱਖਾਂ 'ਚੋਂ ਵਗ ਤੁਰਿਆ, ''ਮੇਰਾ ਪੁੱਤ ਨਸ਼ਿਆਂ 'ਤੇ ਲੱਗ ਗਿਆ ਹੈ ।ਅਸੀਂ ਉਸਨੂੰ ਬਾਹਰ ਨਹੀਂ ਜਾਣ ਦਿੰਦੇ ਙ ਹਰ ਤੀਜੇ-ਚੌਥੇ ਦਿਨ ਨਸ਼ਾ ਮੈਂ ਹੀ ਉਸ ਨੂੰ ਲਿਆ ਕੇ ਦਿੰਦੀ ਹਾਂ ।'' ਪੁੱਤਾਂ ਦੇ ਸਿਰੋਂ ਪਾਣੀ ਵਾਰ-ਵਾਰ ਪੀਂਦੀਆਂ ਮਾਵਾਂ ਜ਼ਿੰਦਗੀ ਦੇ ਕਿਸ ਮੁਕਾਮ 'ਤੇ ਜਾ ਖੜ੍ਹੀਆਂ ਹਨ।

- ਮੁਹਿੰਮਾਂ, ਜਿੱਤਾਂ ਲਈ ਵਿਸ਼ੇਸ਼ ਰੋਲ ਨਿਭਾਉਂਦੀਆਂ ਹਨ । ਨਸ਼ਿਆਂ ਵਿਰੁੱਧ ਅਜਿਹੇ ਸਮੂਹਿਕ ਤੇ ਵੱਡੀ ਪੱਧਰ ਦੇ ਯਤਨ ਸ਼ਲਾਘਾਯੋਗ ਹਨ ਙ ਪਰ ਨਸ਼ਿਆਂ ਵਿਰੁੱਧ ਲੜਾਈ ਲਈ ਬਹੁਪੱਖੀ ਤੇ ਨਿਰੰਤਰ ਯਤਨਾਂ ਦੀ ਲੋੜ ਹੈ ਙ ਇਸ ਮੁਹਿੰਮ ਦੀ ਨਿਗਰਾਨੀ ਲਈ ਪੰਜ ਕੈਬਨਿਟ ਮੰਤਰੀਆਂ ਦਾ ਗਠਨ ਸ਼ਲਾਘਾਯੋਗ ਕਦਮ ਹੈ ਙ ਇਸ ਨਾਲ ਫੀਲਡ 'ਚ ਕੰਮ ਕਰਦੇ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਇਸ ਦੀ ਅਹਿਮੀਅਤ ਦਾ ਅਹਿਸਾਸ ਹੋਵੇਗਾ ਙ।ਨਸ਼ਿਆਂ ਦੀ ਰੋਕਥਾਮ ਲਈ ਹਰ ਮਹੀਨੇ ਦੇ ਆਖ਼ਰੀ ਦਿਨ ਪ੍ਰਾਂਤ ਪੱਧਰ 'ਤੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਮੁਖੀਆਂ ਦੀ ਮੀਟਿੰਗ ਦੌਰਾਨ ਇਨ੍ਹਾਂ ਯਤਨਾਂ ਦਾ ਮੁਲਾਂਕਣ ਹੋਣਾ ਵਿਸ਼ੇਸ਼ ਉਪਰਾਲਾ ਹੋਵੇਗਾ ।
- ਨਸ਼ਿਆਂ ਦੀ ਰੋਕਥਾਮ ਲਈ ਪ੍ਰਸ਼ਾਸਨਿਕ ਤੇ ਰਾਜਨੀਤਿਕ ਖੇਤਰ ਦੀ ਵਚਨਬੱਧਤਾ ਤੇ ਜ਼ਿੰਮੇਵਾਰੀ ਸਮੇਂ ਦੀ ਅਹਿਮ ਲੋੜ ਹੈ ।
- ਸਪਲਾਈ ਲਾਈਨ ਨੂੰ ਤੋੜਨਾ ਇਸ ਜੱਦੋ-ਜਹਿਦ ਦਾ ਅਹਿਮ ਪਹਿਲੂ ਹੈ ।ਇਹ ਸਮੱਸਿਆ ਦਾ ਕੇਂਦਰ-ਬਿੰਦੂ ਹੈ ਙ ਇਸ ਲਈ ਪੁਲਿਸ ਵਿਭਾਗ ਕੋਲ ਨਫ਼ਰੀ ਦੀ ਘਾਟ ਹੈ ।ਤਫ਼ਤੀਸ਼ ਪੇਚੀਦਾ ਤੇ ਸਮਾਂਬੱਧ ਹੈ । ਇਸ ਸਮੱਸਿਆ ਲਈ ਲੋੜੀਂਦੇ ਸਾਧਨਾਂ ਦੀ ਲੋੜ ਹੈ।
- ਇਸ ਮੁਹਿੰਮ ਤਹਿਤ ਜਿਵੇਂ ਸਪਲਾਈ ਲਾਈਨ ਤੋੜਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ, ਇਵੇਂ ਹੀ ਨਸ਼ਾ ਛੁਡਾਉਣ ਲਈ ਵੀ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ । ਨਸ਼ਾ ਛੁਡਾਊ ਮਾਹਿਰਾਂ ਤੇ ਕੌਂਸਲਰਾਂ ਦੀ ਗਿਣਤੀ ਸਮੱਸਿਆ ਦੇ ਮੁਕਾਬਲੇ ਬਹੁਤ ਘੱਟ ਹੈ । ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਛਾਣਬੀਣ ਕਰਨੀ ਜ਼ਰੂਰੀ ਹੈ । ਸਿਹਤ ਵਿਭਾਗ ਵਲੋਂ ਅਹਿਮ ਰੋਲ ਅਦਾ ਕਰਨ ਦੀ ਲੋੜ ਹੈ ।

  ਸਕੂਲਾਂ ਵਿਚ ਨਸ਼ਿਆਂ ਬਾਰੇ ਇਕ ਪੀਰੀਅਡ ਨਸ਼ਿਆਂ ਵਿਰੁੱਧ ਜਾਗ੍ਰਿਤੀ, ਨੈਤਿਕਤਾ ਤੇ ਹੋਰ ਸਮਾਜਿਕ ਕੁਰੀਤੀਆਂ ਬਾਰੇ ਹੋਣਾ ਚਾਹੀਦਾ ਹੈ ।
- ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਇਕ ਦਿਨ ਲੋਕਾਂ ਦੇ ਸਹਿਯੋਗ ਨਾਲ ਹੀ ਪ੍ਰਵਾਨ ਚੜ੍ਹਨੀ ਹੈ । ਇਸ ਸੰਬੰਧ ਵਿਚ ਨਸ਼ਾ ਰੋਕੂ ਕਮੇਟੀਆਂ ਦੇ ਮੁੜ ਨਿਰਮਾਣ ਦੀ ਲੋੜ ਹੈ ।ਇਸ ਉਦੇਸ਼ ਲਈ ਸਮਾਜਿਕ ਸੁਰੱਖਿਆ ਅਤੇ ਪੇਂਡੂ ਵਿਕਾਸ ਮਹਿਕਮਿਆਂ ਵਲੋਂ ਪੂਰਨ ਸ਼ਮੂਲੀਅਤ, ਸੇਧ ਅਤੇ ਸਹਾਇਤਾ ਦੀ ਅਹਿਮ ਲੋੜ ਹੈ ।

ਇਹ ਸਾਲ 2014 ਫ਼ਿਰੋਜ਼ਪੁਰ ਜ਼ਿਲ੍ਹੇ ਦੀ ਘਟਨਾ ਹੈ । ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤੋਂ ਉਤਸ਼ਾਹਿਤ ਹੋ ਕੇ ਇਕ ਬੁੱਢੀ ਮਾਂ ਨੇ ਨਸ਼ਈ ਜਵਾਈ ਵਿਰੁੱਧ ਸੂਚਨਾ ਦਿੱਤੀ । ਉਸ ਦੀਆਂ ਦੋਹਤੀਆਂ ਜਵਾਨੀ ਦੇ ਬੂਹੇ 'ਤੇ ਆ ਖਲੋਤੀਆਂ ਸਨ, ਲੇਕਿਨ ਉਸ ਦਾ ਜਵਾਈ ਨਸ਼ਿਆਂ ਦੀ ਲੋੜ ਪੂਰੀ ਕਰਦਾ-ਕਰਦਾ ਜਾਇਦਾਦ ਦਾ ਵੱਡਾ ਹਿੱਸਾ ਵੇਚ ਚੁੱਕਾ ਸੀ ।ਹੁਣ ਉਹ ਦੋ ਖੇਤ ਇਕੱਠੇ ਵੇਚਣ ਦੀ ਤਿਆਰੀ ਕਰ ਰਿਹਾ ਸੀ ।ਬੁੱਢੀ ਮਾਂ ਨੇ ਕਚਹਿਰੀ ਦੇ ਗੇੜਿਆਂ ਦੀ ਪੂਰੀ ਕਨਸੋਅ ਰੱਖੀ ।ਉਸ ਨੇ ਦੋਵੇਂ ਦੋਹਤੀਆਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਰਖ਼ਾਸਤ ਦਿੱਤੀ ਕਿ ਬੱਚੀਆਂ ਦੀ ਜਾਇਦਾਦ ਉਨ੍ਹਾਂ ਦਾ ਬਾਪ ਅੱਗੇ ਨਾ ਵੇਚ ਸਕੇ ।ਇਸੇ ਦਰਖ਼ਾਸਤ ਦੀ ਇੱਕ ਕਾਪੀ ਲੈ ਕੇ ਉਹ ਤਿੰਨੋਂ ਮੇਰੇ ਦਫ਼ਤਰ ਆਈਆਂ ਸਨ ।ਇਸ਼ਾਰੇ ਨਾਲ ਦੋਵੇਂ ਕੁੜੀਆਂ ਨੂੰ ਦਫ਼ਤਰ ਤੋਂ ਬਾਹਰ ਭੇਜ ਉਹ ਨਸ਼ਿਆਂ ਬਾਰੇ ਸੂਚਨਾ ਦੇਣ ਲੱਗੀ ।ਨਸ਼ਾ ਖ਼ਰੀਦਣ ਵਾਲਿਆਂ ਦਾ ਸਮਾਂ, ਪੁੜੀਆਂ ਕਿੱਥੇ-ਕਿੱਥੇ ਪਈਆਂ ਹੁੰਦੀਆਂ ਹਨ ਤੇ ਪੈਸੇ ਦੀ ਸੰਭਾਲ ਕਿਵੇਂ ਤੇ ਕਿੱਥੇ ਕੀਤੀ ਜਾਂਦੀ ਹੈ, ਉਸ ਨੇ ਦੱਬਵੀਂ ਆਵਾਜ਼ ਵਿਚ ਹਾਲਾਤ ਨੂੰ ਪੂਰੇ ਵਿਸਥਾਰ ਨਾਲ ਖੋਲ੍ਹਿਆ ਙ ਅਗਲੀ ਸਵੇਰ ਹੀ ਛਾਪਾ ਮਾਰਿਆ ਗਿਆ । ਨਸ਼ਿਆਂ ਦਾ ਤਸਕਰ ਜੇਲ੍ਹ ਚਲਿਆ ਗਿਆ ਤੇ ਬੁੱਢੀ ਮਾਂ ਕੋਲ ਬੈਠ ਕੇ ਨਸ਼ਈ ਜਵਾਈ ਦਾ ਇਲਾਜ ਕਰਾਉਣ ਲੱਗੀ ।

ਪਰਿਵਾਰਕ ਤੇ ਸਮਾਜਿਕ ਪੱਧਰ 'ਤੇ ਅਜਿਹੇ ਯਤਨਾਂ ਦੀ ਲੋੜ ਹੈ । ਪੰਜਾਬ ਦੀ ਅਸਹਿ ਪੀੜ ਨੂੰ ਮੁੱਖ ਰੱਖਦਿਆਂ ਸਾਨੂੰ ਨਸ਼ਿਆਂ ਦੀ ਰੋਕਥਾਮ ਲਈ ਕੰਡਿਆਂ ਦੀ ਚੋਭ ਵੀ ਸਹਾਰ ਲੈਣੀ ਚਾਹੀਦੀ ਹੈ।

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

# ਭੋਜਨ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੀ ਵਧਦੀ ਸਮੱਸਿਆ

ਲੇਖਕ : ਡਾ. ਸਤਯਵਾਨ ਸੌਰਭ
ਮੋਬਾਈਲ: 9466526148



*"ਭਾਰਤ ਵਿੱਚ ਜਾਂਚ ਕੀਤੇ ਗਏ 50% ਤੋਂ ਵੱਧ ਭੋਜਨ ਨਮੂਨਿਆਂ ਵਿੱਚ ਕੀਟਨਾਸ਼ਕਾਂ ਦੇ ਅਵਸ਼ੇਸ਼ ਪਾਏ ਗਏ ਹਨ। ਕੁਝ ਖਾਣ-ਪੀਣ ਦੀਆਂ ਵਸਤੂਆਂ, ਜਿਵੇਂ ਕਿ ਸਬਜ਼ੀਆਂ, ਫਲ, ਅਨਾਜ, ਦਾਲਾਂ ਅਤੇ ਮਸਾਲੇ, ਰੈਗੂਲੇਟਰੀ ਸੰਸਥਾਵਾਂ ਦੁਆਰਾ ਨਿਰਧਾਰਤ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾ (ਲ਼ਸ) ਤੋਂ ਵੱਧ ਪਾਈਆਂ ਗਈਆਂ ਹਨ। ਕੀਟਨਾਸ਼ਕਾਂ ਦੀ ਵਰਤੋਂ ਫਸਲਾਂ 'ਤੇ ਕੀੜੇ-ਮਕੌੜਿਆਂ, ਉੱਲੀ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ ਅਤੇ ਇਹ ਪਾਣੀ, ਮਿੱਟੀ ਅਤੇ ਹਵਾ ਰਾਹੀਂ ਲਿਜਾਈਆਂ ਜਾ ਸਕਦੀਆਂ ਹਨ, ਜਿਸ ਨਾਲ ਨੇੜਲੀਆਂ ਫਸਲਾਂ ਪ੍ਰਭਾਵਿਤ ਹੁੰਦੀਆਂ ਹਨ। ਇਸ ਤੋਂ ਇਲਾਵਾ, ਸਟੋਰੇਜ ਅਤੇ ਆਵਾਜਾਈ ਦੌਰਾਨ ਖਰਾਬ ਹੋਣ ਤੋਂ ਰੋਕਣ ਲਈ ਕੁਝ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਫਲਾਂ ਅਤੇ ਸਬਜ਼ੀਆਂ ਜਿਵੇਂ ਕਿ ਸੇਬ, ਅੰਗੂਰ, ਸਟ੍ਰਾਬੇਰੀ, ਪਾਲਕ, ਟਮਾਟਰ ਅਤੇ ਆਲੂ ਵਿੱਚ ਅਕਸਰ ਮਹੱਤਵਪੂਰਨ ਕੀਟਨਾਸ਼ਕ ਰਹਿੰਦ-ਖੂੰਹਦ ਹੁੰਦੇ ਹਨ। ਚੌਲ, ਕਣਕ, ਦਾਲਾਂ ਅਤੇ ਛੋਲਿਆਂ ਵਰਗੇ ਮੁੱਖ ਭੋਜਨਾਂ ਵਿੱਚ ਵੀ ਨੁਕਸਾਨਦੇਹ ਕੀਟਨਾਸ਼ਕ ਹੋ ਸਕਦੇ ਹਨ।"*

ਭੋਜਨ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਥੋੜ੍ਹੀ ਮਾਤਰਾ ਵਿੱਚ ਕੀਟਨਾਸ਼ਕ ਹੁੰਦੇ ਹਨ ਜੋ ਫਸਲਾਂ 'ਤੇ ਵਰਤੇ ਜਾਣ ਤੋਂ ਬਾਅਦ ਭੋਜਨ 'ਤੇ ਜਾਂ ਅੰਦਰ ਰਹਿੰਦੇ ਹਨ। ਇਹ ਰਹਿੰਦ-ਖੂੰਹਦ ਖਾਸ ਕੀਟਨਾਸ਼ਕ ਅਤੇ ਇਸਦੀ ਗਾੜ੍ਹਾਪਣ 'ਤੇ ਨਿਰਭਰ ਕਰਦੇ ਹੋਏ, ਸੰਭਾਵੀ ਤੌਰ 'ਤੇ ਸਿਹਤ ਲਈ ਜੋਖਮ ਪੈਦਾ ਕਰ ਸਕਦੇ ਹਨ। ਭਾਰਤ ਵਿਸ਼ਵ ਪੱਧਰ 'ਤੇ ਕੀਟਨਾਸ਼ਕਾਂ ਦੇ ਸਭ ਤੋਂ ਵੱਡੇ ਖਪਤਕਾਰਾਂ ਵਿੱਚੋਂ ਇੱਕ ਹੈ, ਜੋ ਫਸਲਾਂ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਖੇਤੀਬਾੜੀ ਵਿੱਚ ਇਨ੍ਹਾਂ ਦੀ ਵਿਆਪਕ ਵਰਤੋਂ ਕਰਦਾ ਹੈ। ਹਾਲਾਂਕਿ, ਭੋਜਨ ਵਿੱਚ ਕੀਟਨਾਸ਼ਕਾਂ ਦੇ ਅਵਸ਼ੇਸ਼ਾਂ ਦਾ ਪਤਾ ਲੱਗਣਾ ਇੱਕ ਮਹੱਤਵਪੂਰਨ ਸਿਹਤ ਮੁੱਦਾ ਬਣ ਕੇ ਉਭਰਿਆ ਹੈ। ਖੋਜ ਦਰਸਾਉਂਦੀ ਹੈ ਕਿ ਇਹ ਰਹਿੰਦ-ਖੂੰਹਦ ਭਾਰਤ ਵਿੱਚ ਜ਼ਿਆਦਾਤਰ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਮੌਜੂਦ ਹਨ, ਜਿਨ੍ਹਾਂ ਵਿੱਚੋਂ ਕੁਝ ਸੁਰੱਖਿਅਤ ਸੀਮਾਵਾਂ ਤੋਂ ਵੱਧ ਪੱਧਰ 'ਤੇ ਹਨ। ਇਹ ਸਥਿਤੀ ਗੰਭੀਰ ਸਿਹਤ ਚਿੰਤਾਵਾਂ ਪੈਦਾ ਕਰਦੀ ਹੈ ਅਤੇ ਬਿਹਤਰ ਭੋਜਨ ਸੁਰੱਖਿਆ ਨਿਯਮਾਂ ਅਤੇ ਵਧੇਰੇ ਜਨਤਕ ਜਾਗਰੂਕਤਾ ਦੀ ਜ਼ਰੂਰਤ ਨੂੰ ਉਜਾਗਰ ਕਰਦੀ ਹੈ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਵੱਲੋਂ ਭੋਜਨ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੀ ਨਿਗਰਾਨੀ ਲਈ ਇੱਕ ਵਿਆਪਕ ਰਾਸ਼ਟਰੀ ਰਣਨੀਤੀ ਲਈ ਹਾਲ ਹੀ ਵਿੱਚ ਕੀਤਾ ਗਿਆ ਸੱਦਾ ਭਾਰਤ ਵਿੱਚ ਜਨਤਕ ਸਿਹਤ ਅਤੇ ਭੋਜਨ ਸੁਰੱਖਿਆ ਨੂੰ ਵਧਾਉਣ ਲਈ ਮਹੱਤਵਪੂਰਨ ਹੈ। ਕੀਟਨਾਸ਼ਕਾਂ ਨਾਲ ਭੋਜਨ ਦੀ ਦੂਸ਼ਿਤਤਾ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰਦੀ ਹੈ, ਜੋ ਕਿ ਆਧੁਨਿਕ ਖੇਤੀ ਅਭਿਆਸਾਂ ਅਤੇ ਰਸਾਇਣਾਂ ਦੀ ਲਾਪਰਵਾਹੀ ਨਾਲ ਵਰਤੋਂ ਕਾਰਨ ਹੋਰ ਵੀ ਬਦਤਰ ਹੋ ਗਈ ਹੈ। ਹਾਲਾਂਕਿ ਕਈ ਰੈਗੂਲੇਟਰੀ ਉਪਾਅ ਲਾਗੂ ਹਨ, ਪਰ ਨਿਗਰਾਨੀ, ਲਾਗੂ ਕਰਨ ਅਤੇ ਜਨਤਕ ਸਿੱਖਿਆ ਵਿੱਚ ਪਾੜੇ ਹਨ, ਜਿਸ ਲਈ ਕੇਂਦਰੀ ਅਤੇ ਰਾਜ ਪੱਧਰ 'ਤੇ ਮਜ਼ਬੂਤ ਸਰਕਾਰੀ ਕਾਰਵਾਈ ਦੀ ਲੋੜ ਹੈ।

ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ (ਢਸ਼ਸ਼ਅੀ) ਦੀਆਂ ਰਿਪੋਰਟਾਂ ਅਤੇ ਵੱਖ-ਵੱਖ ਸੁਤੰਤਰ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਵਿੱਚ ਟੈਸਟ ਕੀਤੇ ਗਏ 50% ਤੋਂ ਵੱਧ ਭੋਜਨ ਨਮੂਨਿਆਂ ਵਿੱਚ ਕੀਟਨਾਸ਼ਕਾਂ ਦੇ ਅਵਸ਼ੇਸ਼ ਪਾਏ ਜਾਂਦੇ ਹਨ। ਕੁਝ ਖਾਣ-ਪੀਣ ਦੀਆਂ ਵਸਤੂਆਂ, ਜਿਵੇਂ ਕਿ ਸਬਜ਼ੀਆਂ, ਫਲ, ਅਨਾਜ, ਦਾਲਾਂ ਅਤੇ ਮਸਾਲੇ, ਰੈਗੂਲੇਟਰੀ ਸੰਸਥਾਵਾਂ ਦੁਆਰਾ ਨਿਰਧਾਰਤ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾ (ਲ਼ਸ) ਤੋਂ ਵੱਧ ਪਾਈਆਂ ਗਈਆਂ ਹਨ। ਕੀਟਨਾਸ਼ਕਾਂ ਦੀ ਵਰਤੋਂ ਫਸਲਾਂ 'ਤੇ ਕੀੜੇ-ਮਕੌੜਿਆਂ, ਉੱਲੀ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ ਅਤੇ ਇਹ ਪਾਣੀ, ਮਿੱਟੀ ਅਤੇ ਹਵਾ ਰਾਹੀਂ ਲਿਜਾਈਆਂ ਜਾ ਸਕਦੀਆਂ ਹਨ, ਜਿਸ ਨਾਲ ਨੇੜਲੀਆਂ ਫਸਲਾਂ ਪ੍ਰਭਾਵਿਤ ਹੁੰਦੀਆਂ ਹਨ। ਇਸ ਤੋਂ ਇਲਾਵਾ, ਸਟੋਰੇਜ ਅਤੇ ਆਵਾਜਾਈ ਦੌਰਾਨ ਖਰਾਬ ਹੋਣ ਤੋਂ ਰੋਕਣ ਲਈ ਕੁਝ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਫਲਾਂ ਅਤੇ ਸਬਜ਼ੀਆਂ ਜਿਵੇਂ ਕਿ ਸੇਬ, ਅੰਗੂਰ, ਸਟ੍ਰਾਬੇਰੀ, ਪਾਲਕ, ਟਮਾਟਰ ਅਤੇ ਆਲੂ ਵਿੱਚ ਅਕਸਰ ਮਹੱਤਵਪੂਰਨ ਕੀਟਨਾਸ਼ਕ ਰਹਿੰਦ-ਖੂੰਹਦ ਹੁੰਦੇ ਹਨ। ਚੌਲ, ਕਣਕ, ਦਾਲਾਂ ਅਤੇ ਛੋਲਿਆਂ ਵਰਗੇ ਮੁੱਖ ਭੋਜਨਾਂ ਵਿੱਚ ਵੀ ਨੁਕਸਾਨਦੇਹ ਕੀਟਨਾਸ਼ਕ ਹੋ ਸਕਦੇ ਹਨ। ਹਲਦੀ, ਧਨੀਆ ਅਤੇ ਜੀਰੇ ਵਰਗੇ ਮਸਾਲਿਆਂ ਵਿੱਚ ਕਈ ਵਾਰ ਕੀਟਨਾਸ਼ਕਾਂ ਦੇ ਪੱਧਰ ਸੁਰੱਖਿਅਤ ਸੀਮਾਵਾਂ ਤੋਂ ਵੱਧ ਹੋ ਸਕਦੇ ਹਨ। ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਵਾਲੇ ਭੋਜਨ ਦਾ ਸੇਵਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ, ਜੋ ਕਿ ਸੰਪਰਕ ਦੀ ਮਾਤਰਾ ਅਤੇ ਮਿਆਦ ਦੇ ਆਧਾਰ 'ਤੇ ਵੱਖ-ਵੱਖ ਹੁੰਦੀਆਂ ਹਨ। ਥੋੜ੍ਹੇ ਸਮੇਂ ਦੇ ਪ੍ਰਭਾਵਾਂ ਵਿੱਚ ਮਤਲੀ, ਚੱਕਰ ਆਉਣੇ, ਸਿਰ ਦਰਦ ਅਤੇ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਸ਼ਾਮਲ ਹੋ ਸਕਦੀਆਂ ਹਨ, ਜਦੋਂ ਕਿ ਲੰਬੇ ਸਮੇਂ ਦੇ ਸੰਪਰਕ ਦੇ ਨਤੀਜੇ ਵਜੋਂ ਬੱਚਿਆਂ ਵਿੱਚ ਕੈਂਸਰ, ਹਾਰਮੋਨਲ ਅਸੰਤੁਲਨ, ਤੰਤੂ ਵਿਗਿਆਨ ਸੰਬੰਧੀ ਵਿਕਾਰ ਅਤੇ ਵਿਕਾਸ ਸੰਬੰਧੀ ਸਮੱਸਿਆਵਾਂ ਵਰਗੀਆਂ ਗੰਭੀਰ ਸਥਿਤੀਆਂ ਹੋ ਸਕਦੀਆਂ ਹਨ।

ਭੋਜਨ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਕਈ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕੈਂਸਰ, ਨਿਊਰੋਲੌਜੀਕਲ ਸਮੱਸਿਆਵਾਂ, ਹਾਰਮੋਨਲ ਵਿਘਨ, ਪ੍ਰਜਨਨ ਚੁਣੌਤੀਆਂ ਅਤੇ ਕਮਜ਼ੋਰ ਇਮਿਊਨ ਸਿਸਟਮ ਸ਼ਾਮਲ ਹਨ। ਕੀਟਨਾਸ਼ਕ ਸਾਡੀ ਮਿੱਟੀ, ਪਾਣੀ ਅਤੇ ਹਵਾ ਨੂੰ ਵੀ ਪ੍ਰਦੂਸ਼ਿਤ ਕਰਦੇ ਹਨ, ਜੋ ਜੈਵ ਵਿਭਿੰਨਤਾ 'ਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ। ਖੇਤੀਬਾੜੀ ਖੇਤਰਾਂ ਵਿੱਚ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਨਿਰੰਤਰ ਮੌਜੂਦਗੀ ਲੰਬੇ ਸਮੇਂ ਲਈ ਮਿੱਟੀ ਦੇ ਪਤਨ ਵਿੱਚ ਯੋਗਦਾਨ ਪਾਉਂਦੀ ਹੈ। ਇਸ ਤੋਂ ਇਲਾਵਾ, ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਹਾਨੀਕਾਰਕ ਰਸਾਇਣ ਮਧੂ-ਮੱਖੀਆਂ ਵਰਗੇ ਪਰਾਗਕਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਵਾਤਾਵਰਣ ਸੰਤੁਲਨ ਨੂੰ ਵਿਗਾੜ ਸਕਦੇ ਹਨ ਅਤੇ ਫਸਲਾਂ ਦੀ ਪੈਦਾਵਾਰ ਘਟਾ ਸਕਦੇ ਹਨ। ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਤੋਂ ਖਾਸ ਤੌਰ 'ਤੇ ਖ਼ਤਰਾ ਹੁੰਦਾ ਹੈ। ਸਮੇਂ ਦੇ ਨਾਲ, ਕੀਟਨਾਸ਼ਕ ਮਨੁੱਖੀ ਸਰੀਰ ਵਿੱਚ ਇਕੱਠੇ ਹੋ ਸਕਦੇ ਹਨ, ਜਿਸਦੇ ਨਤੀਜੇ ਵਜੋਂ ਗੰਭੀਰ ਸਿਹਤ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ, ਫੂਡ ਸੇਫਟੀ ਐਂਡ ਸਟੈਂਡਰਡਜ਼ (ਦੂਸ਼ਿਤ ਪਦਾਰਥ, ਜ਼ਹਿਰੀਲੇ ਪਦਾਰਥ ਅਤੇ ਰਹਿੰਦ-ਖੂੰਹਦ) ਨਿਯਮ, 2011 ਰਾਹੀਂ ਭੋਜਨ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੀ ਨਿਗਰਾਨੀ ਕਰਦੀ ਹੈ, ਜੋ ਜੋਖਮ ਦੇ ਵਿਗਿਆਨਕ ਮੁਲਾਂਕਣ ਦੇ ਅਧਾਰ ਤੇ ਵੱਖ-ਵੱਖ ਕੀਟਨਾਸ਼ਕਾਂ ਲਈ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾਵਾਂ (ਲ਼ਸ) ਨਿਰਧਾਰਤ ਕਰਦੇ ਹਨ। ਹਾਲਾਂਕਿ, ਕੀਟਨਾਸ਼ਕਾਂ ਦੀ ਵਿਆਪਕ ਵਰਤੋਂ ਅਤੇ ਨਾਕਾਫ਼ੀ ਨਿਗਰਾਨੀ ਦੇ ਕਾਰਨ ਇਹਨਾਂ ਨਿਯਮਾਂ ਨੂੰ ਲਾਗੂ ਕਰਨਾ ਚੁਣੌਤੀਪੂਰਨ ਹੈ। ਹਾਲ ਹੀ ਵਿੱਚ, ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ ਨੇ ਭੋਜਨ ਸੁਰੱਖਿਆ ਨੂੰ ਵਧਾਉਣ ਲਈ ਮਸਾਲਿਆਂ ਅਤੇ ਰਸੋਈ ਜੜ੍ਹੀਆਂ ਬੂਟੀਆਂ ਲਈ ਖਾਸ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾਵਾਂ ਪੇਸ਼ ਕੀਤੀਆਂ ਹਨ। ਕੋਡੈਕਸ ਐਲੀਮੈਂਟੇਰੀਅਸ ਕਮਿਸ਼ਨ ਦੁਆਰਾ ਸਥਾਪਿਤ ਕੀਤੇ ਗਏ ਅੰਤਰਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਵਰਗੇ ਰਾਸ਼ਟਰੀ ਮਿਆਰਾਂ ਨੂੰ ਇਕਸਾਰ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

ਭਾਰਤ ਕੋਲ ਵੱਡੇ ਪੱਧਰ 'ਤੇ ਕੀਟਨਾਸ਼ਕਾਂ ਦੇ ਰਹਿੰਦ-ਖੂੰਹਦ ਦਾ ਪਤਾ ਲਗਾਉਣ ਦੇ ਸਮਰੱਥ ਉੱਨਤ ਟੈਸਟਿੰਗ ਪ੍ਰਯੋਗਸ਼ਾਲਾਵਾਂ ਦੀ ਘਾਟ ਹੈ। ਜ਼ਿਆਦਾਤਰ ਜਾਂਚ ਸਹੂਲਤਾਂ ਸ਼ਹਿਰੀ ਕੇਂਦਰਾਂ ਵਿੱਚ ਸਥਿਤ ਹਨ, ਜੋ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਉਤਪਾਦਾਂ ਦੀ ਨਿਗਰਾਨੀ ਨੂੰ ਗੁੰਝਲਦਾਰ ਬਣਾਉਂਦੀਆਂ ਹਨ। ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ 2006 ਕੀਟਨਾਸ਼ਕਾਂ ਲਈ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾਵਾਂ (ਲ਼ਸ) ਨਿਰਧਾਰਤ ਕਰਦਾ ਹੈ, ਪਰ ਇਹਨਾਂ ਮਿਆਰਾਂ ਦੀ ਅਕਸਰ ਬਹੁਤ ਘੱਟ ਪਾਲਣਾ ਕੀਤੀ ਜਾਂਦੀ ਹੈ। ਦੂਜੇ ਦੇਸ਼ਾਂ ਵਿੱਚ ਪਾਬੰਦੀਸ਼ੁਦਾ ਬਹੁਤ ਸਾਰੇ ਕੀਟਨਾਸ਼ਕ ਅਜੇ ਵੀ ਭਾਰਤ ਵਿੱਚ ਕਾਨੂੰਨੀ ਤੌਰ 'ਤੇ ਮਨਜ਼ੂਰ ਹਨ। ਕਿਸਾਨ ਅਤੇ ਵਪਾਰੀ ਅਕਸਰ ਫਲਾਂ ਨੂੰ ਨਕਲੀ ਤੌਰ 'ਤੇ ਪਕਾਉਣ ਲਈ ਰਸਾਇਣਕ ਸਪਰੇਅ ਦਾ ਸਹਾਰਾ ਲੈਂਦੇ ਹਨ, ਜਿਵੇਂ ਕਿ ਅੰਬਾਂ 'ਤੇ ਕਾਰਬਾਈਡ ਦੀ ਵਰਤੋਂ। ਇਸ ਤੋਂ ਇਲਾਵਾ, ਮੱਛੀ ਅਤੇ ਮਾਸ ਨੂੰ ਸੁਰੱਖਿਅਤ ਰੱਖਣ ਲਈ ਫਾਰਮਾਲਿਨ ਵਰਗੇ ਹਾਨੀਕਾਰਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਖਪਤਕਾਰਾਂ ਲਈ ਲੰਬੇ ਸਮੇਂ ਲਈ ਸਿਹਤ ਲਈ ਜੋਖਮ ਪੈਦਾ ਕਰਦੇ ਹਨ। ਦੁੱਧ, ਦਾਲਾਂ ਅਤੇ ਸਬਜ਼ੀਆਂ ਖਾਸ ਤੌਰ 'ਤੇ ਰਸਾਇਣਾਂ ਦੁਆਰਾ ਦੂਸ਼ਿਤ ਹੋਣ ਲਈ ਕਮਜ਼ੋਰ ਹੁੰਦੀਆਂ ਹਨ ਜੋ ਉਨ੍ਹਾਂ ਦੀ ਦਿੱਖ ਅਤੇ ਸ਼ੈਲਫ ਲਾਈਫ ਨੂੰ ਬਿਹਤਰ ਬਣਾਉਣ ਲਈ ਬਣਾਈਆਂ ਜਾਂਦੀਆਂ ਹਨ। ਬਹੁਤ ਸਾਰੇ ਕਿਸਾਨ ਸੁਰੱਖਿਅਤ ਕੀਟਨਾਸ਼ਕਾਂ ਦੇ ਤਰੀਕਿਆਂ ਬਾਰੇ ਚੰਗੀ ਤਰ੍ਹਾਂ ਜਾਣੂ ਨਹੀਂ ਹਨ ਅਤੇ ਬਹੁਤ ਜ਼ਿਆਦਾ ਜ਼ਹਿਰੀਲੇ, ਪਾਬੰਦੀਸ਼ੁਦਾ ਰਸਾਇਣਾਂ ਦੀ ਵਰਤੋਂ ਕਰਨਾ ਜਾਰੀ ਰੱਖਦੇ ਹਨ। ਖਪਤਕਾਰਾਂ ਵਿੱਚ ਕੀਟਨਾਸ਼ਕਾਂ ਦੇ ਸੰਪਰਕ ਨੂੰ ਘਟਾਉਣ ਲਈ ਸਹੀ ਧੋਣ ਦੀਆਂ ਤਕਨੀਕਾਂ ਜਾਂ ਵਿਕਲਪਕ ਤਰੀਕਿਆਂ ਬਾਰੇ ਜਾਗਰੂਕਤਾ ਦੀ ਘਾਟ ਹੈ। ਹਾਲਾਂਕਿ ਜੈਵਿਕ ਭੋਜਨ ਦੀ ਮੰਗ ਵੱਧ ਰਹੀ ਹੈ, ਪਰ ਇਸਦੀ ਭਰੋਸੇਯੋਗਤਾ 'ਤੇ ਅਕਸਰ ਨਾਕਾਫ਼ੀ ਪ੍ਰਮਾਣੀਕਰਣ ਪ੍ਰਕਿਰਿਆਵਾਂ ਕਾਰਨ ਸਵਾਲ ਉਠਾਏ ਜਾਂਦੇ ਹਨ। ਜਾਂਚ ਅਤੇ ਨਿਗਰਾਨੀ ਏਜੰਸੀਆਂ ਭ੍ਰਿਸ਼ਟਾਚਾਰ ਨਾਲ ਗ੍ਰਸਤ ਹਨ, ਜਿਸ ਕਾਰਨ ਅਸੁਰੱਖਿਅਤ ਭੋਜਨ ਉਤਪਾਦਾਂ ਨੂੰ ਬਾਜ਼ਾਰ ਵਿੱਚ ਘੁਸਪੈਠ ਕਰਨ ਦੀ ਆਗਿਆ ਮਿਲਦੀ ਹੈ। ਬਹੁਤ ਸਾਰੇ ਕਾਰੋਬਾਰ ਰਿਸ਼ਵਤਖੋਰੀ ਰਾਹੀਂ ਨਿਯਮਾਂ ਤੋਂ ਬਚਦੇ ਹਨ, ਜਿਸ ਕਾਰਨ ਅਧਿਕਾਰੀਆਂ ਲਈ ਭੋਜਨ ਸੁਰੱਖਿਆ ਮਿਆਰਾਂ ਨੂੰ ਬਣਾਈ ਰੱਖਣਾ ਚੁਣੌਤੀਪੂਰਨ ਹੋ ਜਾਂਦਾ ਹੈ।

ਨੁਕਸਾਨਦੇਹ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦੇ ਸੰਪਰਕ ਤੋਂ ਬਚਣ ਲਈ ਖਪਤਕਾਰ ਕਈ ਕਦਮ ਚੁੱਕ ਸਕਦੇ ਹਨ। ਫਲਾਂ ਅਤੇ ਸਬਜ਼ੀਆਂ ਨੂੰ ਵਗਦੇ ਪਾਣੀ ਹੇਠ ਚੰਗੀ ਤਰ੍ਹਾਂ ਧੋ ਕੇ ਸ਼ੁਰੂ ਕਰੋ; ਇਹਨਾਂ ਨੂੰ ਛਿੱਲਣ ਨਾਲ ਰਹਿੰਦ-ਖੂੰਹਦ ਦੇ ਪੱਧਰ ਨੂੰ ਹੋਰ ਵੀ ਘਟਾਇਆ ਜਾ ਸਕਦਾ ਹੈ। ਉਪਜ ਨੂੰ ਪਾਣੀ ਦੇ ਘੋਲ ਵਿੱਚ ਸਿਰਕੇ ਜਾਂ ਨਮਕ ਨਾਲ ਭਿਉਂ ਕੇ ਰੱਖਣ ਨਾਲ ਵੀ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਹਟਾਉਣ ਵਿੱਚ ਮਦਦ ਮਿਲ ਸਕਦੀ ਹੈ। ਖਾਣਾ ਪਕਾਉਣ ਨਾਲ ਕੁਝ ਕੀਟਨਾਸ਼ਕਾਂ ਦੇ ਅਵਸ਼ੇਸ਼ ਟੁੱਟ ਸਕਦੇ ਹਨ, ਜਿਸ ਨਾਲ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਘੱਟ ਜਾਂਦੀ ਹੈ। ਆਮ ਤੌਰ 'ਤੇ, ਜੈਵਿਕ ਭੋਜਨ ਵਿੱਚ ਰਵਾਇਤੀ ਤੌਰ 'ਤੇ ਉਗਾਏ ਗਏ ਵਿਕਲਪਾਂ ਨਾਲੋਂ ਸਿੰਥੈਟਿਕ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਘੱਟ ਹੁੰਦੀ ਹੈ। ਕੁਝ ਚੀਜ਼ਾਂ, ਜਿਵੇਂ ਕਿ ਕੇਲੇ, ਐਵੋਕਾਡੋ ਅਤੇ ਪਿਆਜ਼, ਵਿੱਚ ਕੁਦਰਤੀ ਤੌਰ 'ਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਘੱਟ ਹੁੰਦੀ ਹੈ। ਭਾਰਤ ਵਿੱਚ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵਿਆਪਕ ਰਣਨੀਤੀ ਦੀ ਲੋੜ ਹੈ। ਸਖ਼ਤ ਨਿਯਮ ਅਤੇ ਨਿਗਰਾਨੀ ਜ਼ਰੂਰੀ ਹੈ; ਸਰਕਾਰੀ ਏਜੰਸੀਆਂ ਨੂੰ ਵੱਧ ਤੋਂ ਵੱਧ ਰਹਿੰਦ-ਖੂੰਹਦ ਸੀਮਾਵਾਂ (ਲ਼ਸ) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਚਾਹੀਦਾ ਹੈ ਅਤੇ ਭੋਜਨ ਉਤਪਾਦਾਂ ਦੀ ਨਿਯਮਤ ਜਾਂਚ ਕਰਨੀ ਚਾਹੀਦੀ ਹੈ। ਜੈਵਿਕ ਕੀਟਨਾਸ਼ਕਾਂ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ (ਿਫੰ) ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਨਾਲ ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਕੀਟਨਾਸ਼ਕਾਂ ਨਾਲ ਜੁੜੇ ਜੋਖਮਾਂ ਅਤੇ ਸੁਰੱਖਿਅਤ ਭੋਜਨ ਸੰਭਾਲਣ ਦੇ ਅਭਿਆਸਾਂ ਬਾਰੇ ਜਨਤਕ ਜਾਗਰੂਕਤਾ ਵਧਾਉਣ ਨਾਲ ਜੋਖਮ ਨੂੰ ਹੋਰ ਘਟਾਇਆ ਜਾ ਸਕਦਾ ਹੈ। ਹਾਨੀਕਾਰਕ ਕੀਟਨਾਸ਼ਕਾਂ ਨੂੰ ਪੜਾਅਵਾਰ ਖਤਮ ਕਰਨ ਲਈ ਕੀਟਨਾਸ਼ਕ ਪ੍ਰਬੰਧਨ ਬਿੱਲ, 2020 ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਸਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਪ੍ਰਵਾਨਿਤ ਕੀਟਨਾਸ਼ਕਾਂ ਦੀ ਸੂਚੀ ਦੀ ਸਮੀਖਿਆ ਕੀਤੀ ਜਾਵੇ ਅਤੇ ਉਨ੍ਹਾਂ ਕੀਟਨਾਸ਼ਕਾਂ 'ਤੇ ਪਾਬੰਦੀ ਲਗਾਈ ਜਾਵੇ ਜਿਨ੍ਹਾਂ ਨੂੰ ਖ਼ਤਰਨਾਕ ਮੰਨਿਆ ਜਾਂਦਾ ਹੈ ਅਤੇ ਦੂਜੇ ਦੇਸ਼ਾਂ ਵਿੱਚ ਪਾਬੰਦੀ ਲਗਾਈ ਗਈ ਹੈ।

ਇੱਕ ਸੁਮੇਲ ਨਿਗਰਾਨੀ ਪ੍ਰਣਾਲੀ ਸਥਾਪਤ ਕਰਨ ਲਈ ਰਾਜ ਦੇ ਖੁਰਾਕ ਸੁਰੱਖਿਆ ਵਿਭਾਗਾਂ ਅਤੇ ਖੇਤੀਬਾੜੀ ਯੂਨੀਵਰਸਿਟੀਆਂ ਵਿਚਕਾਰ ਸਹਿਯੋਗ ਨੂੰ ਉਤਸ਼ਾਹਿਤ ਕਰਨਾ। ਵੱਖ-ਵੱਖ ਰਾਜਾਂ ਵਿੱਚ ਪ੍ਰਮਾਣਿਤ ਭੋਜਨ ਜਾਂਚ ਪ੍ਰਯੋਗਸ਼ਾਲਾਵਾਂ ਦੀ ਗਿਣਤੀ ਵਧਾਓ ਅਤੇ ਖੇਤੀਬਾੜੀ ਉਤਪਾਦਾਂ ਦਾ ਬੇਤਰਤੀਬ ਨਿਰੀਖਣ ਲਾਗੂ ਕਰੋ। ਭੋਜਨ ਸਪਲਾਈ ਚੇਨਾਂ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਦੀ ਨਿਗਰਾਨੀ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਅੀ) ਅਤੇ ਬਲਾਕਚੈਨ ਤਕਨਾਲੋਜੀ ਦਾ ਲਾਭ ਉਠਾਓ। ਅਤਿ-ਆਧੁਨਿਕ ਟੈਸਟਿੰਗ ਸਹੂਲਤਾਂ ਸਥਾਪਤ ਕਰਨ ਲਈ ਪ੍ਰੋਤਸਾਹਨ ਦੇ ਕੇ ਪ੍ਰਾਈਵੇਟ ਕੰਪਨੀਆਂ ਨੂੰ ਭੋਜਨ ਜਾਂਚ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੋ। ਜੈਵਿਕ ਖੇਤੀ ਲਈ ਵਿੱਤੀ ਸਹਾਇਤਾ ਪ੍ਰਦਾਨ ਕਰੋ ਅਤੇ ਕਿਸਾਨਾਂ ਨੂੰ ਜੈਵਿਕ-ਕੀਟਨਾਸ਼ਕਾਂ ਅਤੇ ਕੁਦਰਤੀ ਖਾਦਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰੋ। ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰਤਾ ਘਟਾਉਣ ਲਈ ਏਕੀਕ੍ਰਿਤ ਕੀਟ ਪ੍ਰਬੰਧਨ (ਿਫੰ) ਰਣਨੀਤੀਆਂ ਅਪਣਾਓ। ਕਿਸਾਨਾਂ ਨੂੰ ਸੁਰੱਖਿਅਤ ਕੀਟਨਾਸ਼ਕ ਵਰਤੋਂ ਦੇ ਤਰੀਕਿਆਂ, ਫਸਲੀ ਚੱਕਰ ਦੇ ਅਭਿਆਸਾਂ, ਅਤੇ ਟਿਕਾਊ ਖੇਤੀਬਾੜੀ ਤਕਨੀਕਾਂ ਬਾਰੇ ਸਿੱਖਿਅਤ ਕਰੋ। ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਅਤੇ ਉਨ੍ਹਾਂ ਦੇ ਸੰਭਾਵੀ ਸਿਹਤ ਪ੍ਰਭਾਵਾਂ ਦਾ ਖੁਲਾਸਾ ਕਰਦੇ ਹੋਏ ਭੋਜਨ ਉਤਪਾਦਾਂ 'ਤੇ ਲੇਬਲਿੰਗ ਲਾਜ਼ਮੀ ਕਰੋ। ਖਾਣ ਤੋਂ ਪਹਿਲਾਂ ਭੋਜਨ ਨੂੰ ਧੋਣ ਅਤੇ ਡੀਟੌਕਸੀਫਾਈ ਕਰਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਦੇਸ਼ ਵਿਆਪੀ ਮੁਹਿੰਮ ਸ਼ੁਰੂ ਕਰੋ। ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਨ ਵਾਲੇ ਭੋਜਨ ਸਪਲਾਇਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਖਪਤਕਾਰ ਸੁਰੱਖਿਆ ਨਿਯਮਾਂ ਨੂੰ ਮਜ਼ਬੂਤ ਬਣਾਇਆ ਜਾਵੇ। ਕੀਟਨਾਸ਼ਕਾਂ ਦੀ ਦੂਸ਼ਿਤਤਾ ਦੇ ਦੋਸ਼ੀ ਪਾਏ ਜਾਣ ਵਾਲੇ ਕਾਰੋਬਾਰਾਂ 'ਤੇ ਸਖ਼ਤ ਸਜ਼ਾਵਾਂ ਲਾਗੂ ਕਰੋ। ਭੋਜਨ ਸਪਲਾਈ ਚੇਨਾਂ ਵਿੱਚ ਗੈਰ-ਕਾਨੂੰਨੀ ਕੀਟਨਾਸ਼ਕ ਅਭਿਆਸਾਂ ਦੀ ਰਿਪੋਰਟ ਕਰਨ ਵਾਲੇ ਵਿਅਕਤੀਆਂ ਲਈ ਵਿਸਲਬਲੋਅਰ ਸੁਰੱਖਿਆ ਵਧਾਓ। ਭੋਜਨ ਸੁਰੱਖਿਆ ਨਿਯਮਾਂ ਦੇ ਇਕਸਾਰ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਰਾਜ ਏਜੰਸੀਆਂ ਵਿਚਕਾਰ ਸਹਿਯੋਗ ਵਿੱਚ ਸੁਧਾਰ ਕਰੋ।

ਕੇਂਦਰੀ ਮੰਤਰੀ ਵੱਲੋਂ ਨਿਗਰਾਨੀ ਪ੍ਰਣਾਲੀਆਂ ਨੂੰ ਵਧਾਉਣ ਦਾ ਸੱਦਾ ਸਮੇਂ ਸਿਰ ਅਤੇ ਜ਼ਰੂਰੀ ਦੋਵੇਂ ਤਰ੍ਹਾਂ ਦਾ ਹੈ। ਹਾਲਾਂਕਿ, ਸਿਰਫ਼ ਨਿਯਮਾਂ ਨੂੰ ਲਾਗੂ ਕਰਨਾ ਕਾਫ਼ੀ ਨਹੀਂ ਹੋਵੇਗਾ; ਸਰਕਾਰੀ ਸੰਸਥਾਵਾਂ, ਕਿਸਾਨਾਂ, ਖਪਤਕਾਰਾਂ ਅਤੇ ਖੁਰਾਕ ਖੇਤਰ ਨੂੰ ਸ਼ਾਮਲ ਕਰਦੇ ਹੋਏ ਇੱਕ ਤੀਬਰ, ਸਹਿਯੋਗੀ ਪਹੁੰਚ ਦੀ ਲੋੜ ਹੈ। ਇੱਕ ਖੇਤੀਬਾੜੀ ਪ੍ਰਧਾਨ ਦੇਸ਼ ਹੋਣ ਦੇ ਨਾਤੇ, ਭਾਰਤ ਨੂੰ ਨਾ ਸਿਰਫ਼ ਜਨਤਕ ਸਿਹਤ ਲਈ, ਸਗੋਂ ਆਰਥਿਕ ਵਿਕਾਸ ਨੂੰ ਵਧਾਉਣ ਅਤੇ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਬਣਾਈ ਰੱਖਣ ਲਈ ਵੀ ਭੋਜਨ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਭਾਰਤੀ ਭੋਜਨ ਵਿੱਚ ਕੀਟਨਾਸ਼ਕਾਂ ਦੇ ਅਵਸ਼ੇਸ਼ਾਂ ਦੀ ਮੌਜੂਦਗੀ ਇੱਕ ਵੱਡਾ ਮੁੱਦਾ ਹੈ।

# ਵਪਾਰਕ ਹਥੌੜੇ ਦੀ ਮਾਰ



ਲੇਖਕ : ਗੁਰਮੀਤ ਸਿੰਘ ਪਲਾਹੀ

ਦੁਨੀਆ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਸਿਮਟਦੀ ਜਾ ਰਹੀ ਹੈ। ਇਹੀ ਮੁੱਠੀ ਭਰ ਲੋਕ ਮਨੁੱਖ ਦੇ ਅਧਿਕਾਰਾਂ ਦਾ ਹਨਨ ਕਰਕੇ ਉਹਨਾਂ ਨੂੰ ਇੱਕ ਬਿੰਦੂ ਬਣਾਉਣ ਦੀ ਚਾਲ ਚੱਲ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ ਜਿਵੇਂ ਦੁਨੀਆ ਦੇ ਸਭ ਤੋਂ ਵੱਡੇ ਸੌਦਾਗਰਾਂ ਨੇ ਸੌਦੇਬਾਜ਼ੀ ਕੀਤੀ, ਆਪਣੇ ਹਿਤਾਂ ਦੀ ਪੂਰਤੀ ਲਈ ਘਿਨਾਉਣੇ ਯਤਨ ਕੀਤੇ, ਹਰ ਹੀਲਾ-ਵਸੀਲਾ ਵਰਤਿਆ, ਇਹ ਦੁਨੀਆ 'ਤੇ ਕਾਲੇ ਸ਼ਾਹ ਬੱਦਲਾਂ ਦੀ ਦਸਤਕ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੇ ਹਾਲਾਤ ਵਿੱਚ ਦੁਨੀਆ ਕਿੱਥੇ ਜਾਏਗੀ?

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਹਥੌੜਾ ਨਿਰਵਿਘਨ ਚੱਲ ਰਿਹਾ ਹੈ। ਉਹ ਦੁਨੀਆ ਨੂੰ ਇੱਕ ਸਵਾਰਥੀ ਢਾਂਚੇ ਵਿੱਚ ਢਾਲਣ ਦੀ ਧੌਂਸ ਦੇ ਰਹੇ ਹਨ। ਆਪਣੇ ਅੱਠ ਹਫ਼ਤਿਆਂ ਦੇ ਕਾਰਜਕਾਲ ਵਿੱਚ ਉਸਨੇ ਡਬਲਯੂ.ਐੱਚ.ਓ. ਨੂੰ ਤਿਆਗ ਦਿੱਤਾ ਅਤੇ ਮਨੁੱਖੀ ਅਧਿਕਾਰਾਂ ਦੀ ਸੰਸਥਾ (ਯੂ.ਐੱਨ.ਐੱਚ.ਆਰ.ਸੀ) ਸੰਯੁਕਤ ਰਾਸ਼ਟਰ ਰਾਹਤ ਏਜੰਸੀ (ਯੂ.ਐੱਨ.ਐੱਚ.ਆਰ.ਡਬਲਯੂ.ਏ) ਨੂੰ ਵਿੱਤੀ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਯੂ.ਐੱਸ.ਏਡ ਨੂੰ ਬੰਦ ਕਰ ਦਿੱਤਾ ਗਿਆ ਅਤੇ ਦੁਨੀਆ ਭਰ ਵਿੱਚ ਚੱਲ ਰਹੇ ਅਮਰੀਕਾ ਦੇ ਦਰਜਨਾਂ ਸਹਾਇਤਾ ਕੰਮਾਂ ਨੂੰ ਰੋਕ ਦਿੱਤਾ ਗਿਆ। ਸਥਿਤੀ ਜੇਕਰ ਇਵੇਂ ਹੀ ਰਹੀ ਤਾਂ ਉਹ ਨਾਟੋ ਅਤੇ ਯੂਰਪੀ ਸਹਿਯੋਗੀਆਂ ਨੂੰ ਵੀ ਛੱਡ ਸਕਦੇ ਹਨ। ਉਂਜ ਵੀ ਆਪਣੇ ਹਿਤਾਂ ਖ਼ਾਤਰ ਅਮਰੀਕਾ ਨੇ ਵਪਾਰਕ ਜੰਗ ਛੇੜ ਦਿੱਤੀ ਹੋਈ ਹੈ।

ਸੰਵਿਧਾਨਿਕ ਇਤਿਹਾਸ ਦੇ ਮਹਾਨ ਅਤੇ ਬਿਹਤਰੀਨ ਪਾਠ ਪੜ੍ਹਾਉਣ ਵਾਲਾ ਅਮਰੀਕਾ, ਮਨੁੱਖੀ ਅਧਿਕਾਰਾਂ ਦਾ ਕਦੇ ਰਾਖਾ ਵੀ ਕਹਿਲਾਉਂਦਾ ਰਿਹਾ ਹੈ। ਭਾਰਤ ਸਮੇਤ ਕਈ ਹੋਰ ਦੇਸ਼ਾਂ ਦਾ ਸੰਵਿਧਾਨ ਬਣਾਉਣ ਵਾਲਿਆਂ ਨੇ ਅਮਰੀਕਾ ਦੇ ਸੰਵਿਧਾਨ ਦੀ ਨਕਲ ਕੀਤੀ, ਕਿਉਂਕਿ ਅਮਰੀਕਾ ਆਜ਼ਾਦ ਅਤੇ ਲੋਕਤੰਤਰਿਕ ਨੀਤੀਆਂ ਵਾਲਾ ਦੇਸ਼ ਮੰਨਿਆ ਗਿਆ ਸੀ, ਜਿਹੜਾ ਗਰੀਬੀ ਅਤੇ ਬਿਮਾਰੀ ਨੂੰ ਖ਼ਤਮ ਕਰਨ ਦਾ ਸੰਕਲਪ ਲੈਂਦਾ ਸੀ। ਇਸ ਸੰਕਲਪ ਨੂੰ ਪੂਰਿਆਂ ਕਰਨ ਲਈ ਅਮਰੀਕਾ ਨੇ ਗੰਭੀਰ ਯਤਨ ਵੀ ਕੀਤੇ। ਇੱਥੋਂ ਦੇ ਚੁਣੇ ਰਾਸ਼ਟਰਪਤੀਆਂ ਨੇ ਆਪਣੇ ਸੰਵਿਧਾਨ ਦੀ ਰਾਖੀ ਕਰਦਿਆਂ ਅਮਰੀਕਾ ਨੂੰ ਇੱਕ ਅਮੀਰ ਮੁਲਕ ਬਣਾਉਣ ਲਈ ਦਹਾਕਿਆਂ ਤਕ ਯਤਨ ਕੀਤੇ। ਕਈ ਰਾਸ਼ਟਰਪਤੀਆਂ ਨੇ ਆਪਣੇ ਅਦੁੱਤੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਮਰੀਕੀ ਖੇਤਰ ਵਿੱਚ ਜਾਇਜ਼, ਨਜਾਇਜ਼ ਵਾਧਾ ਕੀਤਾ ਅਤੇ ਗੁਆਮ, ਫਿਲੀਪਨਜ਼ ਅਤੇ ਹਵਾਈ ਉੱਤੇ ਕਬਜ਼ਾ ਕੀਤਾ। ਕਈ ਦੇਸ਼ਾਂ ਨਾਲ ਸਿੱਧੇ-ਅਸਿੱਧੇ ਯੁੱਧ ਲੜੇ ਪਰ ਦੇਸ਼ ਦੇ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਰ੍ਹਾਂ ਕਿਸੇ ਵੀ ਹੋਰ ਰਾਸ਼ਟਰਪਤੀ ਨੇ ਆਪਣੇ ਅਧਿਕਾਰਾਂ ਦਾ ਬਿਨਾਂ ਵਜਾਹ ਇਸਤੇਮਾਲ ਨਹੀਂ ਕੀਤਾ।

ਮੌਜੂਦਾ ਰਾਸ਼ਟਰਪਤੀ ਆਪਣੇ ਅਧਿਕਾਰਾਂ ਦੀਆਂ ਹੱਦਾਂ ਤੋੜ ਬਿਨਾਂ ਜਾਂਚ-ਪਰਖ ਦੇ ਆਪਣੀਆਂ ਸ਼ਕਤੀਆਂ ਦਾ ਹਥੌੜਾ ਚਲਾ ਰਹੇ ਹਨ ਅਤੇ ਸਮੁੱਚੀ ਦੁਨੀਆ ਸਾਹਵੇਂ ਇੱਕ ਵੱਖਰਾ ਬਿਰਤਾਂਤ ਸਿਰਜ ਰਹੇ ਹਨ। ਉਹਨਾਂ ਦਾ ਇਹ ਕਥਨ ਮੌਜੂਦਾ ਦੌਰ ਵਿੱਚ ਵੇਖਣ, ਪਰਖਣ, ਵਿਚਰਨ ਯੋਗ ਹੈ, "ਮੈਂ ਆਪਣੀ ਸਾਰੀ ਜ਼ਿੰਦਗੀ ਸੌਦੇਬਾਜ਼ੀ ਕੀਤੀ ਹੈ।"

ਅਮਰੀਕਾ ਦੀ ਵਿਸਥਾਰਵਾਦੀ ਨੀਤੀ ਦਾ ਤਰਜਮਾਨ ਬਣਦਿਆਂ ਉਹ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਦੀ ਗੱਲ ਕਰਦੇ ਹਨ। ਉਹਨਾਂ ਨੇ ਗਰੀਨਲੈਂਡ ਨੂੰ ਆਪਣੇ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤੇ ਹੈ ਅਤੇ ਕਿਹਾ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਗਰੀਨਲੈਂਡ ਹਾਸਲ ਕਰ ਲਵਾਂਗੇ। ਸੌਦਾਗਰੀ, ਵਿਸਥਾਰਵਾਦੀ, ਧੌਂਸ ਭਰੀਆਂ ਨੀਤੀਆਂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਦੀ ਸ਼ਾਸਨ ਦੀ ਭੁੱਖ ਅਤੇ ਆਪਣੇ ਆਪ ਨੂੰ ਸਰਬ ਸ੍ਰੇਸ਼ਟ ਬਣਾਉਣ ਦੀ ਥਾਣੇਦਾਰੀ ਸੋਚ ਦਾ ਪ੍ਰਤੀਕ ਹੈ।

ਇਹ ਮੰਨਿਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਪਹਿਲਾ ਚਾਰਟਰ "ਮੈਗਨਾ ਕਾਰਟਾ" ਸੰਨ 1215 ਵਿੱਚ ਇੰਗਲੈਂਡ ਦੇ ਬਾਦਸ਼ਾਹ ਨੇ ਪ੍ਰਵਾਨ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਦੁਨੀਆ ਦੀ ਪਹਿਲੀ ਸੰਸਦ ਆਈਲੈਂਡ ਵਿੱਚ 1262 ਵਿੱਚ ਸਥਾਪਿਤ ਹੋਈ, ਜਿਸਨੂੰ ਅਲਥਿੰਗ ਕਿਹਾ ਗਿਆ। ਦੁਨੀਆ ਦਾ ਪਹਿਲਾ ਲਿਖਤੀ ਸੰਵਿਧਾਨ 1600 ਵਿੱਚ ਸੈਨ ਮੈਰੀਨੋ ਗਣਰਾਜ ਵਿੱਚ ਤਿਆਰ ਕੀਤਾ ਗਿਆ ਸੀ। ਫਰਾਂਸੀਸੀ ਦਾਰਸ਼ਨਿਕ ਮਾਟੈਂਸਕਿਊ ਵੱਲੋਂ 1748 ਵਿੱਚ ਪ੍ਰਕਾਸ਼ਿਤ "ਕਾਨੂੰਨ ਦੀ ਭਾਵਨਾ" ਨੂੰ ਮਨੁੱਖੀ ਸ਼ਕਤੀਆਂ ਦਾ ਸਿਧਾਂਤਕਾਰ ਮੰਨਿਆ ਜਾਂਦਾ ਹੈ। ਪਰ ਅਮਰੀਕਾ ਹੀ ਦੁਨੀਆ ਵਿੱਚ ਇੱਕ ਇਹੋ ਜਿਹਾ ਦੇਸ਼ ਹੈ ਜੋ ਨਿਆਇਕ ਸ਼ਕਤੀ ਨੂੰ 24 ਸਤੰਬਰ 1789 ਨੂੰ ਲਾਗੂ ਕਰਨ ਵਾਲਾ ਮੰਨਿਆ ਗਿਆ ਤੇ ਇੱਥੇ ਹੀ ਸਰਬ ਉੱਚ ਅਦਾਲਤ ਸਥਾਪਿਤ ਹੋਈ।

ਅੱਜ ਇਹੀ ਅਮਰੀਕਾ ਘਰੇਲੂ ਪੱਧਰ 'ਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੇ ਢਹੇ ਚੜ੍ਹਕੇ ਅਮਰੀਕੀ ਸਰਕਾਰ ਦੇ ਢਾਂਚੇ ਨੂੰ ਖ਼ਤਮ ਕਰਨ ਦੇ ਰਾਹ ਤੁਰ ਰਿਹਾ ਹੈ। ਉਹ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਕੱਢ ਰਿਹਾ ਹੈ ਅਤੇ ਖਦਸ਼ਾ ਹੈ ਕਿ ਅਮਰੀਕੀ ਸਿੱਖਿਆ ਵਿਭਾਗ ਨੂੰ ਹੀ ਬੰਦ ਕਰ ਦੇਵੇਗਾ। ਰਾਸ਼ਟਰਪਤੀ ਟਰੰਪ ਦੀਆਂ ਆਰਥਿਕ ਨੀਤੀਆਂ ਅਮਰੀਕੀ ਅਰਥ ਵਿਵਸਥਾ ਨੂੰ ਗਲਤ ਪਾਸੇ ਲੈ ਜਾ ਸਕਦੀਆਂ ਹਨ। "ਅਮਰੀਕਾ ਫਸਟ ਨੀਤੀ", ਭਾਰਤ ਦੀ ਹਿੰਦੀ, ਹਿੰਦੂ, ਹਿੰਦੋਸਤਾਨ ਵਰਗੀ ਨੀਤੀ ਹੈ, ਜੋ ਲੋਕਤੰਤਰ ਅਮਰੀਕਾ ਦੇ ਸੀਨੇ 'ਤੇ ਵੱਡੀਆਂ ਚੋਭਾਂ ਲਾਏਗੀ। ਟਰੰਪ ਦੇ ਪਿਛਲੇ 50 ਦਿਨਾਂ ਦੇ ਫੈਸਲਿਆਂ ਨੇ ਦੁਨੀਆ ਭਰ ਦੇ ਲੋਕਾਂ ਨੂੰ ਚੌਂਕਾ ਦਿੱਤਾ ਹੈ। ਉਸਦੇ ਫੈਸਲੇ ਸਮਾਜਿਕ ਸੁਰੱਖਿਆ ਵਿੱਚ ਕਟੌਤੀ ਵਾਲੇ ਹਨ, ਜੋ ਅਮਰੀਕੀ ਉਪਭੋਗਤਾਵਾਂ ਉੱਤੇ ਹੀ ਨਹੀਂ, ਦੁਨੀਆ ਭਰ ਦੇ ਉਪਭੋਗਤਾਵਾਂ ਦਾ ਹਿਸਾਬ-ਕਿਤਾਬ ਖ਼ਰਾਬ ਕਰਨ ਵਾਲੇ ਹਨ। ਇਨ੍ਹਾਂ ਨਾਲ ਮਹਿੰਗਾਈ ਵਿੱਚ ਵਾਧਾ ਤਾਂ ਹੋਏਗਾ ਹੀ, ਸਗੋਂ ਅਸਥਿਰਤਾ ਵੀ ਪੈਦਾ ਕਰੇਗਾ। ਅਮਰੀਕਾ ਦੇ ਟੈਰਿਫ ਦੁਨੀਆ ਨੂੰ ਮੰਦੀ ਵੱਲ ਧੱਕ ਸਕਦੇ ਹਨ। ਇਹ ਆਪਣੇ-ਆਪ ਵਿੱਚ ਇੱਕ ਖ਼ਤਰਨਾਕ ਖੇਡ ਹੈ।

ਰਾਸ਼ਟਰਪਤੀ ਟਰੰਪ ਨੇ ਸ਼ਾਸਨ ਸੰਭਾਲਦਿਆਂ ਹੀ ਗ਼ੈਰ-ਕਾਨੂੰਨੀ ਵਿਦੇਸ਼ੀਆਂ ਨੂੰ ਬਾਹਰ ਕੱਢਣ ਦਾ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਪ੍ਰਵਾਸੀਆਂ ਵਿੱਚ ਇੱਕ ਵੱਡਾ ਡਰ ਪੈਦਾ ਕੀਤਾ। ਹਜ਼ਾਰਾਂ ਲੋਕਾਂ ਨੂੰ ਫੌਜੀ ਜਹਾਜ਼ਾਂ ਵਿੱਚ ਬੇੜੀਆਂ, ਹੱਥ ਕੜੀਆਂ ਨਾਲ ਜਕੜਕੇ ਦੇਸ਼ ਤੋਂ ਕੱਢ ਦਿੱਤਾ। ਹੁਣ ਦੁਨੀਆ ਭਰ ਦੇ 41 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਅਮਰੀਕੀ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾਏਗਾ।

ਅਸਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਇਹ ਸਮੁੱਚੀਆਂ ਕਾਰਵਾਈਆਂ ਧੱਕਾ-ਧੌਂਸ ਭਰੀਆਂ ਹਨ ਅਤੇ ਮਾਨਵਤਾ ਦੇ ਮੱਥੇ 'ਤੇ ਕਲੰਕ ਹਨ। ਦੁਨੀਆ ਭਰ ਦੇ ਮਾਨਵਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਪਹੁੰਚ ਤਾਂ ਹੁਣ ਵਿਸ਼ਵ ਨਾਗਰਿਕਤਾ ਵਾਲੀ ਹੈ, ਪਰ ਅਮਰੀਕੀ ਹਾਕਮ ਦੀ ਸੌੜੀ ਸੋਚ ਆਪਣੇ-ਆਪ ਨੂੰ 'ਸ੍ਰੇਸ਼ਟ' ਅਤੇ ਦੂਜਿਆਂ ਨੂੰ ਘਟੀਆ ਸਮਝਣ ਵਾਲੀ ਹੈ।

ਇਸੇ ਯਤਨ ਤਹਿਤ ਰਾਸ਼ਟਰਪਤੀ ਟਰੰਪ ਨੇ ਦੋਸਤ, ਦੁਸ਼ਮਣ ਦਾ ਫ਼ਰਕ ਮਿਟਾਕੇ ਸਿਰਫ਼ ਸੌਦਿਆਂ ਨੂੰ ਤਰਜੀਹ ਦਿੱਤੀ ਹੈ। ਟੈਰਿਫ ਲਗਾਉਣ ਲੱਗਿਆਂ ਭਾਰਤ ਵਰਗੇ ਮਿੱਤਰ ਦੇਸ਼ਾਂ ਨੂੰ ਵੀ ਨਹੀਂ ਬਖ਼ਸ਼ਿਆ। ਜੈਲੇਂਸਕੀ ਦੀ ਬਾਂਹ ਮਰੋੜਦਿਆਂ, ਆਪਣੇ ਵੱਲੋਂ ਦਿੱਤੇ ਹਥਿਆਰਾਂ ਬਦਲੇ ਉੱਥੋਂ ਦੇ ਖਣਿਜ ਪਦਾਰਥ ਖੋਹਣ ਲਈ ਜ਼ਬਰਦਸਤੀ ਕਬਜ਼ਾ-ਸਮਝੌਤਾ ਕਰਨ ਦੀ ਨੀਤੀ ਅਪਣਾਈ। ਆਪਣੇ ਵੱਡੇ ਦੁਸ਼ਮਣ ਚੀਨ ਨਾਲ ਥੋੜ੍ਹਾ ਨਿੱਘਾ ਹੱਥ ਮਿਲਾਉਣ ਦੀ ਨੀਤੀ ਅਪਣਾਈ। ਟਰੰਪ ਸ਼ਾਸਨ ਦਾ ਸਿੱਧਾ ਅਤੇ ਸਪਸ਼ਟ ਧਿਆਨ ਅਮਰੀਕਾ ਨੂੰ ਸਰਵ ਸ੍ਰੇਸ਼ਟ ਬਣਾਉਣ ਦਾ ਹੈ, ਇਸ ਵਾਸਤੇ ਉਹ ਹਰ ਕਿਸਮ ਦੀ ਸੌਦੇਬਾਜ਼ੀ-ਧੱਕੇਸ਼ਾਹੀ ਕਰਨ ਲਈ ਤਿਆਰ ਹੈ। ਟੈਰਿਫ ਯੁੱਧ, ਜੋ ਅਮਰੀਕਾ ਨੇ ਛੇੜਿਆ ਹੈ, ਭਾਰਤ ਇਸਦੀ ਲਪੇਟ ਵਿੱਚ ਬੁਰੀ ਤਰ੍ਹਾਂ ਆ ਸਕਦਾ ਹੈ। ਆਪਣੀਆਂ ਫੌਜੀ ਲੋੜਾਂ ਪੂਰੀਆਂ ਕਰਨ ਲਈ ਸਮਾਨ ਖਰੀਦਣ ਵਾਸਤੇ ਉਸ ਨੂੰ ਭਾਰੀ ਭਰਕਮ ਟੈਰਿਫ ਦੇਣਾ ਪਵੇਗਾ, ਜਿਸਦਾ ਭੈੜਾ ਅਸਰ ਭਾਰਤੀ ਅਰਥ ਵਿਵਸਥਾ 'ਤੇ ਪਵੇਗਾ। ਭਾਰਤ ਦਾ ਵਿਸ਼ਵ ਗੁਰੂ ਬਣਨ ਦਾ ਸੁਪਨੇ ਢਹਿ-ਢੇਰੀ ਹੋ ਜਾਵੇਗਾ।

ਅੱਜ ਦੁਨੀਆ ਦੀਆਂ ਨਜ਼ਰਾਂ ਅਮਰੀਕਾ ਦੇ ਸ਼ਾਸਕ ਟਰੰਪ 'ਤੇ ਲੱਗੀਆਂ ਹੋਈਆਂ ਹਨ। ਉਹ ਇੱਕ ਪਾਸੇ ਕੁਸ਼ਲ ਵਪਾਰੀ ਵਾਂਗ ਵਿਚਰ ਰਿਹਾ ਹੈ, ਦੂਜੇ ਪਾਸੇ ਥਾਣੇਦਾਰ ਬਣਕੇ ਉਹ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਤੋਂ ਵੀ ਪਿੱਛੇ ਨਹੀਂ ਹਟ ਰਿਹਾ। ਇਵੇਂ ਲਗਦਾ ਹੈ ਕਿ ਉਹਦੀ ਮਨਸ਼ਾ ਇੱਕ ਡਿਕਟੇਟਰ ਵਾਂਗ ਦੁਨੀਆ 'ਤੇ ਰਾਜ ਕਰਨ ਦੀ ਹੈ।

ਅਮਰੀਕਾ ਦੇ ਵੱਡੇ ਦੁਸ਼ਮਣ ਰੂਸ ਵੱਲੋਂ ਯੂਕਰੇਨ ਨਾਲ ਛੇੜੀ ਜੰਗ ਵਿੱਚ ਉੱਥੋਂ ਦੇ ਡਿਕਟੇਟਰ ਰਾਸ਼ਟਰਪਤੀ ਪੁਤਿਨ ਨਾਲ ਡੋਨਲਡ ਟਰੰਪ ਦੀ ਮੌਜੂਦਾ ਸਾਂਝ ਭਿਆਲੀ ਸਿਰਫ ਜੰਗ ਖ਼ਤਮ ਕਰਨ ਤਕ ਸੀਮਤ ਨਹੀਂ, ਇਹ ਸਾਂਝ ਭਿਆਲੀ ਦੁਨੀਆ ਦੀਆਂ ਮਹਾਂ ਸ਼ਕਤੀਆਂ ਅਮਰੀਕਾ ਅਤੇ ਰੂਸ ਦੀਆਂ ਆਪਸੀ ਵਿਵਸਥਾਰਵਾਦੀ ਨੀਤੀਆਂ ਨੂੰ ਅੱਗੇ ਕਰਨ ਦਾ ਇੱਕ ਸਮਝੌਤਾ ਹਨ। ਇਵੇਂ ਦੀ ਹੀ ਸਾਂਝ ਭਿਆਲੀ ਦੁਨੀਆ ਦੀ ਤੀਜੀ ਤਾਕਤ ਚੀਨ ਨਾਲ ਅਮਰੀਕਾ ਦੀ ਬਣਦੀ ਦਿਸਦੀ ਹੈ। ਅਮਰੀਕਾ ਨੇ ਆਪਣੇ ਸਭ ਤੋਂ ਵੱਡੇ ਦੁਸ਼ਮਣ ਚੀਨ ਉੱਤੇ ਟੈਰਿਫ ਦਰ ਵਾਧਾ ਸੀਮਤ ਰੱਖਿਆ। ਵੈਰੀ ਗਿਣੇ ਜਾਂਦੇ ਚੀਨ ਲਈ ਟਰੰਪ ਨੇ ਨਰਮ ਰੁਖ਼ ਅਪਣਾਇਆ ਹੈ। ਇਹ ਵੀ ਅਸਲ ਵਿੱਚ ਉਸਦੀ ਵਪਾਰਕ ਸੋਚ ਅਤੇ ਅਧਿਕਾਰਾਂ ਦਾ ਤਿੰਨ ਕੇਂਦਰਾਂ ਰੂਸ, ਅਮਰੀਕਾ ਅਤ ਚੀਨ ਤਕ ਕੇਂਦਰੀਕਰਨ ਹੈ। ਜਿਵੇਂ ਵਪਾਰੀ ਆਪਣੇ ਹਿਤਾਂ ਦੀ ਖ਼ਾਤਰ, ਲੋਕਾਂ ਦੀ ਲੁੱਟ ਦੀ ਖ਼ਾਤਰ, ਆਪਸੀ ਸਮਝੌਤੇ ਕਰਦੇ ਹਨ, ਇਵੇਂ ਦੇ ਸਮਝੌਤੇ ਕਰਨ ਲਈ ਰਾਸ਼ਟਰਪਤੀ ਟਰੰਪ ਅੱਗੇ ਵਧ ਰਿਹਾ ਹੈ।


ਇਸ ਵੇਲੇ ਦੁਨੀਆ ਨੂੰ ਕਾਬੂ ਕਰਨ ਲਈ ਸੱਤਾਧਾਰੀ ਸ਼ਾਸਕ ਟਰੰਪ (ਅਮਰੀਕਾ) ਪੁਤਿਨ (ਰੂਸ) ਅਤੇ ਸ਼ੀ ਜਿਨਪਿੰਗ (ਚੀਨ) ਦੁਨੀਆ ਵਿੱਚ ਇੱਕ ਕਲੱਬ ਬਣਾਉਣ ਲਈ ਯਤਨਸ਼ੀਲ ਹਨ। ਉਹ ਆਪਣੇ ਮਨਚਾਹੇ ਇਲਾਕਿਆਂ ਨੂੰ ਹੜੱਪ ਲੈਣ ਦੀ ਤਾਕ ਵਿੱਚ ਹਨ। ਅਮਰੀਕਾ ਦੀ ਨਜ਼ਰ ਪਨਾਮਾ ਨਹਿਰ 'ਤੇ ਹੈ। ਕੈਨੇਡਾ, ਗ੍ਰੀਨਲੈਂਡ ਅਤੇ ਗਾਜ਼ਾਪੱਟੀ ਹਥਿਆਉਣਾ ਉਸਦਾ ਨਿਸ਼ਾਨਾ ਹੈ। ਰੂਸ ਪਹਿਲਾਂ ਹੀ ਕਰੀਮੀਆ, ਅਬਖਾਜ਼ਿਆ ਅਤੇ ਦੱਖਣੀ ਔਸ਼ੇਸ਼ਿਆ ਉੱਤੇ ਕਬਜ਼ਾ ਕਰ ਚੁੱਕਾ ਹੈ ਅਤੇ ਸ਼ਾਇਦ ਜਾਰਜੀਆ 'ਤੇ ਕਬਜ਼ਾ ਚਾਹੁੰਦਾ ਹੈ। ਚੀਨ, ਤਿੱਬਤ, ਹਾਂਗਕਾਂਗ ਨੂੰ ਆਪਣੇ ਵਿੱਚ ਜਬਰਦਸਤੀ ਮਿਲਾਉਣ ਉਪਰੰਤ, ਤਾਇਵਾਨ ਅਤੇ ਭਾਰਤ ਦੇ ਕੁਝ ਮਹੱਤਵਪੂਰਨ ਹਿੱਸਿਆਂ ਨੂੰ ਆਪਣੇ ਕਬਜ਼ੇ ਵਿੱਚ ਲਿਆਉਣ ਦੀ ਇੱਛਾ ਕਰ ਰਿਹਾ ਹੈ। ਇਹ ਤਿੰਨੇ ਸ਼ਕਤੀਆਂ ਆਪਣੇ ਪ੍ਰਭਾਵ ਦੇ ਖੇਤਰਾਂ ਉੱਤੇ ਕਬਜ਼ਾ ਕਰਕੇ ਉੱਥੋਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਦੇ ਚੱਕਰ ਵਿੱਚ ਆਪਸੀ ਸੌਦਾਗਿਰੀ ਕਰ ਸਕਦੇ ਹਨ ਅਤੇ ਆਪਣੇ ਵਪਾਰਕ ਹਿਤਾਂ ਨੂੰ ਸੁਰੱਖਿਅਤ ਕਰਨਗੇ।

ਟਰੰਪ ਦੀ ਨੀਤੀ ਸਪਸ਼ਟ ਹੈ। ਇਹ ਵਪਾਰਕ ਹੈ, ਸਵਾਰਥੀ ਹੈ। ਉਸਦਾ ਸੁਭਾਅ ਹੰਕਾਰੀ ਹੈ। ਉਹ ਆਪਣੇ ਹਿਤਾਂ ਦੀ ਪੂਰਤੀ ਲਈ ਕਿਸੇ ਦੀ ਪ੍ਰਵਾਹ ਨਾ ਹੁਣ ਕਰ ਰਿਹਾ ਹੈ ਅਤੇ ਨਾ ਕਰੇਗਾ। ਉਸ ਨੂੰ ਇਸ ਗੱਲ ਦੀ ਵੀ ਪਰਵਾਹ ਨਹੀਂ ਕਿ ਉਸਦੀਆਂ ਨੀਤੀਆਂ ਦੁਨੀਆ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਦੇਣਗੀਆਂ।

ਇਸ ਸਮੇਂ ਦੁਨੀਆ ਉੱਤੇ ਕਾਲੇ ਸ਼ਾਹ ਬੱਦਲ ਛਾਏ ਹੋਏ ਹਨ। ਵੱਡੀਆਂ ਸ਼ਕਤੀਆਂ ਦਾ ਬੋਲ-ਬਾਲਾ ਵਧ ਰਿਹਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਤਹਿਸ-ਨਹਿਸ ਕੀਤੀਆਂ ਜਾ ਰਹੀਆਂ ਹਨ। ਲੋਕ-ਸ਼ਕਤੀ ਹੀ ਇਸ ਹਨੇਰੀ, ਇਸ ਗੁਬਾਰ ਨੂੰ ਠੱਲ੍ਹ ਪਾ ਸਕੇਗੀ। ਪਰ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿੰਨਾ ਕੁ ਚਿਰ ਲਾਉਣਗੇ ਆਪਣੇ ਘੁਰਨਿਆਂ ਵਿੱਚੋਂ ਬਾਹਰ ਆਉਣ ਲਈ, ਇਹੋ ਜਿਹੀ ਹੁੰਮਸ ਤੋਂ ਨਿਜਾਤ ਪਾਉਣ ਲਈ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

FAST COMPUTER REPAIR

New Web Designing
& Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਕਿਸਾਨਾਂ ਵਲੋਂ ਸਰਕਾਰਾਂ ਦੀਆਂ ਮਿੰਨਤਾਂ ਕਿਉਂ?

ਲੇਖਕ : ਮਹਿੰਦਰ ਸਿੰਘ ਚਚਰਾੜੀ
ਸੰਪਰਕ : +91-98148-90308

ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਕਿਸਾਨ ਚਰਚਾ ਵਿਚ ਹਨ। ਦਿੱਲੀ ਦੀਆਂ ਬਰੂਹਾਂ ’ਤੇ 13 ਮਹੀਨੇ ਸ਼ਾਂਤਮਈ ਮੋਰਚਾ ਲਾ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਦਾ ਸਿਹਰਾ ਵੀ ਪੰਜਾਬ ਦੇ ਕਿਸਾਨਾਂ ਸਿਰ ਬੱਝਦਾ ਹੈ। ਪਰ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਣ ਕਿਸਾਨਾਂ ਦੀ ਘੱਟੋ-ਘੱਟ ਸਮਰਥਨ ਮੁੱਲ ਵਾਲੀ ਮੰਗ ਲਗਾਤਾਰ ਸੰਘਰਸ਼ ਦੇ ਬਾਵਜੂਦ ਕਿਸੇ ਤਣ-ਪੱਤਣ ਲੱਗਦੀ ਨਜ਼ਰ ਨਹੀਂ ਆਉਂਦੀ। ਸ਼ਾਂਤਮਈ ਸੰਘਰਸ਼ ਦੇ ਬਾਵਜੂਦ ਜਿਸ ਢੀਠਤਾਈ ਨਾਲ ਕਿਸਾਨਾਂ ਦੀ ਇਹ ਜਾਇਜ਼ ਮੰਗ ਨਜ਼ਰਅੰਦਾਜ਼ ਕੀਤੀ ਜਾ ਰਹੀ ਹੈ, ਇਹ ਇਕ ਤਾਨਾਸ਼ਾਹੀ ਤੋਂ ਘੱਟ ਨਹੀਂ ਹੈ। ਬੇਸ਼ੱਕ ਕਿਸਾਨ ਸੰਗਠਨਾਂ ਦੀ ਕਿਸਾਨੀ ਮੰਗਾਂ ਪ੍ਰਤੀ ਇਮਾਨਦਾਰੀ ’ਤੇ ਵੱਡਾ ਕਿੰਤੂ ਨਹੀਂ ਕੀਤਾ ਜਾ ਸਕਦਾ ਪਰ ਜ਼ਿਆਦਾਤਰ ਵਿਚ ਨੁਕਸ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਅੰਗਰੇਜ਼ਾਂ ਵੱਲੋਂ ਸਥਾਪਤ ਕੀਤੇ ‘ਰਾਸ਼ਟਰਵਾਦ’ ਦੇ ਵਿਚਾਰ ਤੋਂ ਪ੍ਰਭਾਵਿਤ ਹਨ, ਜਿਨ੍ਹਾਂ ‘ਈਸਟ ਇੰਡੀਆ ਕੰਪਨੀ’ ਰਾਹੀਂ ਭਾਰਤ ਵਿਚ ਐਂਟਰੀ ਲਈ ਸੀ। ਉਦੋਂ ਇਹ ਖਿੱਤਾ 500 ਦੇ ਕਰੀਬ ਰਿਆਸਤਾਂ ਵਿਚ ਵੰਡਿਆ ਹੋਇਆ ਸੀ, ਜਿਸਨੂੰ ਉਨ੍ਹਾਂ ਪ੍ਰਬੰਧਕੀ ਢਾਂਚੇ ਵਿਚ ਇਕ ਕਰ ਦਿੱਤਾ। ਸਿੱਖਾਂ ਨੇ ਸੰਨ 1849 ਤੱਕ ਅੰਗਰੇਜ਼ਾਂ ਨੂੰ ਸਤਲੁਜ ਦਰਿਆ ਦੇ ਪਾਰ ਰੋਕੀ ਰੱਖਿਆ ਤੇ ਆਪਣਾ ਵੱਖਰਾ ਰਾਜ-ਭਾਗ ਕਾਇਮ ਰੱਖਿਆ। ਸਿੱਖ ਰਾਜ ਤੋਂ ਪਹਿਲਾਂ ਮਿਸਲਾਂ ਵੇਲੇ ਵੀ ਕਿਸਾਨੀ ਦਾ ਪ੍ਰਬੰਧ ਸਿੱਖ ਫੌਜਾਂ ਹੇਠ ਹੀ ਹੋਇਆ ਕਰਦਾ ਸੀ। ਭਾਰਤ ਦੇ ਅਜੋਕੇ ਹਾਕਮਾਂ ਨੇ ਅੰਗਰੇਜ਼ਾਂ ਦੇ ‘ਰਾਸ਼ਟਰਵਾਦ’ ਨੂੰ ਹੁਣ ‘ਹਿੰਦੂ ਰਾਸ਼ਟਰਵਾਦ’ ਵਿਚ ਬਦਲ ਦਿੱਤਾ ਹੈ, ਜਿਸ ਵਿਚ ਸਿੱਖਾਂ, ਮੁਸਲਮਾਨਾਂ ਤੇ ਹੋਰਨਾਂ ਘੱਟ ਗਿਣਤੀਆਂ ਦੀ ਕੋਈ ਕਦਰ ਨਹੀਂ ਹੈ। ਅਜਿਹੇ ਵਿਚ ਧਨਾਢ ਹੋਰ ਧਨਾਢ ਹੋ ਰਹੇ ਹਨ ਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ‘ਹਿੰਦੂ ਰਾਸ਼ਟਰਵਾਦ’ ਦੇ ਏਜੰਡੇ ’ਤੇ ਚੱਲ ਰਹੀ ਮੋਦੀ ਸਰਕਾਰ ਦੇਸ਼ ਵਿਚ ‘ਮਨੂੰ ਸਿੰਮ੍ਰਤੀ’ ਵਾਲਾ ਕਾਨੂੰਨ ਲਾਗੂ ਕਰਨਾ ਚਾਹੁੰਦੀ ਹੈ, ਜਿਸ ਤਹਿਤ ‘ਸ਼ੂਦਰ’ ਦੀ ਸ਼੍ਰੇਣੀ ਵਾਲਾ ਕਿਸਾਨ, ਬਾਹਮਣ-ਬਾਣੀਆਂ ਅੱਗੇ ਹੱਥ ਜੋੜਦਾ ਖੜ੍ਹਾ ਵਿਖਾਈ ਦੇਵੇ। ਅਜਿਹੇ ਵਿਚ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਭਾਰਤੀ ਹਾਕਮਾਂ ਕੋਲੋਂ ਫਸਲਾਂ ਦਾ ਜਾਇਜ਼ ਮੁੱਲ ਮਿਲਣ ਦਾ ਸੁਆਲ ਹੀ ਨਹੀਂ। ਜਿਥੋਂ ਤੱਕ ਖੇਤੀ ਦਾ ਸੁਆਲ ਹੈ, ਖੇਤੀ ਹਮੇਸ਼ਾ ਸਥਾਨਕ ਪੌਣ-ਪਾਣੀ ਤੇ ਜ਼ਮੀਨੀ ਹਕੀਕਤ ਦੇ ਹਿਸਾਬ ਨਾਲ ਹੀ ਹੁੰਦੀ ਆਈ ਹੈ। ਇਸਨੂੰ ‘ਰਾਸ਼ਟਰੀ’ ਰੰਗ ਵਿਚ ਨਹੀਂ ਰੰਗਿਆ ਜਾ ਸਕਦਾ। ਖੇਤੀ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ, ਵਾਤਾਵਰਣ ਤੇ ਸਥਾਨਕ ਲੋੜਾਂ ਦਾ ਕਾਫੀ ਵੱਡਾ ਯੋਗਦਾਨ ਹੁੰਦਾ ਹੈ। 1947 ਤੋਂ ਬਾਅਦ ਭਾਰਤੀ ਹਾਕਮਾਂ ਦੀ ਬੇਈਮਾਨੀ ਇਹ ਰਹੀ ਹੈ ਕਿ ਇਨ੍ਹਾਂ ਵੱਲੋਂ ਪੰਜਾਬ ਦੇ ਕਿਸਾਨਾਂ ਤੋਂ ਸਮੁੱਚੇ ਭਾਰਤ ਦਾ ਅੰਨ ਪੈਦਾ ਕਰਵਾਇਆ ਜਾਂਦਾ ਰਿਹਾ ਹੈ। ਪਹਿਲਾਂ ਇਕੱਲੀ ਕਣਕ ’ਤੇ ਜ਼ੋਰ ਸੀ ਪਰ ਬਾਅਦ ਵਿਚ ਝੋਨੇ ’ਤੇ ਵੀ ਜ਼ੋਰ ਦਿੱਤਾ ਜਾਣ ਲੱਗਾ। ਤਾਂਹੀਓ ਉਹ ਹੁਣ ਤੱਕ ਇਨ੍ਹਾਂ ਫਸਲਾਂ ’ਤੇ ਸਹੀ ਰੇਟ ਦਿੰਦੇ ਰਹੇ। ਹੁਣ ਮੋਦੀ ਸਰਕਾਰ ਨੂੰ ਨਾ ਤਾਂ ਬਹੁਤਾ ਲੋਕਾਂ ਦਾ ਫਿਕਰ ਹੈ ਤੇ ਨਾ ਹੀ ਉਹ ਪੰਜਾਬ ਦੇ ਕਿਸਾਨਾਂ ਨੂੰ ਕੁੱਝ ਸਮਝਦੀ ਹੈ, ਇਸ ਲਈ ਪੰਜਾਬੀ ਕਿਸਾਨਾਂ ਨੂੰ ਘਸਾਉਣ ਦੀ ਨੀਤੀ ’ਤੇ ਚੱਲ ਰਹੀ ਹੈ। ਮੋਦੀ ਦੇ ਰਵੱਈਏ ਤੋਂ ਇਹ ਸਪੱਸ਼ਟ ਹੈ ਕਿ ਉਹ ਪੰਜਾਬ ਦੇ ਕਿਸਾਨਾਂ ਨੂੰ ਕੁਝ ਦੇ ਕੇ ਰਾਜ਼ੀ ਨਹੀਂ ਹੈ। ਅਜਿਹੇ ਵਿਚ ਕਿਸਾਨ ਸੰਗਠਨਾਂ ਦਾ ਫਰਜ਼ ਬਣਦਾ ਹੈ ਕਿ ਉਹ ‘ਰਾਸ਼ਟਰੀ’ ਪੱਧਰ ’ਤੇ ਸੋਚਣ ਦੀ ਬਜਾਏ ਪੰਜਾਬ ਪੱਧਰ ’ਤੇ ਸੋਚਣ। ਅਜਿਹੀ ਸੋਚ ਦਾ ਇਕ ਮਾਡਲ ਮਰਹੂਮ ਦੀਪ ਸਿੱਧੂ ਨੇ ਪੰਜਾਬ ਦੇ ਕਿਸਾਨਾਂ ਮੂਹਰੇ ਪੇਸ਼ ਕੀਤਾ ਸੀ, ਜਿਸਦੀ ਕੁਝ ਕੁ ਝਲਕ ਇੱਕਾ-ਦੁੱਕਾ ਕਿਸਾਨ ਸੰਗਠਨਾਂ ਵਿਚ ਵੇਖਣ ਨੂੰ ਮਿਲਦੀ ਹੈ, ਪਰ ਬਹੁਤੇ ਅਜੇ ‘ਰਾਸ਼ਟਰਵਾਦ’ ਵਿਚ ਹੀ ਬੱਝੇ ਹੋਏ ਹਨ। ਦੀਪ ਸਿੱਧੂ ਦੀ ਕਰਨੀ ਦਾ ਹੀ ਸਿੱਟਾ ਸੀ ਕਿ ਭਾਈ ਅੰਮ੍ਰਿਤਪਾਲ ਸਿੰਘ ਵਰਗੇ ਨੌਜਵਾਨ ਪੰਥਕ ਪਲੇਟਫਾਰਮ ’ਤੇ ਅਗਵਾਈ ਲਈ ਅੱਗੇ ਆਏ। ਕਿਸਾਨ ਸੰਗਠਨਾਂ ਨੂੰ ਇਹ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਹੁਣ ਭਾਰਤ ਸਰਕਾਰ ਨੂੰ ਉਨ੍ਹਾਂ ਦੀ ਫਸਲ ਦੀ ਬਹੁਤੀ ਲੋੜ ਨਹੀਂ ਹੈ। ਹੁਣ ਜਦੋਂਕਿ ਸਿਆਸਤ ਇਕ ਵਪਾਰ ਬਣ ਚੁੱਕੀ ਹੈ, ਅਜਿਹੇ ਵਿਚ ਮੁਨਾਫਾ ਹੀ ਸਰਕਾਰਾਂ ਦਾ ਉਦੇਸ਼ ਬਣ ਕੇ ਰਹਿ ਗਿਆ ਹੈ, ਤਾਂਹੀਓ ਹੌਲੀ-ਹੌਲੀ ਲੋਕਤੰਤਰ ਖਤਮ ਕੀਤਾ ਜਾ ਰਿਹਾ ਹੈ। ਵੋਟਾਂ ’ਚ ਹੇਰਾਫੇਰੀ, ਲੋਕ ਸਹੂਲਤਾਂ ਦਾ ਖਾਤਮਾ, ਲੋਕ ਸ਼ਕਤੀਆਂ ’ਚ ਕਟੌਤੀ, ਆਮਦਨ ’ਚ ਕਮੀ, ਮਹਿੰਗਾਈ ਆਦਿ ਸਾਰੀਆਂ ਅਲਾਮਤਾਂ ‘ਵਪਾਰਕ ਸਿਆਸਤ’ ਦੀ ਦੇਣ ਹਨ। ‘ਵਪਾਰਕ ਸਿਆਸਤ’ ਦੇ ਸਿੱਟੇ ਵਜੋਂ ਲੋਕਾਂ ਨੂੰ ਮੰਗਤੇ ਬਣਾਇਆ ਜਾ ਰਿਹਾ ਹੈ। ‘ਫਰੀ’ ਵਾਲੀਆਂ ਸਕੀਮਾਂ ਇਸਦੀ ਹੀ ਦੇਣ ਹਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਦਾ ਧੁਰਾ ਸਿੱਖੀ ਦੇ ਸਿਧਾਂਤ ਹਨ, ਜਿਸ ਕਰਕੇ ਪੰਜਾਬ ਚੱਲ ਰਿਹੈ ਹੈ। ਪ੍ਰੋ: ਪੂਰਨ ਸਿੰਘ ਨੇ ਐਵੇਂ ਨਹੀਂ ਸੀ ਕਿਹਾ ‘ਪੰਜਾਬ ਵਸਦਾ ਗੁਰਾਂ ਦੇ ਨਾਂ ’ਤੇ’। ਤਾਂਹੀਓ ਪੰਜਾਬ ਦੀ ਰੀਤ ਬਾਕੀ ਹਿੰਦੁਸਤਾਨ ਨਾਲੋਂ ਵੱਖਰੀ ਹੈ। ਸਾਡੀ ਬਾਣੀ ਵੱਖਰੀ, ਸਾਡੀ ਬੋਲੀ ਵੱਖਰੀ, ਸਾਡੀ ਵਿਚਾਰਧਾਰਾ ਵੱਖਰੀ, ਸਾਡੇ ਸਿਧਾਂਤ ਵੱਖਰੇ, ਸਾਡਾ ਪਹਿਰਾਵਾ ਵੱਖਰਾ, ਸਾਡਾ ਵਰਤਣਵਿਹਾਰ ਵੱਖਰਾ ਅਤੇ ਸਾਡਾ ਕਿਰਦਾਰ ਵੱਖਰਾ। ਜਦੋਂ ਸਾਰਾ ਕੁਝ ਇਨ੍ਹਾਂ ਨਾਲੋਂ ਵੱਖਰਾ ਹੈ, ਤਾਂ ‘ਖੇਤੀ ਦਾ ਰਾਸ਼ਟਰੀਕਰਨ’ ਕਿਸ ਆਧਾਰ ’ਤੇ ਕੀਤਾ ਜਾ ਸਕਦਾ ਹੈ। ਅੰਗਰੇਜ਼ਾਂ ਨੇ ਵੀ ਖੇਤੀ ਦਾ ‘ਰਾਸ਼ਟਰੀਕਰਨ’ ‘ਵਪਾਰਕ ਸਿਆਸਤ’ ਦੇ ਆਧਾਰ ’ਤੇ ਕੀਤਾ ਸੀ ਤੇ ਇਹ ਵੀ ਉਹੀ ਕੁਝ ਕਰ ਰਹੇ ਹਨ। ਹੁਣ ਜਦੋਂਕਿ ‘ਵਪਾਰਕ ਸਿਆਸਤ’ ਰਾਹੀਂ ਸਮੁੱਚੇ ਦੇਸ਼ ਉਪਰ ‘ਹਿੰਦੂ ਰਾਸ਼ਟਰਵਾਦ’ ਥੋਪਿਆ ਜਾ ਰਿਹਾ ਹੈ, ਤਾਂ ਪੰਜਾਬ ਦੇ ਕਿਸਾਨਾਂ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰਾਂ ਦੀਆਂ ਮਿੰਨਤਾਂ ਕਰਨ ਦੀ ਬਜਾਏ ਪੰਜਾਬ ਦੇ ਵਿਰਸੇ ਮੁਤਾਬਕ ‘ਖੇਤੀ ਦਾ ਉਸਾਰੂ ਮਾਡਲ’ ਘੜਨ। ਆਪਣੀ ਮਾਰਕਿਟਿੰਗ ਪਾਲਿਸੀ ਬਣਾਈ ਜਾਵੇ ਤੇ ਪੰਜਾਬ ਦੀ ਲੋੜ ਜਿੰਨੀ ਫਸਲ ਉਗਾਈ ਜਾਵੇ। ਜਿੰਨਾ ਚਿਰ ਕਿਸਾਨ ‘ਰਾਸ਼ਟਰਵਾਦੀ’ ਵਿਚਾਰਧਾਰਾ ਵਿਚੋਂ ਨਿਕਲਕੇ ਸਥਾਨਕ ਲੋੜ ਅਨੁਸਾਰ ‘ਖੇਤੀ ਮਾਡਲ’ ਦੀ ਸਿਰਜਣਾ ਨਹੀਂ ਕਰਦੇ, ਓਨਾ ਚਿਰ ਉਨ੍ਹਾਂ ਦਾ ਭਲਾ ਨਹੀਂ ਹੋ ਸਕਦਾ।



# ਪੰਜਾਬ ਵਿੱਚ ਵਿੱਤੀ ਅਨੁਸ਼ਾਸਨ ਦੀ ਲੋੜ

ਲੇਖਕ : ਡਾ. ਕੁਲਵੰਤ ਸਿੰਘ ਫੁੱਲ
ਸੰਪਰਕ: 94637-63331

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਸਮੇਂ ਦੀ ਹਰੇਕ ਸੱਤਾਧਾਰੀ ਧਿਰ ਨੇ ਸੌੜੀ ਵੋਟ ਸਿਆਸਤ ਖ਼ਾਤਿਰ ਲੋਕ ਲੁਭਾਉਣੀਆਂ ਮੁਫ਼ਤ ਸਹੂਲਤਾਂ ਦੇ ਕੇ ਸੂਬੇ ਨੂੰ ਕਰਜ਼ਈ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਕੰਮ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਵੀ ਅਪਵਾਦ ਨਹੀਂ ਜਿਸ ਦਾ ਅੰਦਾਜ਼ਾ ਆਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰ ਚੁੱਕੀ ਪੰਜਾਬ ਸਰਕਾਰ ਵਲੋਂ ਦੋ ਮਾਹਿਰ ਆਰਥਿਕ ਸਲਾਹਕਾਰ ਅਰਵਿੰਦ ਮੋਦੀ ਅਤੇ ਸੇਬਸਤੀਅਨ ਜੇਮਸ ਨਿਯੁਕਤ ਕਰਨ ਦੇ ਬਾਵਜੂਦ, ਸੂਬੇ ਦੀ ਵਰਤਮਾਨ ਵਿੱਤੀ ਹਾਲਤ ਤੋਂ ਲਗਾਇਆ ਜਾ ਸਕਦਾ ਹੈ। ਸਰਕਾਰ ਦੇ 2023-24 ਦੇ ਆਰਥਿਕ ਸਰਵੇਖਣ ਅਤੇ 2024-25 ਦੇ ਸਾਲਾਨਾ ਵਿੱਤੀ ਵੇਰਵੇ ਵਾਚਣ ਤੋਂ ਸਪਸ਼ੱਟ ਹੈ ਕਿ ਸਰਕਾਰ ਦਿਨ-ਬਦਿਨ ਬੁਰੀ ਤਰ੍ਹਾਂ ਕਰਜ਼ਾ ਜਾਲ ਵਿੱਚ ਫਸ ਰਹੀ ਹੈ। 2017-18, ਭਾਵ ਕਾਂਗਰਸ ਦੀ ਕੈਪਟਨ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਪਹਿਲੇ ਸਾਲ ਸੂਬੇ ਸਿਰ ਕੁੱਲ 1,95,153 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2021-22 ਵਿੱਚ ਕਾਂਗਰਸ ਦੀ ਚੰਨੀ ਸਰਕਾਰ ਦੀ ਵਿਦਾਇਗੀ ਸਮੇਂ 2,81,773 ਕਰੋੜ ਰੁਪਏ ਹੋ ਗਿਆ। ਮੌਜੂਦਾ ਸਰਕਾਰ ਦੌਰਾਨ 2023-24 ਵਿੱਚ ਇਹ ਕਰਜ਼ਾ 3,43,626 ਕਰੋੜ ਰੁਪਏ ਹੋ ਗਿਆ ਜਿਸ ਦੇ 2024-25 ਦੇ ਅੰਤ ਤੱਕ 3,74,091 ਕਰੋੜ ਰੁਪਏ ਹੋਣ ਦਾ ਬਜਟ ਅਨੁਮਾਨ ਹੈ। ਜੇ ਪੰਜਾਬ ਦੇ ਇਸ ਕਰਜ਼ੇ ਦਾ ਸੂਬੇ ਦੀ ਕੁੱਲ ਘਰੇਲੂ ਆਮਦਨ (ਘੰਧਫ) ਨਾਲ ਅਨੁਪਾਤ ਦੇਖਿਆ ਜਾਵੇ ਤਾਂ 2017-18 ਵਿੱਚ ਪੰਜਾਬੀਆਂ ਸਿਰ ਖੜ੍ਹਾ ਕਰਜ਼ਾ ਕੁੱਲ ਸਾਲਾਨਾ ਘਰੇਲੂ ਆਮਦਨ ਦਾ 41.43 ਫ਼ੀਸਦ ਹਿੱਸਾ ਸੀ ਜੋ 2021-22 ਵਿੱਚ 45.65 ਫ਼ੀਸਦ ਅਤੇ 2023-24 ਦੌਰਾਨ 46.66 ਫ਼ੀਸਦੀ ਹੋ ਗਿਆ; ਭਾਵ, ਸੂਬੇ ਦੀ ਲਗਭਗ ਅੱਧੀ ਸਾਲਾਨਾ ਘਰੇਲੂ ਆਮਦਨ ਕਰਜ਼ੇ ਦੇ ਰੂਪ ਵਿੱਚ ਮੋੜਨ ਯੋਗ ਖੜ੍ਹੀ ਹੈ। ਪੰਜਾਬ ਦਾ ਇਹ ਕਰਜ਼ ਅਨੁਪਾਤ ਰਾਜਾਂ ਵਾਸਤੇ ਬਣਾਈ ‘ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ’ ਰਿਵਿਊ ਕਮੇਟੀ ਦੁਆਰਾ ਸੁਝਾਈ ਗਈ 20 ਫ਼ੀਸਦੀ ਸੀਮਾ ਦੇ ਦੁੱਗਣੇ ਤੋਂ ਵੀ ਜ਼ਿਆਦਾ ਹੈ। ਦਿਨ-ਬਦਿਨ ਭਾਰੀ ਹੁੰਦੀ ਕਰਜ਼ੇ ਦੀ ਪੰਡ ਸੂਬੇ ਵਿੱਚ ਪੈਦਾ ਹੋ ਰਹੇ ਗੰਭੀਰ ਆਰਥਿਕ ਸੰਕਟ ਦਾ ਪ੍ਰਤੀਕ ਹੈ ਕਿਉਂ ਜੋ ਪਹਿਲਾਂ ਹੀ ਪ੍ਰਤੀਕੂਲ ਮਾਲੀ ਘਾਟੇ ਦੀ ਸਥਿਤੀ ਵਿੱਚੋਂ ਗੁਜ਼ਰ ਰਹੀ ਪੰਜਾਬ ਸਰਕਾਰ ਵਾਸਤੇ ਖੜ੍ਹੇ ਕਰਜ਼ੇ ’ਤੇ ਵਿਆਜ ਅਦਾਇਗੀਆਂ ਵਧ ਰਹੀਆਂ ਹਨ। ਨਤੀਜੇ ਵਜੋਂ ਸੂਬੇ ਵਿੱਚ ਲੋੜੀਦੀਆਂ ਜ਼ਰੂਰੀ ਸਿੱਖਿਆ, ਸਿਹਤ, ਲੋਕ ਭਲਾਈ ਸਹੂਲਤਾਂ, ਸੜਕਾਂ ਅਤੇ ਹੋਰ ਜਨਤਕ ਸੰਸਥਾਵਾਂ ਵਾਸਤੇ ਮੁੱਢਲੇ ਢਾਂਚੇ ਦੇ ਵਿਕਾਸ ਲਈ ਫੰਡਾਂ ਘਾਟ ਹੈ ਜਿਸ ਲਈ ਪਿਛਲੀਆਂ ਸਰਕਾਰਾਂ ਦੇ ਨਾਲ-ਨਾਲ ਮੌਜੂਦਾ ਸਰਕਾਰ ਵੀ ਜ਼ਿੰਮੇਵਾਰ ਹੈ।

ਇਸ ਦੇ ਨਾਲ-ਨਾਲ ਪੰਜਾਬ ਦੇ ਸਾਲਾਨਾ ਬਜਟ ਵਿੱਚ ਕੁੱਲ ਘਰੇਲੂ ਆਮਦਨ ਦੇ ਮੁਕਾਬਲੇ ਮਾਲੀਆ ਘਾਟੇ ਅਤੇ ਵਿੱਤੀ ਘਾਟੇ ਵਿੱਚ ਲਗਾਤਾਰ ਵਾਧਾ ਹੋਣਾ ਵੀ ਸੂਬੇ ਦੀ ਦਿਨ-ਬਦਿਨ ਨਿੱਘਰਦੀ ਵਿੱਤੀ ਹਾਲਤ ਦਾ ਸੰਕੇਤ ਹੈ। ਪੰਜਾਬ ਸਰਕਾਰ 2015-16 ਤੋਂ ਲਗਾਤਾਰ ਮਾਲੀਆ ਘਾਟੇ ਵਿੱਚ ਹੈ। 2017-18 ਵਿੱਚ ਮਾਲੀਆ ਘਾਟਾ ਪੰਜਾਬ ਦੀ ਕੁੱਲ ਘਰੇਲੂ ਆਮਦਨ ਦਾ ਸਿਰਫ 2 ਫ਼ੀਸਦੀ ਸੀ ਜੋ 2021-22 ਵਿੱਚ 2.99 ਅਤੇ 2023-24 ਵਿੱਚ 3.23 ਫ਼ੀਸਦ ਹੋ ਗਿਆ। 2017-18 ਵਿੱਚ ਵਿੱਤੀ ਘਾਟਾ ਸੂਬੇ ਦੀ ਕੁੱਲ ਘਰੇਲੂ ਆਮਦਨ ਦਾ 2.65 ਫੀਸਦੀ ਹਿੱਸਾ ਸੀ ਜੋ 2023-24 ਵਿੱਚ 4.12 ਫ਼ੀਸਦ ਹੋ ਗਿਆ ਹੈ। ਇਸ ਦਾ ਮੁੱਖ ਕਾਰਨ ਸਰਕਾਰ ਦੀ ਨਵੇਂ ਵਿੱਤੀ ਸਾਧਨ ਜੁਟਾਉਣ ਦੀ ਸੀਮਤ ਸਮਰੱਥਾ ਦੇ ਨਾਲ-ਨਾਲ ਬੇਲੋੜੀਆਂ ਮੁਫ਼ਤ ਸਹੂਲਤਾਂ, ਖ਼ਾਸ ਕਰ ਕੇ ਮੁਫ਼ਤ ਬਿਜਲੀ ਸਪਲਾਈ, ਬੱਸ ਸਫ਼ਰ ਸਹੂਲਤਾਂ ਆਦਿ ਹਨ।

ਭਾਰਤੀ ਸੰਵਿਧਾਨ ਦੇ ਅਨੁਛੇਦ 151(2) ਤਹਿਤ ਦੇਸ਼ ਦਾ ਕੰਟਰੋਲਰ ਅਤੇ ਆਡੀਟਰ ਜਨਰਲ ਸੰਬਧਿਤ ਸੂਬੇ ਦੇ ਗਵਰਨਰ ਨੂੰ ਰਾਜ ਦੇ ਲੇਖਾ ਖਾਤਿਆਂ ਬਾਰੇ ਰਿਪੋਰਟਾਂ ਸੌਂਪਦਾ ਹੈ ਜੋ ਫਿਰ ਉਨ੍ਹਾਂ ਨੂੰ ਰਾਜ ਵਿਧਾਨ ਸਭਾ ਵਿੱਚ ਰੱਖਣ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚੋਂ ਪੰਜਾਬ ਵਿਧਾਨ ਸਭਾ ਵਿੱਚ ਪਿੱਛੇ ਜਿਹੇ ਪੇਸ਼ ਕੀਤੀ 2024 ਦੀ ਦੂਜੀ ਸਟੇਟ ਫਾਇਨਾਂਸਸ ਆਡਿਟ ਰਿਪੋਰਟ ਜੋ 31 ਮਾਰਚ 2023 ਤੱਕ ਸੂਬੇ ਦੀ ਵਿੱਤੀ ਹਾਲਤ ਦਾ ਵਿਸ਼ਲੇਸ਼ਣ ਕਰਦੀ ਹੈ, ਮੁਤਾਬਿਕ ਸਬਸਿਡੀਆਂ ਉੱਪਰ ਵਧਦਾ ਖਰਚਾ, ਸੂਬੇ ਦੇ ਮਾਲੀਆ ਘਾਟੇ, ਵਿੱਤੀ ਘਾਟੇ ਅਤੇ ਦਿਨ-ਬਦਿਨ ਭਾਰੀ ਹੁੰਦੀ ਕਰਜ਼ੇ ਦੀ ਪੰਡ ਦਾ ਮੁੱਖ ਕਾਰਨ ਹੈ। ਸਰਕਾਰ ਆਮ ਤੌਰ ’ਤੇ ਲੋਕਾਂ ਨੂੰ ਦੋ ਪ੍ਰਕਾਰ ਦੀਆਂ ਸਬਸਿਡੀਆਂ ਦਿੰਦੀ ਹੈ: ਪ੍ਰਤੱਖ ਤੇ ਅਪ੍ਰਤੱਖ। ਪ੍ਰਤੱਖ ਸਬਸਿਡੀ ਸਰਕਾਰ ਵਲੋਂ ਵਿਅਕਤੀਆਂ, ਕਾਰੋਬਾਰਾਂ ਜਾਂ ਖੇਤਰਾਂ ਨੂੰ ਸਿੱਧੇ ਤੌਰ ’ਤੇ ਦਿੱਤੀ ਜਾਂਦੀ ਵਿੱਤੀ ਸਹਾਇਤਾ ਹੁੰਦੀ ਹੈ ਜੋ ਪ੍ਰਤੱਖ ਤੌਰ ’ਤੇ ਬਜਟ ਵਿੱਚ ਦਰਜ ਹੁੰਦੀ ਹੈ, ਇਸ ਦਾ ਲੇਖਾ-ਜੋਖਾ ਰੱਖਿਆ ਜਾਂਦਾ ਹੈ ਜਿਵੇਂ ਸਿੱਧੀ ਨਕਦ ਰਾਸ਼ੀ ਦੀ ਟ੍ਰਾਂਸਫਰ, ਊਰਜਾ, ਭੋਜਨ ਅਤੇ ਖਾਦਾਂ ’ਤੇ ਸਬਸਿਡੀਆਂ ਆਦਿ। ਦੂਜੇ ਪਾਸੇ, ਅਪ੍ਰਤੱਖ ਸਬਸਿਡੀਆਂ ਉਸ ਸਮੇਂ ਪੈਦਾ ਹੁੰਦੀਆਂ ਹਨ ਜਦੋਂ ਸਰਕਾਰ ਸਮਾਜਿਕ ਅਤੇ ਆਰਥਿਕ ਵਸਤੂਆਂ/ਸੇਵਾਵਾਂ ਲਾਭਪਾਤਰੀਆਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਘੱਟ ਕੀਮਤ ’ਤੇ ਮੁਹੱਈਆ ਕਰਦੀ ਹੈ। ਇਹ ਅਸਿੱਧੇ ਮਾਇਕ ਜਾਂ ਵਸਤੂ ਰੂਪ ਰਿਆਇਤਾਂ ਵਜੋਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਬਸਿਡੀਆਂ ਨੂੰ ਸਿੱਧੇ ਤੌਰ ’ਤੇ ਬਜਟ ਵਿੱਚ ਦਰਜ ਨਹੀਂ ਕੀਤਾ ਜਾਂਦਾ। ਇਹ ਟੈਕਸ ਛੋਟਾਂ, ਕੀਮਤ ਕੰਟਰੋਲ ਜਾਂ ਘੱਟ ਵਿਆਜ ਦਰਾਂ ਵਰਗੀਆਂ ਵਿਧੀਆਂ ਰਾਹੀਂ ਅਸਿੱਧੇ ਤੌਰ ’ਤੇ ਨੀਤੀਗਤ ਉਪਾਵਾਂ ਅਧੀਨ ਦਿੱਤੀਆਂ ਜਾਂਦੀਆਂ ਹਨ।

ਇਸ ਆਡਿਟ ਰਿਪੋਰਟ ਮੁਤਾਬਿਕ, 2018-19 ਵਿੱਚ ਪੰਜਾਬ ਸਰਕਾਰ ਦਾ ਪ੍ਰਤੱਖ ਸਬਸਿਡੀਆਂ ਉੱਪਰ ਕੁੱਲ ਖਰਚਾ 13361 ਕਰੋੜ ਰੁਪਏ ਸੀ ਜੋ 2021-22 ਵਿੱਚ ਕਾਂਗਰਸ ਸਰਕਾਰ ਦਾ ਕਾਰਜ ਕਾਲ ਖਤਮ ਹੋਣ ਸਮੇਂ 14516 ਕਰੋੜ ਰੁਪਏ ਹੋ ਗਿਆ; ਮੌਜੂਦਾ ਸਰਕਾਰ ਸਮੇਂ 2022-23 ਵਿੱਚ ਹੋਰ ਵਧ ਕੇ 20607 ਕਰੋੜ ਰੁਪਏ ਹੋ ਗਿਆ। ਕੇਵਲ 2022-23 ਦੌਰਾਨ ਹੀ ਸਬਸਿਡੀਆਂ ਵਿੱਚ ਪਿਛਲੇ ਸਾਲ 2021-22 ਦੇ ਮੁਕਾਬਲੇ 6091 ਕਰੋੜ ਰੁਪਏ, ਭਾਵ 41.96 ਫੀਸਦੀ ਦਾ ਵਾਧਾ ਮੁੱਖ ਤੌਰ ’ਤੇ (50.26 ਫ਼ੀਸਦ ਵਾਧਾ) 6757 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਘਰੇਲੂ ਖਪਤਕਾਰਾਂ ਨੂੰ ਦੇਣ ਕਾਰਨ ਹੋਇਆ ਹੈ। ਮੁਫ਼ਤ ਬਿਜਲੀ ਸਪਲਾਈ ਕਰ ਕੇ ਸਬਸਿਡੀ ਦੇਣ ਦਾ ਸਿਲਸਿਲਾ ਜੋ ਕਾਂਗਰਸ ਸਰਕਾਰ ਨੇ 1996 ਵਿੱਚ ਆਪਣੇ ਕਾਰਜਕਾਲ ਦੇ ਆਖ਼ਰੀ ਸਮੇਂ ਸ਼ੁਰੂ ਕੀਤਾ ਸੀ, ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਸ਼ਾਸਨ ਸਮੇਂ ਵੀ ਚਲਦਾ ਰਿਹਾ ਹੈ। ਅੱਜ ਛੇ ਕਿਸਮ ਦੇ ਵੱਖ-ਵੱਖ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਸਪਲਾਈ ਦੇਣ ਕਰ ਕੇ ਬਿਜਲੀ ਸਬਸਿਡੀ ਜੋ 2018-19 ਵਿੱਚ ਕੁੱਲ ਪ੍ਰਤੱਖ ਸਬਸਿਡੀਆਂ ਦਾ 68 ਫ਼ੀਸਦ ਹਿੱਸਾ ਸੀ, ਵਧ ਕੇ 2021-22 ਵਿੱਚ 93 ਫ਼ੀਸਦ ਅਤੇ ਮੌਜੂਦਾ ਸਰਕਾਰ ਦੇ ਕਾਰਜ ਕਾਲ ਦੌਰਾਨ 2022-23 ਵਿੱਚ ਹੋਰ ਵਧ ਕੇ 98 ਪ੍ਰਤੀਸ਼ਤ ਹੋ ਗਿਆ ਹੈ। ਇਨ੍ਹਾਂ ਸਾਰੀਆਂ ਮੁਫ਼ਤ ਸਹੂਲਤਾਂ ਨੇ 2018-2023 ਦੇ ਪੰਜ ਸਾਲਾਂ ਦੌਰਾਨ ਮਾਲੀਆ ਘਾਟੇ ਵਿੱਚ 56 ਫੀਸਦੀ ਤੋਂ 102 ਫੀਸਦੀ ਦਰਮਿਆਨ ਵੱਡਾ ਯੋਗਦਾਨ ਪਾ ਕੇ ਪੰਜਾਬੀਆਂ ਸਿਰ ਖੜ੍ਹੀ ਕਰਜ਼ੇ ਦੀ ਪੰਡ ਹੋਰ ਭਾਰੀ ਕੀਤੀ ਹੈ।

2022-23 ਦੌਰਾਨ ਪੰਜਾਬ ਸਰਕਾਰ ਨੇ ਅਪ੍ਰਤੱਖ ਸਬਸਿਡੀਆਂ ਉੱਪਰ ਕੁੱਲ 811.19 ਕਰੋੜ ਰੁਪਏ ਖਰਚੇ ਜਿਨ੍ਹਾਂ ਵਿੱਚ ਸੂਬਾ ਸਰਕਾਰ ਦੁਆਰਾ ਸਰਕਾਰੀ/ਪੀਆਰਟੀਸੀ ਬੱਸਾਂ ਵਿੱਚ ਔਰਤਾਂ ਨੂੰ ਮੁਫਤ ਸਫ਼ਰ; ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਇਸਾਈ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਤੇ ਵਿਧਵਾਵਾਂ ਦੀਆਂ ਧੀਆਂ ਨੂੰ ਉਨ੍ਹਾਂ ਦੇ ਵਿਆਹ ਸਮੇਂ ਦਿੱਤੀ ਜਾਂਦੀ ਆਸ਼ੀਰਵਾਦ ਸ਼ਗਨ ਰਾਸ਼ੀ; ਸਰਕਾਰੀ ਬੱਸਾਂ ਵਿੱਚ ਪੁਲੀਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਤੱਕ ਨੂੰ ਮੁਫਤ ਯਾਤਰਾ; ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਸਰਕਾਰੀ ਬੱਸਾਂ ਵਿੱਚ ਮੁਫ਼ਤ/ਰਿਆਇਤੀ ਸਫ਼ਰ ਸਹੂਲਤ ਤੇ ਸਰਕਾਰੀ ਬੱਸਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਸਫ਼ਰ ਸਹੂਲਤ ਬਦਲੇ ਸਬੰਧਿਤ ਵਿਭਾਗ ਨੂੰ ਅਦਾਇਗੀ ਸ਼ਾਮਿਲ ਹੈ। ਇਨ੍ਹਾਂ ਅਪ੍ਰਤੱਖ ਸਬਸਿਡੀਆਂ ਉੱਪਰ ਖ਼ਰਚੇ ਵਿੱਚ ਵੀ ਪਿਛਲੇ ਸਾਲ ਦੇ ਮੁਕਾਬਲੇ 248.20 ਕਰੋੜ ਰੁਪਏ ਭਾਵ 100.57 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਸਰਕਾਰ ਕਈ ਜਨਤਕ ਅਦਾਰਿਆਂ ਨੂੰ ਵਿੱਤੀ ਸਹਾਇਤਾ ਗ੍ਰਾਂਟ ਅਤੇ ਸਬਸਿਡੀ ਵੀ ਦਿੰਦੀ ਹੈ।

ਸੋ, ਸਬਸਿਡੀਆਂ ਦਾ ਵਧਦਾ ਖਰਚ ਪੰਜਾਬ ਸਰਕਾਰ ਦੇ ਕਰਜ਼ੇ ਦੀ ਪੰਡ ਭਾਰੀ ਕਰਨ ਦਾ ਮੁੱਖ ਕਾਰਨ ਹੈ। ਜੇ ਸਰਕਾਰ ਆਪਣੀ ਬਕਾਇਆ ਰਹਿੰਦੀ ਇੱਕ ਚੋਣ ਗਾਰੰਟੀ ਮੁਤਾਬਿਕ 18 ਸਾਲ ਤੋਂ ਉੱਪਰ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾ ਦੇਣਾ ਸ਼ੁਰੂ ਕਰ ਦੇਵੇ ਤਾਂ ਕਰਜ਼ਾ ਹੋਰ ਵਧ ਜਾਵੇਗਾ। ਇਸ ਲਈ ਸੂਬੇ ਦੇ ਆਰਥਿਕ ਵਿਕਾਸ ਅਤੇ ਲੰਮੇ ਸਮੇਂ ਲਈ ਵਡੇਰੇ ਹਿਤਾਂ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਸਰਬ ਪਾਰਟੀ ਸਹਿਮਤੀ ਰਾਹੀਂ ਵਿੱਤੀ ਅਨੁਸ਼ਾਸਨ ਲਾ ਕੇ ਸਾਰੀਆਂ ਬੇਲੋੜੀਆਂ ਮੁਫ਼ਤ ਸਹੂਲਤਾਂ ਬੰਦ ਕਰਨੀਆਂ ਚਾਹੀਦੀਆਂ ਹਨ। ਜੇ ਅਜਿਹੀਆਂ ਸਹੂਲਤਾਂ ਦੇਣੀਆਂ ਹੀ ਹਨ ਤਾਂ ਚੰਗੀ ਤਰ੍ਹਾਂ ਜਾਂਚ ਪੜਤਾਲ ਕਰ ਕੇ ਕੇਵਲ ਲੋੜਵੰਦਾਂ ਨੂੰ ਹੀ ਦਿੱਤੀਆਂ ਜਾਣ।

# ਡਿਜੀਟਲ ਉਪਕਰਨ ਤੇ ਨਜ਼ਰ ਦੇ ਖ਼ਤਰੇ



ਲੇਖਕ : ਅਮੋਦ ਗੁਪਤਾ

*"ਪਿਛਲੇ 10 ਸਾਲਾਂ 'ਚ, ਡਿਜੀਟਲ ਉਪਕਰਨਾਂ ਦੀ ਵਰਤੋਂ ਚਾਰ ਗੁਣਾ ਵਧ ਗਈ ਹੈ, ਜਿੱਥੇ ਸਿੰਗਾਪੁਰ ਵਰਗੇ ਮੁਲਕ ਵਿੱਚ ਦੋ ਸਾਲ ਤੱਕ ਦੇ ਬੱਚੇ ਵੀ ਇੱਕ ਦਿਨ 'ਚ ਸਕਰੀਨਾਂ ਅੱਗੇ ਦੋ ਘੰਟੇ ਤੱਕ ਬਿਤਾ ਰਹੇ ਹਨ। ਵੱਕਾਰੀ 'ਜਾਮਾ' (ਜਰਨਲ ਆਫ ਅਮੈਰੀਕਨ ਮੈਡੀਕਲ ਐਸੋਸੀਏਸ਼ਨ) ਜਰਨਲ 'ਚ ਛਪੇ ਇੱਕ ਹਾਲੀਆ ਮੁਲਾਂਕਣ ਨੇ ਵਿਸ਼ਵ ਵਿਆਪੀ ਸੁਰਖੀਆਂ ਬਟੋਰੀਆਂ ਹਨ। ਤਿੰਨ ਲੱਖ ਤੋਂ ਵੱਧ ਸਕੂਲੀ ਬੱਚਿਆਂ 'ਤੇ ਆਧਾਰਿਤ ਵਿਗਿਆਨਕ ਅਧਿਐਨ ਵਿੱਚ ਇਸ ਨੇ ਦੱਸਿਆ ਹੈ ਕਿ, ਇੱਕ ਦਿਨ 'ਚ ਡਿਜੀਟਲ ਸਕਰੀਨ 'ਤੇ ਬਿਤਾਏ ਲਗਭਗ ਚਾਰ ਘੰਟਿਆਂ ਵਿੱਚੋਂ ਹਰ ਇੱਕ ਘੰਟਾ ਨਿਕਟ ਦਰਸ਼ੀ ਸਮੱਸਿਆ ਆਉਣ ਦੀ ਸੰਭਾਵਨਾ ਨੂੰ 21 ਪ੍ਰਤੀਸ਼ਤ ਤੱਕ ਵਧਾ ਦਿੰਦਾ ਹੈ।"*

ਕੋਵਿਡ-19 ਦੇ ਵਾਇਰਸ ਫੈਲਣ ਕਾਰਨ ਲੱਖਾਂ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਸੰਨ 2020 ਵਿੱਚ ਜਦੋਂ ਹਾਲੇ ਇਸ ਦੀ ਕੋਈ ਵੈਕਸੀਨ ਤਿਆਰ ਹੁੰਦੀ ਨਜ਼ਰ ਨਹੀਂ ਆ ਰਹੀ ਸੀ ਤਾਂ ਜਨਤਕ ਅਧਿਕਾਰੀਆਂ ਨੇ ਕੋਵਿਡ ਦੇ ਪਸਾਰ ਨੂੰ ਰੋਕਣ ਲਈ ਲੌਕਡਾਊਨ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਸੀ। ਦਫ਼ਤਰ ਤੇ ਸਕੂਲ ਬੰਦ ਕਰ ਦਿੱਤੇ ਗਏ ਅਤੇ ਵਰਤੋਂਕਾਰ ਪੱਖੀ ਇੰਟਰਫੇਸ ਜ਼ੂਮ ਅਤੇ ਇਸ ਤਰ੍ਹਾਂ ਦੇ ਹੋਰ ਵੀਡੀਓ ਕਾਨਫਰੰਸਿੰਗ ਪਲੇਟਫਾਰਮਾਂ ਦੀ ਬਦੌਲਤ ਘਰ ਤੋਂ ਕੰਮ (ਵਰਕ ਫਰੌਮ ਹੋਮ) ਦਾ ਨਵਾਂ ਸਭਿਆਚਾਰ ਪੈਦਾ ਹੋ ਗਿਆ ਸੀ। ਲੌਕਡਾਊਨਾਂ ਦੀ ਬੇਯਕੀਨੀ ਅਤੇ ਅਕਾਦਮਿਕ ਸਰਗਰਮੀਆਂ ਛੁਟ ਜਾਣ ਦੇ ਡਰ ਕਰ ਕੇ ਨੌਜਵਾਨਾਂ ਅਤੇ ਛੋਟੇ ਬੱਚਿਆਂ ਨੂੰ ਹਰ ਰੋਜ਼ ਕਈ ਕਈ ਘੰਟੇ ਆਪਣੇ ਘਰਾਂ ਵਿੱਚ ਆਨਲਾਈਨ ਕਲਾਸਾਂ ਲਾਉਣੀਆਂ ਪੈਂਦੀਆਂ ਸਨ ਜੋ ਕਿ ਅਧਿਆਪਨ ਦੀ ਇੱਕ ਨਵੀਂ ਵਿਧਾ ਬਣ ਗਈ।

ਵੈੱਬ ਆਧਾਰਿਤ ਸਿੱਖਿਆ ਬਾਰੇ ਕੋਵਿਡ-19 ਦੀ ਮਹਾਮਾਰੀ ਤੋਂ ਕਈ ਦਹਾਕੇ ਪਹਿਲਾਂ ਤੋਂ ਹੀ ਵਿਚਾਰ ਚਰਚਾ ਹੁੰਦੀ ਆ ਰਹੀ ਸੀ ਪਰ ਸਾਡਾ ਕਿਸੇ ਦਾ ਵੀ ਧਿਆਨ ਇਸ ਗੱਲ ਵੱਲ ਨਹੀਂ ਗਿਆ ਸੀ ਕਿ ਜੇ ਨੌਜਵਾਨ ਬੱਚੇ ਆਪਣੇ ਡਿਜੀਟਲ ਨੋਟਬੁੱਕਸ ਅਤੇ ਉਪਕਰਨਾਂ ਨਾਲ ਇਵੇਂ ਹੀ ਚਿੰਬੜੇ ਰਹਿਣਗੇ ਤਾਂ ਇਸ ਦੇ ਕਿਹੋ ਜਿਹੇ ਸਿੱਟੇ ਨਿਕਲ ਸਕਦੇ ਹਨ।

ਇਸ ਸਬੰਧ ਵਿੱਚ ਖ਼ਤਰੇ ਦੀਆਂ ਘੰਟੀਆਂ ਉਦੋਂ ਵੱਜੀਆਂ ਜਦੋਂ ਚੀਨ ਦੇ ਅੱਖਾਂ ਦੇ ਰੋਗਾਂ ਦੇ ਮਾਹਿਰਾਂ (ਆਪਥੈਲਮਿਕ ਇਪੀਡੋਮਾਇਓਲੋਜਿਸਟਾਂ) ਨੇ ਇਹ ਪਤਾ ਲਗਾਇਆ ਸੀ ਕਿ 2020 ਤੱਕ ਨੌਜਵਾਨ ਬਹੁਤ ਤੇਜ਼ੀ ਨਾਲ ਨਿਕਟਦਰਸ਼ੀ (ਮਾਇਓਪਿਕ) ਬਣਦੇ ਜਾ ਰਹੇ ਹਨ। ਚੀਨ ਵਿਚ ਛੇ ਸਾਲ ਦੇ ਬੱਚਿਆਂ ਵਿੱਚ ਨਿਕਟਦਰਸ਼ੀ ਦੋਸ਼ ਦੀ ਦਰ 400 ਫ਼ੀਸਦੀ ਦਾ ਵਾਧਾ ਦੇਖਿਆ ਗਿਆ। ਕੋਵਿਡ-19 ਤੋਂ ਪਹਿਲਾਂ ਆਸਟਰੇਲੀਅਨ ਖੋਜਕਾਰਾਂ ਨੇ ਪਤਾ ਲਾਇਆ ਸੀ ਕਿ ਦੂਰ ਦੀ ਨਜ਼ਰ ਦੀ ਕਮਜ਼ੋਰੀ ਤੋਂ ਪੀੜਤ ਬੱਚੇ ਆਮ ਨਜ਼ਰ ਵਾਲੇ ਬੱਚਿਆਂ ਨਾਲੋਂ ਔਸਤਨ ਡੇਢ ਘੰਟਾ ਜ਼ਿਆਦਾ ਸਮਾਂ ਨੇੜੇ ਦੀਆਂ ਸਰਗਰਮੀਆਂ ਵਿੱਚ ਲਾਉਂਦੇ ਹਨ। ਕਿਤਾਬ ਨੂੰ ਆਪਣੇ ਚਿਹਰੇ ਤੋਂ 30 ਸੈਂਟੀਮੀਟਰ ਤੋਂ ਘੱਟ ਦੂਰੀ 'ਤੇ ਰੱਖ ਕੇ 30 ਮਿੰਟ ਤੋਂ ਵੱਧ ਸਮਾਂ ਪੜ੍ਹਨ ਨਾਲ ਨੌਜਵਾਨਾਂ ਅੰਦਰ ਮਾਇਓਪੀਆ ਤੇਜ਼ੀ ਨਾਲ ਵਧਣ ਦਾ ਮੁੱਖ ਕਾਰਨ ਹੈ।

ਮਾਇਓਪੀਆ ਜਾਂ ਨਿਕਟਦਰਸ਼ੀ ਹੋਣ ਦਾ ਮਤਲਬ ਹੈ ਕਿ ਦੂਰ ਦੀਆਂ ਚੀਜਾਂ ਨੂੰ ਨਾ ਦੇਖ ਸਕਣਾ ਜਿਵੇਂ ਕਿ ਅਧਿਆਪਕ ਬਲੈਕਬੋਰਡ 'ਤੇ ਕੀ ਲਿਖਦਾ ਹੈ, ਜਦੋਂਕਿ ਇਸ ਨਾਲ ਪੜ੍ਹਨ ਤੇ ਲਿਖਣ 'ਤੇ ਕੋਈ ਫ਼ਰਕ ਨਹੀਂ ਪੈਂਦਾ। ਰੈਟੀਨਾ ਦੇ ਅੱਗੇ ਪਿੱਛੇ ਕੋਈ ਤਸਵੀਰ ਬਣਦੀ ਹੈ ਜਾਂ ਧੁੰਦਲਕਾ ਬਣਦਾ ਹੈ, ਇਸ ਦਾ ਫ਼ੈਸਲਾ ਤਿੰਨ ਬਹੁਤ ਹੀ ਅਹਿਮ ਅੰਗਾਂ ਫਰੰਟ ਲੈੱਨਜ਼ ਕੋਰਨੀਆ ਦੀ ਤਾਕਤ, ਗਤੀਸ਼ੀਲ ਬਾਇਕੌਨਵੈਕਸ ਕ੍ਰਿਸਟਲਾਈਨ ਲੈੱਨਜ਼ ਅਤੇ ਅੱਖ ਦੀ ਡੇਲੀ ਦੇ ਆਕਾਰ ਦਰਮਿਆਨ ਇੱਕ ਮਹੀਨ ਜਿਹੇ ਤਵਾਜ਼ਨ ਉੱਪਰ ਨਿਰਭਰ ਕਰਦਾ ਹੈ।

ਕਿਸੇ ਲਿਖਤ ਨੂੰ ਪੜ੍ਹਨ ਲਈ ਕਿਸੇ ਨੌਜਵਾਨ ਦੇ ਕ੍ਰਿਸਟਲਾਈਨ ਲੈੱਨਜ਼ ਵਿੱਚ +8 ਡਾਇਆਪਟਰਜ਼ ਤੱਕ ਗਤੀਸ਼ੀਲ ਵਾਧਾ ਕਰਨ ਦੀ ਤਾਕਤ ਨਾਲ ਸਾਫ਼ ਸ਼ਫ਼ਾਫ ਫੋਕਸ ਹੋ ਪਾਉਂਦਾ ਹੈ। ਜੇ ਅੱਖ ਦੀ ਪੁਤਲੀ ਹੋਰ ਜ਼ਿਆਦਾ ਲੰਮੀ ਹੋਵੇ ਤਾਂ ਰੈਟੀਨਾ ਦੇ ਸਾਹਮਣੇ ਇੱਕ ਧੁੰਦਲੀ ਤਸਵੀਰ ਬਣ ਜਾਂਦੀ ਹੈ। ਇਸ ਤਰ੍ਹਾਂ ਦੀ ਹਾਲਤ ਵਿੱਚ ਦੂਰੋਂ ਸਾਫ਼ ਦੇਖਣ ਲਈ ਮਾਈਨਸ ਲੈੱਨਜ਼ (ਮਾਇਓਪਿਕ ਲੈੱਨਜ਼) ਪਹਿਨਣ ਦੀ ਲੋੜ ਪੈਂਦੀ ਹੈ। ਜਨਮ ਸਮੇਂ ਅੱਖ ਦੀ ਡੇਲੀ ਦਾ ਆਕਾਰ ਕਰੀਬ 16 ਮਿਲੀਮੀਟਰ ਹੁੰਦਾ ਹੈ। ਦੋ ਸਾਲ ਦੀ ਉਮਰ ਤੱਕ ਪਹੁੰਚਦਿਆਂ ਹੀ ਉੱਪਰ ਬਿਆਨ ਕੀਤੇ ਤਿੰਨ ਪ੍ਰਮੁੱਖ ਅੰਗਾਂ ਦਾ ਵਾਧਾ ਆਪਣਾ ਤਿੰਨ ਚੌਥਾਈ ਪੱਧਰ ਹਾਸਿਲ ਕਰ ਲੈਂਦੇ ਹਨ ਜੋ ਕਿ ਕਿਸੇ ਬਾਲਗ ਦੀ ਉਮਰ ਵਿੱਚ 24 ਐੱਮਐੱਮ ਹੁੰਦਾ ਹੈ। ਅੱਲੜ ਵਰੇਸ (10-16 ਸਾਲ) ਤੱਕ ਪਹੁੰਚਦਿਆਂ ਇਸ ਵਿੱਚ ਦੂਜਾ ਇਜ਼ਾਫ਼ਾ ਹੁੰਦਾ ਹੈ। ਕਰੀਬ 30 ਸਾਲ ਪਹਿਲਾਂ, ਫਿਲਾਡੈਲਫੀਆ ਦੇ ਡਾ. ਸਟੋਨ ਨੇ ਇਹ ਪਤਾ ਲਗਾਇਆ ਸੀ ਕਿ ਰੈਟੀਨਾ ਵਿੱਚ ਇੱਕ ਨਿਊਰੋਟ੍ਰਾਂਸਮੀਟਰ ਡੋਪਾਮਾਈਨ ( ਇਨਾਮੀ ਹਾਰਮੋਨ) ਅੱਖ ਦੇ ਵਾਧੇ ਨੂੰ ਕੰਟਰੋਲ ਕਰਦਾ ਹੈ।

ਮੇਰੇ ਉਸਤਾਦ ਡਾ. ਆਈਐਸ ਜੈਨ ਜਿਨ੍ਹਾਂ 1960ਵਿਆਂ ਦੇ ਸਾਲਾਂ ਵਿੱਚ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀ ਵਸੋਂ ਦਾ ਭਰਵਾਂ ਸਰਵੇਖਣ ਕੀਤਾ ਸੀ, ਨੇ ਪਾਇਆ ਸੀ ਕਿ ਪੇਂਡੂ ਖੇਤਰਾਂ ਵਿੱਚ ਮਾਇਓਪੀਆ ਦੀ ਦਰ 2.77 ਫੀਸਦੀ, ਸਕੂਲੀ ਬੱਚਿਆਂ ਅੰਦਰ 4.79 ਫ਼ੀਸਦੀ, ਚੰਡੀਗੜ੍ਹ ਦੀ ਸ਼ਹਿਰੀ ਆਬਾਦੀ ਵਿੱਚ 6.9 ਫ਼ੀਸਦੀ ਅਤੇ ਪੀਜੀਆਈ ਦੇ ਡਾਕਟਰਾਂ ਵਿਚ 33 ਫ਼ੀਸਦੀ ਪਾਈ ਜਾਂਦੀ ਹੈ ਜਿਸ ਲਈ ਬਹੁਤ ਜ਼ਿਆਦਾ ਨੇੜੇ ਦਾ ਕੰਮਕਾਰ, ਉਚੇਰੀ ਸਾਖ਼ਰਤਾ ਦਰ ਅਤੇ ਆਮਦਨ ਦੇ ਪੱਧਰ ਕਸੂਰਵਾਰ ਹਨ। ਹਾਲ ਹੀ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਉੱਤਰੀ ਭਾਰਤ ਦੇ ਸ਼ਹਿਰੀ ਖੇਤਰਾਂ ਦੇ 21 ਫ਼ੀਸਦੀ ਸਕੂਲ ਜਾਣ ਵਾਲੇ ਬੱਚਿਆਂ ਦੀ ਦੂਰ ਦੀ ਨਜ਼ਰ ਬਹੁਤ ਘੱਟ ਹੈ ਭਾਵ ਉਹ ਮਾਇਓਪੀਆ ਦੇ ਸ਼ਿਕਾਰ ਹਨ ਅਤੇ ਪਿਛਲੇ 50 ਸਾਲਾਂ ਵਿੱਚ ਇਸ ਅਲਾਮਤ ਵਿੱਚ ਚਾਰ ਗੁਣਾ ਵਾਧਾ ਹੋ ਗਿਆ ਹੈ।

ਤੇਜ਼ੀ ਨਾਲ ਫੈਲਣ ਵਾਲੇ ਨਿਕਟ ਦ੍ਰਿਸ਼ਟੀ ਦੋਸ਼ 'ਤੇ ਕੋਵਿਡ-19 ਮਹਾਮਾਰੀ ਦਾ ਅਸਰ ਭਾਵੇਂ ਸਭ ਤੋਂ ਪਹਿਲਾਂ ਹੋਇਆ ਅਤੇ ਸਭ ਤੋਂ ਵੱਧ ਪੂਰਬੀ ਤੇ ਦੱਖਣ ਪੂਰਬੀ ਏਸ਼ੀਆ ਵਿੱਚ ਮਹਿਸੂਸ ਕੀਤਾ ਗਿਆ ਪਰ ਕੋਈ ਬਚ ਨਹੀਂ ਸਕਿਆ। ਇੱਕ ਅਧਿਐਨ ਮੁਤਾਬਿਕ, ਡਿਜੀਟਲ ਉਪਕਰਨਾਂ 'ਤੇ ਰੋਜ਼ਾਨਾ ਔਸਤਨ ਇੱਕ ਘੰਟਾ ਬਿਤਾ ਕੇ ਨਿਕਟ ਦ੍ਰਿਸ਼ਟੀ ਦੋਸ਼ ਦਾ ਸ਼ਿਕਾਰ ਹੋਣ ਵਾਲੇ ਬੱਚਿਆਂ ਦੀ ਗਿਣਤੀ 46 ਪ੍ਰਤੀਸ਼ਤ ਹੈ, ਜਦੋਂਕਿ ਜਿਹੜੇ ਚਾਰ ਘੰਟੇ ਬਿਤਾ ਰਹੇ ਹਨ, ਉਨ੍ਹਾਂ ਦੀ ਪ੍ਰਤੀਸ਼ਤ 76 ਹੈ। ਬਾਹਰ ਘੱਟ ਨਿਕਲਣਾ, ਕਮਰੇ 'ਚ ਘੱਟ ਰੌਸ਼ਨੀ ਤੇ ਸਕਰੀਨ ਦੀ ਬਹੁਤ ਲਾਗਿਓਂ ਵਰਤੋਂ ਇਸ ਲਈ ਜ਼ਿੰਮੇਵਾਰ ਹੈ। ਬ੍ਰਿਸਬੇਨ ਵਿਚ ਡਾ. ਰੋਹਾਨ ਹਿਊਜਜ਼ ਤੇ ਉਨ੍ਹਾਂ ਦੇ ਸਾਥੀਆਂ ਨੇ ਜਵਾਨ ਬੱਚਿਆਂ ਦੀ ਅੱਖਾਂ ਦੀ ਪੁਤਲੀ ਦੀ ਧੁਰੀ ਦੀ ਲੰਬਾਈ ਵਿੱਚ ਅਚਾਨਕ ਵਾਧਾ ਹੁੰਦਾ ਦੇਖਿਆ ਹੈ, ਜੋ ਕਿ ਪੜ੍ਹਨ ਲੱਗਿਆਂ ਜਾਂ ਕਰੀਬੀ ਚੀਜ਼ ਨੂੰ ਦੇਖਦਿਆਂ 16 ਮਾਈਕ੍ਰੋਨ ਤੱਕ ਪਹੁੰਚ ਜਾਂਦਾ ਹੈ।

ਪਿਛਲੇ 10 ਸਾਲਾਂ 'ਚ, ਡਿਜੀਟਲ ਉਪਕਰਨਾਂ ਦੀ ਵਰਤੋਂ ਚਾਰ ਗੁਣਾ ਵਧ ਗਈ ਹੈ, ਜਿੱਥੇ ਸਿੰਗਾਪੁਰ ਵਰਗੇ ਮੁਲਕ ਵਿੱਚ ਦੋ ਸਾਲ ਤੱਕ ਦੇ ਬੱਚੇ ਵੀ ਇੱਕ ਦਿਨ 'ਚ ਸਕਰੀਨਾਂ ਅੱਗੇ ਦੋ ਘੰਟੇ ਤੱਕ ਬਿਤਾ ਰਹੇ ਹਨ। ਵੱਕਾਰੀ 'ਜਾਮਾ' (ਜਰਨਲ ਆਫ ਅਮੈਰੀਕਨ ਮੈਡੀਕਲ ਐਸੋਸੀਏਸ਼ਨ) ਜਰਨਲ 'ਚ ਛਪੇ ਇੱਕ ਹਾਲੀਆ ਮੁਲਾਂਕਣ ਨੇ ਵਿਸ਼ਵ ਵਿਆਪੀ ਸੁਰਖੀਆਂ ਬਟੋਰੀਆਂ ਹਨ। ਤਿੰਨ ਲੱਖ ਤੋਂ ਵੱਧ ਸਕੂਲੀ ਬੱਚਿਆਂ 'ਤੇ ਆਧਾਰਿਤ ਵਿਗਿਆਨਕ ਅਧਿਐਨ ਵਿੱਚ ਇਸ ਨੇ ਦੱਸਿਆ ਹੈ ਕਿ, ਇੱਕ ਦਿਨ 'ਚ ਡਿਜੀਟਲ ਸਕਰੀਨ 'ਤੇ ਬਿਤਾਏ ਲਗਭਗ ਚਾਰ ਘੰਟਿਆਂ ਵਿੱਚੋਂ ਹਰ ਇੱਕ ਘੰਟਾ ਨਿਕਟ ਦਰਸ਼ੀ ਸਮੱਸਿਆ ਆਉਣ ਦੀ ਸੰਭਾਵਨਾ ਨੂੰ 21 ਪ੍ਰਤੀਸ਼ਤ ਤੱਕ ਵਧਾ ਦਿੰਦਾ ਹੈ।

ਪੁਤਲੀ ਦੀ ਧੁਰੀ ਦੀ ਲੰਬਾਈ ਜੇ 2 ਐੱਮਐੱਮ (-6ਡੀ) ਤੱਕ ਵਧਦੀ ਹੈ ਤਾਂ ਇਸ ਲਈ ਸਿਰਫ਼ ਨਜ਼ਰ ਦੇ ਚਸ਼ਮੇ ਦੀ ਲੋੜ ਪੈਂਦੀ ਹੈ, ਪਰ ਇਸ ਤੋਂ ਉੱਤੇ ਕੋਈ ਵੀ ਵਾਧਾ ਰੋਗਾਤਮਕ ਤਬਦੀਲੀ ਦਾ ਕਾਰਨ ਬਣ ਸਕਦਾ ਹੈ ਜੋ ਨੇਤਰਹੀਣਤਾ ਅਤੇ ਨਜ਼ਰ 'ਚ ਸਥਾਈ ਵਿਗਾੜ ਦਾ ਕਾਰਨ ਬਣ ਸਕਦਾ ਹੈ। ਡਾ. ਜੈਨ ਦੱਸਦੇ ਹਨ ਕਿ 50 ਸਾਲ ਪਹਿਲਾਂ ਜਿੱਥੇ ਸਾਰੇ ਨਿਕਟ ਦਰਸ਼ੀ ਦੋਸ਼ਾਂ ਵਿੱਚੋਂ ਸਿਰਫ਼ 7 ਪ੍ਰਤੀਸ਼ਤ ਨੂੰ ਹੀ ਜ਼ਿਆਦਾ ਮੁਸ਼ਕਲ (6 ਡੀ ਤੋਂ ਵੱਧ) ਆਉਂਦੀ ਸੀ, ਉੱਥੇ ਵਰਤਮਾਨ 'ਚ ਏਸ਼ਿਆਈ ਮੁਲਕਾਂ ਵਿੱਚ ਇਹ ਹੱਦਾਂ ਪਾਰ ਕਰ ਰਿਹਾ ਹੈ, ਤੇ ਦੱਖਣੀ ਕੋਰੀਆ ਵਿੱਚ ਜਵਾਨ ਬੱਚਿਆਂ 'ਚ ਇਹ ਸਮੱਸਿਆ 20 ਪ੍ਰਤੀਸ਼ਤ ਤੋਂ ਵਧ ਚੁੱਕੀ ਹੈ। ਸਾਰੇ ਉੱਚ ਨਿਕਟ ਦਰਸ਼ੀਆਂ ਵਿੱਚੋਂ ਲਗਭਗ 8 ਪ੍ਰਤੀਸ਼ਤ ਵਡੇਰੀ ਉਮਰ 'ਚ ਨੇਤਰਹੀਣਤਾ ਦਾ ਸਾਹਮਣਾ ਕਰਨਗੇ। ਜੇਕਰ ਡਾ. ਹੋਲਡਨ ਤੇ ਉਨ੍ਹਾਂ ਦੇ ਸਾਥੀਆਂ ਦਾ ਇਹ ਅਨੁਮਾਨ ਸੱਚ ਨਿਕਲਦਾ ਹੈ ਕਿ 2050 ਤੱਕ ਵਿਸ਼ਵ ਦੀ ਅੱਧੀ ਆਬਾਦੀ ਨਿਕਟਦਰਸ਼ੀ ਬਣ ਸਕਦੀ ਹੈ, ਤਾਂ ਇਹ ਅੰਕੜੇ ਜਨਤਕ ਸਿਹਤ ਦੇ ਪੱਖ ਤੋਂ ਵੱਡੀ ਚਿੰਤਾ ਦਾ ਵਿਸ਼ਾ ਬਣ ਸਕਦੇ ਹਨ।

ਵੀਹ ਸਾਲ ਪਹਿਲਾਂ, ਸਿੰਗਾਪੁਰ ਤੋਂ ਡਾ. ਚੁਆ ਤੇ ਉਨ੍ਹਾਂ ਦੇ ਸਾਥੀਆਂ ਨੇ ਪੂਰੇ ਭਰੋਸੇ ਨਾਲ ਇਹ ਦਿਖਾਇਆ ਸੀ ਕਿ ਐਟਰੋਪੀਨ ਆਈ ਡਰੌਪਸ (ਅੱਖਾਂ 'ਚ ਮਾਸਪੇਸ਼ੀਆਂ ਨਰਮ ਕਰਨ ਲਈ) ਜਵਾਨ ਬੱਚਿਆਂ 'ਚ ਪੁਤਲੀ ਦੇ ਫੈਲਣ ਨੂੰ ਰੋਕਦੀ ਹੈ ਤੇ ਨਿਕਟਦਰਸ਼ੀ ਦੋਸ਼ ਨੂੰ ਵਧਣ ਤੋਂ ਰੋਕਦੀ ਹੈ। ਕੁਝ ਹਲਕੇ-ਫੁਲਕੇ ਮਾੜੇ ਅਸਰਾਂ ਨੂੰ ਛੱਡ ਕੇ, ਇਹ ਸਭ ਤੋਂ ਅਸਰਦਾਰ ਰਣਨੀਤੀ ਰਹੀ ਹੈ। ਐਟਰੋਪੀਨ ਡਰੌਪਸ ਨੇ ਦੁਨੀਆ ਭਰ ਵਿੱਚ ਅੱਖਾਂ ਦੇ ਮਾਹਿਰਾਂ ਦਾ ਧਿਆਨ ਖਿੱਚਿਆ, ਜਿਸ 'ਚ ਭਾਰਤ ਵੀ ਸ਼ਾਮਿਲ ਹੈ। ਭਾਰਤ ਭਰ 'ਚ ਡਾ. ਰੋਹਿਤ ਸਕਸੈਨਾ ਦੀ ਅਗਵਾਈ 'ਚ ਕੀਤਾ ਅਧਿਐਨ ਦੱਸਦਾ ਹੈ ਕਿ ਪਤਲਾ ਐਟਰੋਪੀਨ ਡਰੌਪ (0.01 ਪ੍ਰਤੀਸ਼ਤ) ਦੋ ਸਾਲ ਤੋਂ ਵੱਡੇ ਭਾਰਤੀ ਬੱਚਿਆਂ 'ਚ ਨਿਕਟਦਰਸ਼ੀ ਦੋਸ਼ ਨੂੰ ਘਟਾਉਂਦਾ ਹੈ। ਸੰਘਣਾ ਐਟਰੋਪੀਨ ਉਨ੍ਹਾਂ 'ਚ ਅਸਰਦਾਰ ਹੈ ਜਿਨ੍ਹਾਂ 'ਚ ਨਿਕਟ ਦਰਸ਼ੀਦੋਸ਼ ਤੇਜ਼ੀ ਨਾਲ ਵਧਦਾ ਹੈ।


ਸੂਰਜ ਦੀ ਰੌਸ਼ਨੀ ਵਿੱਚ ਅੱਖਾਂ ਦੇ ਪਰਦੇ (ਰੇਟਿਨਾ) 'ਚ ਡੋਪਾਮੀਨ ਦਾ ਪੱਧਰ ਵਧਦਾ ਹੈ ਤੇ ਲੈਬ ਦੇ ਕਈ ਜਾਨਵਰਾਂ 'ਚ ਇਸ ਨੇ ਪੁਤਲੀ ਦੇ ਫੈਲਾਅ ਨੂੰ ਰੋਕਿਆ ਹੈ, ਬੱਚਿਆਂ 'ਚ ਇਸ ਤੱਥ ਦੀ ਪੁਸ਼ਟੀ ਤੁਰਕੀ ਦੇ ਡਾ. ਫਤੀਹ ਅਸਲਾਨ ਤੇ ਡਾ. ਨਦੀਮ ਸਾਹੀਨੋਗਲੂ-ਕੇਸਕੇਕ ਨੇ ਕੀਤੀ ਹੈ ਜਿਨ੍ਹਾਂ ਦੱਸਿਆ ਕਿ ਕੋਵਿਡ-19 ਮਹਾਮਾਰੀ ਦੌਰਾਨ ਰੋਜ਼ਾਨਾ ਦੋ ਘੰਟੇ ਬਾਹਰ ਬਿਤਾਉਣ ਵਾਲੇ ਬੱਚਿਆਂ ਦਾ ਨਿਕਟਦਰਸ਼ੀ ਬਣਨ ਤੋਂ ਬਚਾਅ ਰਿਹਾ ਹੈ। ਪੀਜੀਆਈ, ਚੰਡੀਗੜ੍ਹ ਦੀ ਡਾ. ਸ਼ਵੇਤਾ ਚੌਰਸੀਆ ਤੇ ਸਾਥੀਆਂ ਨੇ ਦੇਖਿਆ ਕਿ ਐਟਰੋਪੀਨ ਉਦੋਂ ਹੋਰ ਵੀ ਅਸਰਦਾਰ ਸਾਬਿਤ ਹੋਇਆ ਜਦੋਂ ਬਾਹਰ ਨਿਕਲ ਕੇ ਕੀਤੀਆਂ ਗਤੀਵਿਧੀਆਂ ਦਾ ਸਮਾਂ ਰੋਜ਼ਾਨਾ ਦੋ ਘੰਟੇ ਜਾਂ ਉਸ ਤੋਂ ਵੱਧ ਰਿਹਾ। ਹਾਲਾਂਕਿ ਇਹ ਜ਼ਰੂਰੀ ਨਹੀਂ ਕਿ ਦੋ ਘੰਟੇ ਲਗਾਤਾਰ ਬਾਹਰ ਬਿਤਾਏ ਜਾਣ। ਕੁਝ ਮਿੰਟਾਂ ਲਈ ਬਾਹਰ ਨਿਕਲਣਾ ਵੀ ਚੰਗਾ ਹੈ। ਅੱਖਾਂ ਦੇ ਮਾਹਿਰ ਨੂੰ ਐਟਰੋਪੀਨ ਲੈ ਰਹੇ ਬੱਚਿਆਂ 'ਤੇ ਬਾਰੀਕ ਨਿਗ੍ਹਾ ਰੱਖਣੀ ਚਾਹੀਦੀ ਹੈ।

ਇੱਕ ਉਲਟ ਕਦਮ ਤਹਿਤ, ਰਾਸ਼ਟਰੀ ਸਿੱਖਿਆ ਨੀਤੀ 2020 ਨੇ ਅਨੁਭਵੀ ਤੇ ਸੰਪੂਰਣ ਸਿੱਖਿਆ 'ਤੇ ਜ਼ੋਰ ਦਿੰਦਿਆਂ, ਸਿੱਖਿਆ ਦੇ ਅਧਿਕਾਰ ਕਾਨੂੰਨ 2008 ਵਿੱਚ ਲਾਜ਼ਮੀ ਕੀਤੀ ਖੇਡ ਮੈਦਾਨ ਦੀ ਲੋੜ ਨੂੰ ਢਹਿ-ਢੇਰੀ ਕਰ ਦਿੱਤਾ ਹੈ, ਜਿਸ ਲਈ ਸ਼ਹਿਰੀ ਭਾਰਤ ਵਿੱਚ ਜਗ੍ਹਾ ਦੀ ਘਾਟ ਦਾ ਹਵਾਲਾ ਦਿੱਤਾ ਗਿਆ ਹੈ। ਅਧਿਆਪਕਾਂ ਨੂੰ ਇਹ ਇਜਾਜ਼ਤ ਦਿੱਤੀ ਜਾਵੇ ਕਿ ਉਹ ਬੱਚਿਆਂ ਨੂੰ ਦਿਨ 'ਚ ਘੱਟੋ-ਘੱਟ ਦੋ ਵਾਰ ਇੱਕ-ਇੱਕ ਘੰਟਾ ਬਾਹਰ ਖੇਡਣ ਦੀ ਖੁੱਲ੍ਹ ਦੇ ਸਕਣ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey





# ਸ਼ਹੀਦ ਭਾਈ ਤਾਰਾ ਸਿੰਘ 'ਵਾਂ'

## ਜਿਸ ਦੀ ਸ਼ਹਾਦਤ ਨੇ ਸਿੱਖ ਪੰਥ ਨੂੰ ਦੁਬਾਰਾ ਸੰਗਠਿਤ ਕੀਤਾ

ਭਾਈ ਤਾਰਾ ਸਿੰਘ ਪੰਥ ਦੀ ਬਹੁਤ ਮਹਾਨ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

19 ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਹੋਈ ਸੀ। ਇਹ ਪੰਥ ਵਾਸਤੇ ਬਹੁਤ ਗੰਭੀਰ ਨੁਕਸਾਨ ਸੀ। ਇੱਕੋ ਝਟਕੇ ਨਾਲ ਪੰਜਾਬ ਭਰ ਵਿਚੋਂ ਸਿੱਖਾਂ ਦੀ ਤਾਕਤ ਖ਼ਤਮ ਕਰ ਦਿਤੀ ਗਈ। ਕੋਈ ਹੋਰ ਕੌਮ ਹੁੰਦੀ ਤਾਂ ਅਜਿਹੀ ਮਾਰੂ ਸੱਟ ਤੋਂ ਬਾਅਦ ਮੁੜ ਉਠਣ ਜੋਗੀ ਨਾ ਰਹਿੰਦੀ। ਬਾਦਸ਼ਾਹ ਫਰਖਸੀਅਰ ਨੇ ਸੂਬੇਦਾਰ ਅਬਦੁਲ ਸਮੱਦ ਖ਼ਾਨ ਨੂੰ ਸਖ਼ਤ ਹੁਕਮ ਭੇਜੇ ਕਿ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿਤਾ ਜਾਵੇ। ਨਤੀਜਤਨ ਹਜ਼ਾਰਾਂ ਸਿੱਖ ਤਲਵਾਰ ਦੀ ਧਾਰ ਲੰਘਾ ਦਿਤੇ ਗਏ। ਬਚੇ-ਖੁਚੇ ਸਿੱਖਾਂ ਨੇ ਮਾਲਵੇ ਦੇ ਜੰਗਲਾਂ ਅਤੇ ਰਾਜਸਥਾਨ ਦੇ ਰੇਤ ਦੇ ਟੀਲਿਆਂ ਵਿਚ ਜਾ ਪਨਾਹ ਲਈ। ਡੇਢ ਦੋ ਸਾਲ ਸਖ਼ਤੀ ਦਾ ਦੌਰ ਚਲਦਾ ਰਿਹਾ, ਫਿਰ ਅਬਦੁਲ ਸਮੱਦ ਖ਼ਾਨ ਹੋਰ ਝਗੜਿਆਂ ਵਿਚ ਉਲਝ ਗਿਆ। ਦੁਆਬੇ ਵਿਚ ਈਸਾ ਖਾਨ ਮੰਝ ਅਤੇ ਕਸੂਰ ਵਿਚ ਹੁਸੈਨ ਖ਼ਾਨ ਖੇਸ਼ਗੀ ਨੇ ਬਗ਼ਾਵਤ ਕਰ ਦਿਤੀ। 1726 ਵਿਚ ਦਿੱਲੀ ਦੇ ਵਜ਼ੀਰ ਕਮਰੁਦੀਨ ਨੇ ਖ਼ਰਾਬ ਪ੍ਰਬੰਧਾਂ ਦਾ ਇਲਜ਼ਾਮ ਲਾ ਕੇ ਅਬਦੁਲ ਸਮੱਦ ਖ਼ਾਨ ਨੂੰ ਮੁਲਤਾਨ ਦਾ ਅਤੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ (ਜੋ ਕਮਰੁਦੀਨ ਦਾ ਜੀਜਾ ਸੀ) ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਦਿਤਾ।ਇਨ੍ਹਾਂ 8-10 ਸਾਲਾਂ ਵਿਚ ਸਿੱਖਾਂ ਨੂੰ ਕੁੱਝ ਸਾਹ ਮਿਲ ਗਿਆ। ਆਪਸੀ ਝਗੜਿਆਂ ਕਾਰਨ ਹਕੂਮਤ ਦਾ ਵੀ ਧਿਆਨ ਸਿੱਖਾਂ ਵਲੋਂ ਹਟ ਗਿਆ। ਉਹ ਵਾਪਸ ਆ ਕੇ ਪਿੰਡਾਂ ਵਿਚ ਸ਼ਾਂਤੀ ਨਾਲ ਵਾਹੀ-ਜੋਤੀ ਕਰਨ ਲੱਗ ਗਏ। ਪਰ ਬਾਬਾ ਬੰਦਾ ਬਹਾਦਰ ਅਧੀਨ ਵੇਖੀ ਅਜ਼ਾਦੀ ਉਨ੍ਹਾਂ ਨੂੰ ਭੁੱਲੀ ਨਹੀਂ ਸੀ। ਉਹ ਮੁੜ ਸੰਗਠਤ ਹੋਣ ਲੱਗ ਪਏ। ਉਨ੍ਹਾਂ ਦਿਨਾਂ ਵਿਚ ਹੀ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਹੋਈ ਜਿਸ ਨੇ ਪੰਥ ਉਤੇ ਜ਼ਬਰਦਸਤ ਚਮਤਕਾਰੀ ਪ੍ਰਭਾਵ ਪਇਆ।

ਭਾਈ ਤਾਰਾ ਸਿੰਘ ਦਾ ਜਨਮ ਪਿੰਡ 'ਵਾਂ' ਵਿਖੇ ਸ. ਗੁਰਦਾਸ ਸਿੰਘ ਦੇ ਘਰ 1687 ਵਿਚ ਹੋਇਆ ਸੀ। ਇਹ ਪਿੰਡ ਪਹਿਲਾਂ ਜ਼ਿਲ੍ਹਾ ਲਾਹੌਰ ਅਤੇ ਹੁਣ ਥਾਣਾ ਖਾਲੜਾ ਜ਼ਿਲ੍ਹਾ ਤਰਨ ਤਾਰਨ ਵਿਚ ਪੈਂਦਾ ਹੈ। ਉਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਉਸ ਦਾ ਜੀਵਨ ਬਹੁਤ ਹੀ ਪਵਿੱਤਰ ਅਤੇ ਉੱਚ ਕੋਟੀ ਦਾ ਸੀ। ਪੰਥ ਵਿਚ ਉਸ ਨੂੰ ਤੇਗਧਾਰੀ ਸੰਤ ਹੋਣ ਕਰ ਕੇ ਅਤਿਅੰਤ ਮਾਣ ਸਤਿਕਾਰ ਦਿਤਾ ਜਾਂਦਾ ਸੀ। ਉਹ ਸਿਮਰਨ ਦੇ ਨਾਲ ਨਾਲ ਕਿਰਤ ਕਰਦਾ ਅਤੇ ਵੰਡ ਕੇ ਛਕਦਾ ਸੀ। ਜੰਗੀ ਸਿੰਘਾਂ ਦੇ ਜਥੇ ਉਸ ਕੋਲ ਗਾਹੇ ਬਗਾਹੇ ਚੱਕਰ ਮਾਰਦੇ ਰਹਿੰਦੇ ਸਨ।ਨੌਸ਼ਹਿਰੇ ਪਿੰਡ (ਪਹਿਲਾਂ ਲਾਹੌਰ, ਹੁਣ ਜ਼ਿਲ੍ਹਾ ਤਰਨ ਤਾਰਨ) ਵਿਚ ਕੁੱਝ ਸਿੱਖ ਖੇਤੀਬਾੜੀ ਕਰਦੇ ਸਨ। ਪਿੰਡ ਦਾ ਹੰਕਾਰਿਆ ਚੌਧਰੀ ਸਾਹਿਬ ਰਾਏ ਜਾਣਬੁੱਝ ਕੇ ਉਨ੍ਹਾਂ ਦੇ ਖੇਤਾਂ ਵਿਚ ਅਪਣੀਆਂ ਘੋੜੀਆਂ ਚਰਨ ਲਈ ਛੱਡ ਦੇਂਦਾ ਸੀ। ਕਈ ਵਾਰ ਬੇਨਤੀਆਂ ਕਰਨ ਤੇ ਵੀ ਚੌਧਰੀ ਉਤੇ ਕੋਈ ਅਸਰ ਨਾ ਹੋਇਆ ਸਗੋਂ ਇਕ ਦਿਨ ਖਿਝ ਕੇ ਬੋਲਿਆ, "ਮੈਂ ਤੁਹਾਡੇ ਸਿਰਾਂ ਦੇ ਕੇਸ ਵੱਢ ਕੇ ਰੱਸੇ ਬਣਾਵਾਂਗਾ ਤਾਂ ਘੋੜੀਆਂ ਬੱਝਣਗੀਆਂ। ਉਦੋਂ ਤਕ ਖੁਲ੍ਹੀਆਂ ਹੀ ਫਿਰਨਗੀਆਂ।" ਚੌਧਰੀ ਦੇ ਕੁਬੋਲ ਸੁਣ ਕੇ ਸਿੱਖਾਂ ਦੇ ਤਨ-ਬਦਨ ਨੂੰ ਅੱਗ ਲੱਗ ਗਈ। ਉਹ ਫ਼ਸਲ ਦਾ ਉਜਾੜਾ ਤਾਂ ਝੱਲ ਗਏ ਪਰ ਧਰਮ ਦੀ ਬੇਇੱਜ਼ਤੀ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਨੇ ਪਿੰਡ ਭੁੱਸੇ ਦੇ ਅਮਰ ਸਿੰਘ ਅਤੇ ਬਘੇਲ ਸਿੰਘ ਢਿੱਲੋਂ ਨੂੰ ਕਹਿ ਕੇ ਚੌਧਰੀ ਦੀਆਂ ਘੋੜੀਆਂ ਬਾਹਰੋਂ




"ਭਾਈ ਤਾਰਾ ਸਿੰਘ ਪੰਥ ਦੀ ਬਹੁਤ ਪੂਜਨੀਕ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।"

ਚਰਦੀਆਂ ਫੜਾ ਦਿਤੀਆਂ। ਉਨ੍ਹਾਂ ਨੇ ਘੋੜੀਆਂ ਮਾਲਵੇ ਵਿਚ ਵੇਚ ਕੇ ਪੈਸੇ ਭਾਈ ਤਾਰਾ ਦੇ ਲੰਗਰ ਵਿਚ ਜਾ ਪਾਏ। ਚੌਧਰੀ ਨੇ ਘੋੜੀਆਂ ਦੀ ਸੂਹ ਕੱਢ ਲਈ। ਜਦੋਂ ਉਹ ਬੰਦੇ ਲੈ ਕੇ ਅਮਰ ਸਿੰਘ ਤੇ ਬਘੇਲ ਸਿੰਘ ਨੂੰ ਫੜਨ ਗਿਆ ਤਾਂ ਉਹ ਭੱਜ ਕੇ ਭਾਈ ਤਾਰਾ ਸਿੰਘ ਦੀ ਸ਼ਰਨ ਵਿਚ ਚਲੇ ਗਏ।ਚੌਧਰੀ ਵੀ ਮਗਰੇ ਮਗਰ ਡੇਰੇ ਪਹੁੰਚ ਗਿਆ। ਉਸ ਨੇ ਭਾਈ ਤਾਰਾ ਸਿੰਘ ਤੋਂ ਅਮਰ ਸਿੰਘ ਅਤੇ ਬਘੇਲ ਸਿੰਘ ਮੰਗੇ ਅਤੇ ਆਦਤ ਮੁਤਾਬਕ ਧਮਕਾਉਣ ਲੱਗਾ। ਭਾਈ ਸਾਹਿਬ ਨੇ ਜਵਾਬ ਦਿਤਾ ਕਿ ਇਥੇ ਕੋਈ ਚੋਰ ਨਹੀਂ ਰਹਿੰਦਾ। ਅਪਣੀ ਕਿਰਤ ਕਰ ਕੇ ਖਾਣ ਵਾਲੇ ਚੋਰ ਨਹੀਂ ਹੁੰਦੇ ਸਗੋਂ ਚੋਰ ਉਹ ਹੈ ਜੋ ਲੋਕਾਂ ਦੇ ਖੇਤ ਚਾਰਦਾ ਹੈ। ਚੌਧਰੀ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਉਸ ਨੇ ਸੜ-ਬਲ ਕੇ ਕਿਹਾ ਕਿ ਜੇ ਮੇਰੇ ਦੋਸ਼ੀ ਨਹੀਂ ਦਿਉਗੇ ਤਾਂ ਮੈਂ ਜੁੱਤੀ ਨਾਲ ਲੈ ਜਾਵਾਂਗਾ। ਭਾਈ ਸਾਹਿਬ ਨੇ ਉੱਤਰ ਦਿਤਾ ਕਿ ਜੋ ਭਲੇਮਾਣਸਾਂ ਨੂੰ ਜੁੱਤੀਆਂ ਵਿਖਾਉਂਦਾ ਹੈ, ਉਹ ਆਪ ਜੁੱਤੀਆਂ ਖਾ ਕੇ ਜਾਂਦਾ ਹੈ। ਇਸ਼ਾਰਾ ਸਮਝ ਕੇ ਕੋਲ ਖੜੇ ਇਕ ਸਿੰਘ ਨੇ ਚੌਧਰੀ ਨੂੰ ਪੰਜ-ਸੱਤ ਜੁੱਤੀਆਂ ਮਾਰ ਦਿਤੀਆਂ। ਜੁੱਤੀਆਂ ਖਾ ਕੇ ਰੋਂਦਾ-ਧੋਂਦਾ ਚੌਧਰੀ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਕੋਲ ਜਾ ਪਿਟਿਆ। ਜਾਫ਼ਰ ਬੇਗ 200 ਪੈਦਲ ਤੇ 100 ਸਵਾਰ ਲੈ ਕੇ ਤੜਕੇ ਹੀ 'ਵਾਂ' ਪਿੰਡ ਤੇ ਚੜ੍ਹ ਆਇਆ। ਬਘੇਲ ਸਿੰਘ ਬਾਹਰ ਜੰਗਲ ਵਲ ਜਾ ਰਿਹਾ ਸੀ। ਘੋੜਿਆਂ ਦੇ ਸੁੰਮਾਂ ਦੀ ਅਵਾਜ਼ ਸੁਣ ਕੇ ਉਸ ਨੇ ਜੈਕਾਰਾ ਗਜਾਇਆ ਅਤੇ ਬਰਛਾ ਸੂਤ ਕੇ ਮੁਕਾਬਲੇ ਲਈ ਤਿਆਰ ਹੋ ਗਿਆ। ਸਾਹਿਬ ਰਾਏ ਨੇ ਅਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ ਕਿ ਇਹੀ ਹੈ ਬਘੇਲ ਸਿੰਘ, ਮੇਰੀਆਂ ਘੋੜੀਆਂ ਦਾ ਚੋਰ। ਫ਼ੌਜ ਨੇ ਬਘੇਲ ਸਿੰਘ ਨੂੰ ਘੇਰ ਲਿਆ ਅਤੇ ਉਹ ਸੂਰਮਿਆਂ ਵਾਂਗ ਜੂਝ ਕੇ ਸ਼ਹੀਦ ਹੋਇਆ।

ਬੂੰਗੇ ਵਿਚ ਉਸ ਵੇਲੇ 22 ਕੁ ਸਿੰਘ ਸਨ। ਬੰਦੂਕਾਂ ਦੀ ਅਵਾਜ਼ ਸੁਣ ਕੇ ਉਹ ਸਾਰੇ ਮੈਦਾਨ ਵਿਚ ਆਣ ਡਟੇ। ਪਹਿਲੇ ਹੱਲੇ ਹੀ ਸ਼ਾਹੀ ਫ਼ੌਜ ਦਸ ਬਾਰਾਂ ਬੰਦੇ ਮਰਵਾ ਕੇ ਪਿੱਛੇ ਨੂੰ ਉੱਠ ਨੱਸੀ। ਮਰਨ ਵਾਲਿਆਂ ਵਿਚ ਫ਼ੌਜਦਾਰ ਦਾ ਭਰਾ ਅਤੇ ਭਤੀਜਾ ਵੀ ਸ਼ਾਮਲ ਸਨ। ਫ਼ੌਜਦਾਰ ਲਾਹੌਰ ਸੂਬੇਦਾਰ ਜ਼ਕਰੀਆ ਖ਼ਾਨ ਕੋਲ ਜਾ ਪਿਟਿਆ। ਸੂਬੇਦਾਰ ਤਾਂ ਅਜਿਹੇ ਮੌਕੇ ਭਾਲਦਾ ਰਹਿੰਦਾ ਸੀ। ਉਸ ਨੇ ਅਪਣੇ ਨਾਇਬ ਮੋਮਨ ਖ਼ਾਨ ਨੂੰ ਚੜ੍ਹਾਈ ਕਰਨ ਦਾ ਹੁਕਮ ਦੇ ਦਿਤਾ। ਮੋਮਨ ਖ਼ਾਨ 2200 ਸਵਾਰ, 5 ਹਾਥੀ ਅਤੇ 40 ਜੰਬੂਰਚੇ ਲੈ ਕੇ ਭਾਈ ਤਾਰਾ ਸਿੰਘ ਨੂੰ ਕਾਬੂ ਕਰਨ ਲਈ ਨਿਕਲ ਪਿਆ। ਲਾਹੌਰ ਦੇ ਸਿੱਖਾਂ ਨੇ ਇਕ ਸੂਹੀਏ ਹੱਥ ਸਾਰੀ ਸੂਚਨਾ ਭਾਈ ਤਾਰਾ ਸਿੰਘ ਕੋਲ ਪਹੁੰਚਾ ਦਿਤੀ ਅਤੇ ਨਾਲੇ ਕਹਿ ਭੇਜਿਆ ਕਿ ਕੁੱਝ ਦਿਨ ਲਈ ਡੇਰਾ ਛੱਡ ਕੇ ਆਸੇ-ਪਾਸੇ ਹੋ ਜਾਉ। ਭਾਈ ਤਾਰਾ ਸਿੰਘ ਨੇ ਸਿੰਘਾਂ ਨੂੰ ਚਿੱਠੀ ਪੜ੍ਹ ਕੇ ਸੁਣਾ ਦਿਤੀ ਨਾਲੇ ਕਹਿ ਦਿਤਾ ਕਿ ਜੋ ਜਾਣਾ ਚਾਹੁੰਦਾ ਹੈ ਉਹ ਖ਼ੁਸ਼ੀ ਨਾਲ ਜਾ ਸਕਦਾ ਹੈ। ਮੈਂ ਤਾਂ ਇਥੇ ਹੀ ਮੈਦਾਨ ਵਿਚ ਸ਼ਹੀਦੀ ਪ੍ਰਾਪਤ ਕਰਾਂਗਾ। ਡੇਰੇ ਵਿਚੋਂ ਕਿਸੇ ਨੇ ਤਾਂ ਕੀ ਜਾਣਾ ਸੀ ਸਗੋਂ ਸ਼ਹੀਦੀ ਗਾਨੇ ਬੰਨ੍ਹ ਕੇ 30-40 ਸਿੰਘ ਹੋਰ ਪਹੁੰਚ ਗਏ।ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜੰਗਾਂ ਤੋਂ ਬਾਅਦ ਸਿੱਖਾਂ ਅਤੇ ਮੁਗਲਾਂ ਦਰਮਿਆਨ ਹੋਣ ਵਾਲੀ ਇਹ ਪਹਿਲੀ ਵੱਡੀ ਅਤੇ ਸਿੱਧੀ ਲੜਾਈ ਸੀ। ਸਾਰੇ ਸਿੰਘ ਮੋਰਚਾਬੰਦੀ ਕਰ ਕੇ ਸ਼ਾਹੀ ਫੌਜ ਦੀ ਉਡੀਕ ਕਰਨ ਲੱਗੇ। ਜਦੋਂ ਮੋਮਨ ਖ਼ਾਨ ਦੀਆਂ ਫ਼ੌਜਾਂ ਮਾਰ ਹੇਠ ਆਈਆਂ ਸਿੰਘਾਂ ਨੇ ਤੀਰ ਅਤੇ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿਤੀਆਂ। ਇਕ ਵਾਰ ਤਾਂ ਸ਼ਾਹੀ ਫੌਜ ਡਰ ਗਈ ਕਿ ਸਿੱਖ ਫੌਜ ਦੱਸੀ ਗਈ ਗਿਣਤੀ ਤੋਂ ਵੱਧ ਲਗਦੀ ਹੈ। ਦੋਹਾਂ ਪਾਸਿਆਂ ਤੋਂ ਅੱਗ ਵਰ੍ਹਨ ਲੱਗੀ। ਗੋਲੀ-ਸਿੱਕਾ ਮੁੱਕ ਗਿਆ ਤਾਂ ਸਿੰਘ ਤਲਵਾਰਾਂ ਬਰਛੇ ਸੂਤ ਕੇ ਮੁਗਲਾਂ ਤੇ ਟੁੱਟ ਪਏ। ਸ਼ਾਹੀ ਫ਼ੌਜ ਦੇ ਇਕ ਕਮਾਂਡਰ ਤਕੀ ਬੇਗ ਤੁਰਾਨੀ ਨੇ ਭਾਈ ਤਾਰਾ ਸਿੰਘ ਨੂੰ ਸਾਹਮਣੇ ਵੇਖ ਕੇ ਹਾਥੀ ਉਸ ਵਲ ਵਧਾਇਆ। ਬਰਾਬਰ ਦਾ ਜੋੜ ਵੇਖ ਕੇ ਭਾਈ ਤਾਰਾ ਸਿੰਘ ਨੇ ਵੀ ਉਸ ਵਲ ਘੋੜਾ ਛੇੜਿਆ। ਤਕੀ ਬੇਗ ਨੇ ਤੀਰ ਮਾਰਿਆ ਜੋ ਤਾਰਾ ਸਿੰਘ ਦੀ ਦਸਤਾਰ ਦੇ ਦੁਮਾਲੇ ਵਿਚ ਲੱਗਾ। ਤਕੀ ਬੇਗ ਸੰਜੋਅ ਵਿਚ ਮੜ੍ਹਿਆ ਹੋਇਆ ਸੀ। ਹੋਰ ਕੋਈ ਜਗ੍ਹਾ ਖ਼ਾਲੀ ਨਾ ਵੇਖ ਕੇ ਭਾਈ ਤਾਰਾ ਸਿੰਘ ਨੇ ਉਸ ਦੇ ਮੂੰਹ ਵਿਚ ਬਰਛਾ ਮਾਰ ਦਿਤਾ। ਮਾਰੂ ਫੱਟ ਖਾ ਕੇ ਤਕੀ ਬੇਗ ਪਿਛੇ ਨੂੰ ਭੱਜ ਉੱਠਾ। ਖ਼ੂਨ ਵਗਦਾ ਵੇਖ ਕੇ ਮੋਮਨ ਖ਼ਾਨ ਨੇ ਠੱਠਾ ਕੀਤਾ, "ਪਾਨ ਖਾ ਰਹੇ ਹੋ ਖ਼ਾਨ ਸਾਹਿਬ?" ਸੜੇ ਬਲੇ ਤਕੀ ਬੇਗ ਨੇ ਮੋੜਵਾਂ ਉੱਤਰ ਦਿਤਾ, "ਤਾਰਾ ਸਿੰਘ ਬੀੜੇ ਵੰਡ ਰਿਹਾ ਹੈ। ਜ਼ਰਾ ਆਪ ਵੀ ਅੱਗੇ ਹੋ ਕੇ ਲੈ ਲਵੋ।" ਜ਼ਿਆਦਾ ਖ਼ੂਨ ਵਗਣ ਕਾਰਨ ਕੁੱਝ ਦੇਰ ਬਾਅਦ ਤਕੀ ਬੇਗ ਦੀ ਮੌਤ ਹੋ ਗਈ।ਫਿਰ ਮੋਮਨ ਖ਼ਾਨ ਦਾ ਭਤੀਜਾ ਮੁਰੀਦ ਖ਼ਾਨ ਅੱਗੇ ਵਧਿਆ। ਭੀਮ ਸਿੰਘ ਨੇ ਬਰਛੇ ਨਾਲ ਉਸ ਦਾ ਮਹਾਵਤ ਪਰੋ ਦਿਤਾ ਅਤੇ ਕੰਨੋਂ ਪਕੜ ਕੇ ਹਾਥੀ ਬਿਠਾ ਲਿਆ। ਨੇੜੇ ਹੀ ਖੜਾ ਲਖਮੀਰ ਸਿੰਘ ਛਾਲ ਮਾਰ ਕੇ ਹਾਥੀ ਉਤੇ ਚੜ੍ਹ ਗਿਆ ਅਤੇ ਮੁਰੀਦ ਖ਼ਾਨ ਦਾ ਸਿਰ ਧੜ ਤੋਂ ਅਲੱਗ ਕਰ ਦਿਤਾ। ਇਸ ਤੋਂ ਬਾਅਦ ਸ਼ਾਹੀ ਫ਼ੌਜ ਦੇ ਪੂਰਬੀਏ ਅਫ਼ਸਰ ਦਇਆ ਰਾਮ ਅਤੇ ਮਨਸਾ ਰਾਮ ਇਕ ਹਜ਼ਾਰੀ ਅੱਗੇ ਵਧੇ। ਉਹ ਬਹਾਦਰੀ ਨਾਲ ਲੜੇ ਪਰ ਅਮਰ ਸਿੰਘ ਅਤੇ ਕੇਹਰ ਸਿੰਘ ਹੇਰੂ ਹੱਥੋਂ ਮਾਰੇ ਗਏ। ਦੁਪਹਿਰ ਤਕ ਲੜਾਈ ਅੰਤ ਦੇ ਨੇੜੇ ਪਹੁੰਚ ਚੁੱਕੀ ਸੀ। ਇਕ ਵੀ ਸਿੰਘ ਨੇ ਨਾ ਤਾਂ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਜਾਨ ਬਖ਼ਸ਼ੀ ਦੀ ਭੀਖ ਮੰਗੀ। ਅੰਤ ਅਨੇਕਾਂ ਵੈਰੀਆਂ ਨੂੰ ਪ੍ਰਲੋਕ ਭੇਜ ਕੇ 22 ਫੱਗਣ (4 ਮਾਰਚ) 1726 ਈ. ਵਾਲੇ ਦਿਹਾੜੇ 39 ਸਾਲ ਦੀ ਉਮਰ ਵਿਚ ਗੁਰੂ ਕਾ ਲਾਲ ਭਾਈ ਤਾਰਾ ਸਿੰਘ 'ਵਾਂ' ਸਾਥੀਆਂ ਸਮੇਤ ਸਤਿਗੁਰੂ ਦੇ ਚਰਨਾਂ ਵਿਚ ਜਾ ਬਿਰਾਜਿਆ। ਸਾਰੇ 50-55 ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਸ਼ਾਹੀ ਫੌਜ ਦੇ ਵੀ 200-250 ਬੰਦੇ ਮਾਰੇ ਗਏ ਤੇ ਅਨੇਕਾਂ ਫੱਟੜ ਹੋਏ।ਭਾਈ ਤਾਰਾ ਸਿੰਘ ਪੰਥ ਦੀ ਬਹੁਤ ਪੂਜਨੀਕ ਹਸਤੀ ਸੀ। ਉਸ ਦੀ ਬਹਾਦਰੀ ਅਤੇ ਸ਼ਹੀਦੀ ਦੀ ਖ਼ਬਰ ਸੁਣ ਕੇ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਆਣ ਇਕੱਠੇ ਹੋਏ। ਗੁਰਮਤਾ ਕੀਤਾ ਗਿਆ ਕਿ ਜਥੇ ਬਣਾ ਕੇ ਸਾਰੇ ਪੰਜਾਬ ਵਿਚ ਜ਼ਾਲਮ ਹਕੂਮਤ ਦਾ ਸਾਹ ਤੰਗ ਕਰ ਦਿਤਾ ਜਾਵੇ। ਭਾਈ ਤਾਰਾ ਸਿੰਘ ਦੀ ਬਹਾਦਰੀ ਤੋਂ ਪ੍ਰੇਰਨਾ ਲੈ ਕੇ ਸਿੱਖਾਂ ਨੇ ਉਹ ਨਿਧੜਕ ਸੰਘਰਸ਼ ਸ਼ੁਰੂ ਕੀਤਾ ਜੋ ਸਿੱਖ ਰਾਜ ਦੀ ਪ੍ਰਾਪਤੀ ਦਾ ਸਬੱਬ ਬਣਿਆ। ਸ਼ਹੀਦ ਦੀ ਯਾਦ ਵਿਚ ਪਿੰਡ 'ਵਾਂ' ਵਿਖੇ ਬਹੁਤ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਭਾਈ ਤਾਰਾ ਸਿੰਘ ਦੇ ਖ਼ਾਨਦਾਨ ਦੇ ਲੋਕ ਪਹਿਲਾਂ ਬੀਕਾਨੇਰ ਚਲੇ ਗਏ ਸਨ ਅਤੇ ਹੁਣ ਕਰਤਾਰਪੁਰ ਦੇ ਨਜ਼ਦੀਕ ਪਿੰਡ ਬੁਟਰਾਂ ਵਾਲੀ 'ਵਾਂ' ਵਿਖੇ ਵੱਸੇ ਹੋਏ ਹਨ। ਭਾਈ ਤਾਰਾ ਸਿੰਘ ਦੀ ਯਾਦ ਵਿਚ ਹਰ ਸਾਲ 22 ਫੱਗਣ ਨੂੰ ਪਿੰਡ ਵਿਚ ਵੱਡੀ ਪੱਧਰ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 56

## ਵੱਡਾ ਘੱਲੂਘਾਰਾ

ਸਿੰਘਾਂ ਨੂੰ ਪਤਾ ਓਦੋਂ ਲੱਗਾ, ਜਦ ਅਬਦਾਲੀਮਲੇਰ ਕੋਟਲੇ ਆ ਪੁੱਜਾ। ਸਿੰਘਾਂ ਦੀ ਲੜਾਕੀ ਫ਼ੌਜਵੇਰੀ ਦੇ ਚੌਥੇ ਹਿੱਸੇ ਵਿਚ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ। ਅਬਦਾਲੀ ਕੋਲ ਬੜਾ ਭਾਰੀ ਤੋਪਖ਼ਾਨਾ ਸੀ।

ਸਿੰਘ ਆਪਣਾ 'ਵਹੀਰ' ਬਚਾਉਣ ਵਾਸਤੇ ਪਿੰਡ ਗੁਰਮੇ ਵੱਲ ਭੱਜੇ, ਜਾਂ ਦੁਰਾਨੀਆਂ ਨੇ ਚੁਫੇਰਿਓਂ ਹੱਲਾ ਬੋਲ ਦਿੱਤਾ। ਸਭ ਤੋਂ ਪਹਿਲਾਂ ਕਾਸਮਖ਼ਾਂ ਨੇ ਧਾਵਾ ਕੀਤਾ, ਜੋ ਸਿੱਖਾਂ ਤੋਂ ਮਾਰ ਖਾ ਕੇ ਪਿਛੇ ਹਟਿਆ। ਫਿਰ ਅਹਿਮਦ ਸ਼ਾਹ ਨੇ ਆਪਣੇ ਦੋਹਾਂ ਨਾਮਵਰ ਜਰਨੈਲਾਂ-ਜਹਾਨ ਖ਼ਾਂ ਤੇ ਸਰਬੁਲੰਦਖ਼ਾਂ-ਸਣੇ ਆਪ ਹਮਲਾ ਕੀਤਾ। ਖ਼ਾਲਸੇ ਨੇ ਤਿੰਨਾਂ ਮਲਵਈ ਸਰਦਾਰਾਂ (ਸ: ਆਲਾ ਸਿੰਘ ਦਾ ਵਕੀਲ ਸੇਖੂ ਸਿੰਘ ਹੰਭਲਵਾਲ, ਸੰਗੂ ਸਿੰਘ ਭਾਈਕਾ, ਬੁਢਾ ਸਿੰਘ ਭਾਈਕਾ) ਨਾਲ ਵਹੀਰ ਨੂੰ ਬਰਨਾਲੇ ਵੱਲ ਤੋਰ ਦਿੱਤਾ, ਤੇ ਆਪ ਅਬਦਾਲੀ ਨਾਲ ਲੜਨ ਲੱਗੇ। ਸ: ਚੜ੍ਹਤ ਸਿੰਘ ਸੁਕਰਚੱਕੀਆ ਤੇ ਸ: ਜੱਸਾ ਸਿੰਘ ਆਹਲੂਵਾਲੀਆ ਬੜੀ ਬਹਾਦਰੀ ਨਾਲ ਲੜੇ। ਦੂੱਜੇ ਪਾਸੇ ਸ਼ਾਹਵਲੀ ਨੇ 'ਵਹੀਰ' ਉੱਤੇ ਹਮਲਾ ਕਰਕੇ ਹਜ਼ਾਰਾਂ ਇਸਤ੍ਰੀਆਂ ਤੇ ਬੱਚੇ ਕਤਲ ਕੀਤੇ। ਸ: ਜੱਸਾ ਸਿੰਘ ਨੂੰ ਖ਼ਬਰ ਪਹੁੰਚੀ, ਤਾਂ ਉਹਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਕਰਮ ਸਿੰਘ, ਸ: ਨਾਹਰ ਸਿੰਘ ਆਦਿ ਨੂੰ ਵਹੀਰ ਵੱਲੋ ਭੇਜਿਆ। ਵਜ਼ੀਰ ਸ਼ਾਹਵਲੀ ਨੇ ਵਹੀਰ ਵਿਚੋਂ ਹਜ਼ਾਰਾਂ ਇਸਤਰੀਆਂ ਤੇ ਬੱਚੇ ਕੈਦੀ ਬਣਾ ਲਏ ਸਨ।ਸਿੰਘਾਂ ਨੇ ਹੱਲਾ ਕਰ ਕੇ ਆਪਣੀਆਂ ਢੱਕਾਂ ਛੁਡਾ ਲਈਆਂ ਤੇ ਬਾਹ ਵਲੀ ਦੀ ਫ਼ੌਜ ਦਾ ਬੜਾ ਨੁਕਸਾਨ ਕੀਤਾ। ਸਿੰਘਾਂ ਦੀ ਤਲਵਾਰ ਤੋਂ ਤੰਗ ਆ ਕੇ ਵਜ਼ੀਰ 'ਵਹੀਰ' ਨੂੰ ਛੱਡ ਕੇ ਪਿਛੇ ਹਟ ਗਿਆ।

ਓਧਰ ਸ: ਚੜ੍ਹਤ ਸਿੰਘ ਹੱਥੋਂ ਅਬਦਾਲੀ ਦਾ ਜਰਨੈਲ ਸਰਬੁਲੰਦਖ਼ਾਂ ਜ਼ਖ਼ਮੀ ਹੋ ਕੇ ਪਿਛੇ ਹਟਿਆ ਹੀ ਸੀ, ਜਾਂ ਦੂੱਜੇ ਪਾਸਿਓਂ ਜਹਾਨ ਖ਼ਾਂ ਨੇ ਹੱਲਾ ਕਰ ਦਿੱਤਾ। ਉਹ ਸ: ਜੱਸਾ ਸਿੰਘ ਹੱਥੋਂ ਜ਼ਖ਼ਮੀ ਹੋ ਗਿਆ। ਇਸ ਤਰਾਂ ਦੋਵੇਂ ਦਲ ਲਹੂ ਦੀ ਹੱਲੀ ਖੇਡਦੇ ਪਿੰਡ ਗਹਿਲ ਵਿਚ ਜਾ ਪੁੱਜੇ। ਅੱਗੋਂ ਪਿੰਡ ਵਾਲਿਆਂ ਨੇ ਬੂਹੇ ਬੰਦ ਕਰ ਲਏ ਤੇ ਅਬਦਾਲੀ ਤੋਂ ਡਰਦਿਆਂ ਸਿੰਘਾਂ ਨੂੰ ਆਸਰਾ ਨਾ ਦਿੱਤਾ। ਕੁਛ ਬਿਰਧ ਸਿੰਘ ਤੇ ਸਿੰਘਣੀਆਂ ਸੁੱਕੇ ਹੋਏ ਬਾਜਰੇ ਦੇ ਮੁਨਾਰਿਆਂ ਵਿਚ ਲੁਕ ਗਏ। ਦੁਰਾਨੀਆਂ ਨੇ ਅੱਗ ਲਾ ਕੇ ਉਹ ਜਿਉਂਦੇ ਹੀ ਸਾੜ ਦਿੱਤੇ।

ਸਿੰਘ ਲੜਦੇ-ਲੜਦੇ ਬਰਨਾਲੇ ਵੱਲ ਤੁਰੇ ਜਾ ਰਹੇ ਸਨ। ਤਕਾਲਾਂ ਪੈਂਦੀਆਂ ਨੂੰ ਸਿੰਘ ਪਿੰਡ 'ਕੁਤਬੇ' ਜਾ ਪੁੱਜੇ। ਓਥੇ ਪਾਣੀ ਦੀ ਢਾਬ ਭਰੀ ਹੋਈ ਸੀ, ਜੋ ਸਿੰਘਾਂ ਨੇ ਰੋਕ ਲਈ ਦੁਰਾਨੀ ਵੀ ਪਾਣੀ ਵਲ ਵਧੇ। ਏਥੇ ਫਿਰ ਬੜੀ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਤਦ ਤਕ ਵੈਰੀ ਨੂੰ ਰੋਕੀ ਰਖਿਆ, ਜਦ ਤਕ 'ਵਹੀਰ'' ਪਾਣੀ ਪੀ ਕੇ ਚਲਾ ਨਾ ਗਿਆ। ਫਿਰ ਸਿੰਘਾਂ ਵੀ ਪਾਣੀ ਪੀਤਾ ਤੇ 'ਵਹੀਰ' ਦੇ ਮਗਰ ਹੋ ਤੁਰੇ। ਦੁਰਾਨੀਫ਼ੌਜ ਵੀ ਤਿਹਾਈ ਮਰੀ ਪਈ ਸੀ। ਉਹ ਪਾਣੀ ਉੱਤੇ ਟੁੱਟ ਪਈ। ਏਨੇ ਚਿਰ ਨੂੰ ਸਿੰਘ 'ਵਹੀਰ ਸਣੇ ਦੂਰ ਨਿਕਲ ਗਏ। ਅਬਦਾਲੀ ਨੇ ਬਰਨਾਲੇ ਤਕ ਸਿੰਘਾਂ ਦਾ ਪਿਛਾ ਕੀਤਾ । ਏਨੇ ਚਿਰ ਨੂੰ ਚੋਖਾ ਹਨੇਰਾ ਹੋ ਚੁੱਕਾ ਸੀ। ਸੋ ਅਬਦਾਲੀ ਨੇ ਓਥੇ ਹੀ ਡੇਰਾ ਲਾ ਦਿੱਤਾ ਤੇ ਸਿੰਘ ਕੋਟਕਪੂਰੇ, ਫ਼ਰੀਦਕੋਟ ਵੱਲ ਨਿਕਲ ਗਏ। ਕੁੱਪ ਤੋਂ ਬਰਨਾਲੇ ਤਕ-ਪੰਝੀ ਮੀਲ ਵਿਚ-ਲੋਥਾਂ ਹੀ ਲੋਕਾਂ ਖਿਲਰੀਆਂ ਪਈਆਂ ਸਨ। ਸਿੱਖ ਇਤਿਹਾਸ ਵਿਚ ਇਸ ਨੂੰ 'ਵੱਡਾ ਘਲੂਘਾਰ' ਕਹਿੰਦੇ ਹਨ।

ਇਸ ਘੱਲੂਘਾਰੇ ਵਿਚ ਸਿੱਖਾਂ ਦਾ ਬੜਾ ਨੁਕਸਾਨ ਹੋਇਆ, ਸਿੱਖਾਂ ਦੇ ਹਾਰਨ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦੇ 'ਵਹੀਰ' ਦਾ ਨਾਲ ਹੋਣਾ ਸੀ। ਉਹਨਾਂ ਨੂੰ ਬਹੁਤੀ ਚਿੰਤਾ 'ਵਹੀਰ ਦੇ ਬਚਾਉਣ ਦੀ ਸੀ। ਦੂਜਾ ਕਾਰਨ ਅਬਦਾਲੀ ਕੋਲ ਤੋਪਖ਼ਾਨਾ ਸੀ, ਤੇ ਸਿੰਘਾਂ ਕੋਲ ਉੱਕਾ ਹੀ ਹੈ ਨਹੀਂ ਸੀ। ਸਿੰਘਾਂ ਦੀ ਲੜਾਕੀ ਫ਼ੌਜ 40-50 ਹਜ਼ਾਰ ਹੀ ਸੀ, ਜਦੋਂ ਕਿ ਅਬਦਾਲੀ ਦੀ ਫ਼ੌਜ ਇਸ ਤੋਂ ਚਾਰ ਗੁਣਾ (ਦੋ ਲੱਖ ਦੇ ਲਗਭਗ) ਸੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀਂ ਇਕੋ ਜਿਹਾ ਸੀ। ਦਸ-ਬਾਰਾਂ ਹਜ਼ਾਰ ਸਿੱਖ ਸਿਪਾਹੀ ਸ਼ਹੀਦ ਹੋਏ ਸਨ ਤੇ ਏਨੇ ਕੁ ਹੀ ਦੁਰਾਨੀ ਸਿਪਾਹੀ। ਪਰ ਸਿੱਖਾਂ ਦੇ ਬਾਲ ਬੱਚੇ ਤੇ ਇਸਤਰੀਆਂ ਅਠਾਰਾਂ-ਵੀਹ ਹਜ਼ਾਰ ਕਤਲ ਕੀਤੇ ਗਏ ਸਨ। ਸੋ ਸਿੱਖਾਂ ਦਾ ਕੁੱਲ ਨੁਕਸਾਨ ਤੀਹ ਹਜ਼ਾਰ ਦੇ ਲਗਭਗ ਸੀ'।

''ਭੰਗੂ ; ਲੋਕ ਕਹੈਂ ਸਿੰਘ ਇਕ ਲਖ ਸਾਰਾ। ਪਚਾਸ ਬਚਿਓ, ਔਰ ਸਭ ਗਯੋ ਮਾਰਾ। ਪਿਤਾ ਹਮਾਰੇਤੀਸ ਬਣਾਏ। ਰਹੇ ਸੁ ਮਰ ਔਰ ਬਚ ਕਰ ਆਏ। ਵੱਖੋ ਵੱਖ ਇਤਿਹਾਸਕਾਰਾਂ ਦੀ ਰਾਏ ਸਿੱਖਾਂ ਦੇ ਨੁਕਸਾਨ ਬਾਰੇ ਇਉਂ ਹੈ:

ਮਸਕੀਨ, 25 ਹਜ਼ਾਰ; ਖ਼ਜ਼ਾਨਾ-ਇ-ਅਮੀਰਾਂ, 29 ਹਜ਼ਾਰ; ਤਾਰੀਖੇਮੁਜ਼ੱਫ਼ਰੀ, 22 ਹਜ਼ਾਰ'; ਤਾਰੀਖ਼ ਹੁਸੈਨ ਸ਼ਾਹੀ, 30 ਹਜ਼ਾਰ; ਤਾਰੀਖ਼ੇ ਅਹਿਮਦ, 30 ਹਜ਼ਾਰ; ਤਾਰੀਖ਼ੋ ਅਲੀ, 20 ਹਜ਼ਾਰ; ਤਾਰੀਖ਼ੇ ਸੁਲਤਾਨੀ 20 ਹਜ਼ਾਰ; ਅਹਿਮਦਸ਼ਾਹ, 17 ਹਜ਼ਾਰ; ਗਨੇਸ਼ ਦਾਸ, 30 ਹਜ਼ਾਰ; ਅਲੀਉੱਦੀਨ, 30 ਹਜ਼ਾਰ; ਪੰਥ ਪ੍ਰਕਾਸ਼, 30 ਹਜ਼ਾਰ ਸਾਰੇ (ਵਿਚੋਂ ਤੇਰਾਂ ਹਜ਼ਾਰ ਫ਼ੌਜੀ ਸਿੰਘ) ; ਕਰਮ ਸਿੰਘ, 13 ਹਜ਼ਾਰ; ਗੁਪਤਾ 12 ਹਜ਼ਾਰ; ਜਾਦੂ ਨਾਥ ਸਰਕਾਰ, 10 ਹਜ਼ਾਰ; ਫਾਰਸਟਰ, 25 ਹਜ਼ਾਰ; ਮੈਲਕਮ 20 ਹਜ਼ਾਰ ਤੋਂ ਵਧ; ਪ੍ਰਿੰਸਪ, 25 ਤੋਂ 30 ਹਜ਼ਾਰ; ਮੈਕਗਰ, 17 ਹਜ਼ਾਰ; ਕਨਿੰਘਮ, 12 ਤੋਂ 25 ਹਜ਼ਾਰ; ਹਯੂਗਲ, 20 ਤੋਂ 30 ਹਜ਼ਾਰ; ਲਤੀਫ਼, 12 ਤੋਂ 30 ਹਜ਼ਾਰ।

ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪੁਰਾਤਨ ਬੀੜਾਂ (ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ) ਅਬਦਾਲੀ ਦੇ ਹੱਥ ਆਈਆਂ। ਚੜ੍ਹਤ ਸਿੰਘ, ਜੱਸਾ ਸਿੰਘ ਤੇ ਸ਼ਾਮ ਸਿੰਘ ਨੂੰ ਕੋਈ ਕੋਈ ਫੱਟ ਲੱਗੇ। ਇਕ ਵੀ ਸਿੱਖ ਸਿਪਾਹੀ ਨਾ ਬਚਿਆ, ਜਿਸ ਨੂੰ ਕੋਈ ਫੱਟ ਨਾ ਲੱਗਾ ਹੋਵੇ। ਪਰ ਸਦਕੇ ਉਹਨਾਂ ਮਰਦਾਂ ਦੇ, ਓਸ ਰਾਤ ਇਕ ਨਿਹੰਗ ਸਿੰਘ ਕਹਿ ਰਿਹਾ ਸੀ : ਖੋਟ ਨਿਕਲ ਗਿਆ ਹੈ, ਤੇ ਹੁਣ ਨਿਰੋਲ ਤੱਤ ਖ਼ਾਲਸਾ ਰਹਿ ਗਿਆ ਹੈ। ਏਥੋਂ ਬਚੇ ਸਿੰਘ ਜੈਤੋ, ਅਬੂਲ, ਮਹਿਮਾ, ਭਗਤੂ, ਬਿਝਕੇ, ਚੁਬਾਰਾ, ਫ਼ਰੀਦਕੋਟ ਆਦਿ, ਚੁਬਾਰਾ, ਫ਼ਰੀਦਕੋਟ ਆਦਿਥਾਵਾਂ'ਤੇ ਜਾ ਟਿਕੇ।

## ਅਬਦਾਲੀ ਬਰਨਾਲੇ

ਸ: ਆਲਾ ਸਿੰਘ ਪਟਿਆਲਾ ਨੇ ਏਸ ਯੁੱਧ ਵਿਚ ਕਿਸੇ ਧਿਰ ਦੀ ਵੀ ਖੁੱਲ ਕੇ ਮਦਦ ਨਹੀਂ ਕੀਤੀ ਸੀ। ਉਹ ਪਟਿਆਲੇ ਤੋਂ ਸਤਾਰਾਂ ਮੀਲ ਦੂਰ ਧੰਧੋਟਾ ਚਲਾ ਗਿਆ ਸੀ। ਅਬਦਾਲੀ ਨੇ ਏਸ ਗ਼ੁੱਸੇ ਵਿਚ, ਕਿ ਆਲਾ ਸਿੰਘ ਹਾਜ਼ਰ ਕਿਉਂ ਨਹੀਂ ਹੋਇਆ, ਬਰਨਾਲੇ ਦਾ ਕਿਲਾ ਢਾਹ ਦਿੱਤਾ ਤੇ ਇਲਾਕਾ ਲੁੱਟ ਲਿਆ। ਉਸ ਨੇ ਆਲਾ ਸਿੰਘ ਨੂੰ ਫੜਨ ਵਾਸਤੇ ਫ਼ੌਜ ਘੱਲੀ, ਪਰ ਉਹ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਸ. ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਕੇਸ ਕਤਲ ਕਰਾਉਣ ਦਾ ਹੁਕਮ ਦਿੱਤਾ। ਮਗਰਲੇ ਨੇ ਸਵਾ ਲੱਖ ਬਦਲੇ ਆਪਣੇ ਕੇਸ ਖ਼ਰੀਦ ਲਏ, ਭਾਵ : ਅਬਦਾਲੀ ਨੂੰ ਸਵਾ ਲਖ ਨਜ਼ਰਾਨਾ ਦੇ ਦਿੱਤਾ ਤੇ ਕੇਸ ਕਤਲ ਨਾ ਕਰਾਏ। ਬਰਨਾਲੇ ਤੋਂ ਅਬਦਾਲੀ ਸਰਹਿੰਦ ਜਾ ਬੈਠਾ। ਏਥੇ ਵਜ਼ੀਰ ਸ਼ਾਹ ਵਲੀ ਰਾਹੀਂ ਸ: ਆਲਾ ਸਿੰਘ ਨੇ ਪੰਜ ਲੱਖ ਖ਼ਰਾਜ ਤਾਰ ਕੇ ਰਿਹਾਈ ਪਾਈ।

- ਚਲਦਾ

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
MONEY BACK LIFE INSURANCE

- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਕੱਤਕ ਜਾਂ ਵਿਸਾਖ ਅਤੇ ਖਾਲਸਾ ਸੰਪੂਰਨਤਾ ਦਿਵਸ

ਗੁਰੂ ਨਾਨਕ ਸਾਹਿਬ ਦੇ "ਨਿਰਮਲ ਪੰਥ" ਦਾ ਆਗਮਨ ਉਨ੍ਹਾਂ ਦੇ ਜਨਮ ਦਿਨ ਤੋਂ ਸ਼ੁਰੂ ਹੁੰਦਾ ਹੈ। ਸਾਰੀ ਦੁਨੀਆਂ ਦੇ ਸਿੱਖ ਇਸ ਪੁਰਬ ਨੂੰ ਬਹੁਤ ਲੰਬੇ ਸਮੇਂ ਤੋਂ ਮਨਾਉਂਦੇ ਆ ਰਹੇ ਹਨ। ਇਸ ਜਨਮ ਦਿਨ ਬਾਰੇ ਕੁੱਝ ਕੁ ਸਮੇਂ ਤੋਂ ਦੋ ਤਾਰੀਖਾਂ ਦੱਸੀਆਂ ਜਾਂਦੀਆਂ ਹਨ, ਇੱਕ ਕੱਤਕ ਮਹੀਨੇ ਦੀ ਪੂਰਨਮਾਸ਼ੀ ਦੂਸਰੀ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼। ਪਰ ਦੋਨਾਂ ਮਹੀਨਿਆਂ ਦਾ ਸਾਲ ਇੱਕ ਹੀ ਦੱਸਿਆ ਜਾਂਦਾ ਹੈ (ਬਿਕਰਮੀ ੧੫੨੬ ਅਤੇ ਅੰਗਰੇਜ਼ੀ ਸਾਲ ੧੪੬੯ ਈਸਵੀ)।

ਕੱਤਕ ਮਹੀਨੇ ਦਾ ਜਨਮ ਦਿਨ ਮੰਨਣ ਵਾਲ਼ੇ ਤਕਰੀਬਨ ਸਾਰੇ ਸੱਜਣਾਂ ਦਾ ਮੂਲ ਆਧਾਰ ਕੇਵਲ ਬਾਲੇ ਵਾਲ਼ੀ ਜਨਮਸਾਖੀ ਹੀ ਹੈ। ਕਈ ਲੋਕ ਕਹਿੰਦੇ ਹਨ ਕਿ ਭਾਈ ਬਾਲਾ ਗੁਰੂ ਨਾਨਕ ਸਾਹਿਬ ਦੇ ਨਾਲ਼ ਸਾਰੀ ਉਮਰ ਰਿਹਾ ਅਤੇ ਗੁਰੂ ਅੰਗਦ ਸਾਹਿਬ ਨੇ ਭਾਈ ਬਾਲੇ ਕੋਲ਼ੋਂ ਗੁਰੂ ਨਾਨਕ ਸਾਹਿਬ ਬਾਰੇ ਜਨਮਸਾਖੀ ਲਿਖਵਾਈ ਸੀ। ਇਸ ਕਰਕੇ ਇਸ ਨੂੰ ਬਾਲੇ ਵਾਲ਼ੀ ਜਨਮਸਾਖੀ ਕਿਹਾ ਜਾਂਦਾ ਹੈ। ਪਰ ਇਸ ਜਨਮਸਾਖੀ ਦੀ ਬੋਲੀ ਅਤੇ ਸ਼ੈਲੀ ਗੁਰੂ ਅੰਗਦ ਸਾਹਿਬ ਦੇ ਸਮੇਂ ਨਾਲ਼ ਨਹੀਂ ਮਿਲਦੀ।

ਕੁੱਝ ਵਿਦਵਾਨਾਂ ਦਾ ਮੰਨਣਾ ਹੈ ਕਿ ਇਕ ਹੰਦਾਲ ਨਾਮੀ ਬੰਦੇ ਦੇ ਦੋ ਪੁੱਤਰ ਸਨ, ਬਾਲ ਚੰਦ ਅਤੇ ਬਿਧੀ ਚੰਦ। ਹੰਦਾਲ ਭਰਾਵਾਂ ਨੇ ਆਪਣੇ ਭਾੜੇ ਦੇ ਲਿਖਾਰੀ ਗੋਰਖ ਦਾਸ ਕੋਲ਼ੋਂ ਬਾਲੇ ਵਾਲ਼ੀ ਜਨਮਸਾਖੀ ੧੬੫੮/੫੯ ਈਸਵੀ ਵਿੱਚ ਲਿਖਵਾਈ ਸੀ। ਇਸ ਤਰ੍ਹਾਂ ਇਹ ਜਨਮ ਸਾਖੀ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ੧੨੦ ਸਾਲ ਬਾਅਦ ਲਿਖੀ ਗਈ ਸੀ। ਇਸ ਜਨਮ ਸਾਖੀ ਵਿੱਚ "ਵਾਹਗੁਰੂ ਜੀ ਕੀ ਫ਼ਤਹ" ਲਿਖਿਆ ਮਿਲ਼ਦਾ ਹੈ। ਪਰ ਆਪਾਂ ਸਾਰਿਆਂ ਨੂੰ ਪਤਾ ਹੈ ਕਿ "ਵਾਹਗੁਰੂ ਜੀ ਕਾ ਖ਼ਾਲਸਾ, ਵਾਹਗੁਰੂ ਜੀ ਕੀ ਫ਼ਤਹ" ਦੀ ਸ਼ੁਰੂਆਤ ਖ਼ਾਲਸੇ ਦੇ ਪ੍ਰਗਟ ਹੋਣ ਸਮੇਂ (੧੬੯੯ ਈ) ਹੋਈ ਸੀ। ਇਸ ਕਰਕੇ ਬਾਲੇ ਵਾਲ਼ੀ ਜਨਮ ਸਾਖੀ ਦਾ ਲਿਖਣ ਸਾਲ ਇਸ ਦੀ ਆਪਣੀ ਲਿਖਤ ਤੋਂ ਹੀ ਗ਼ਲਤ ਸਾਬਤ ਹੋ ਜਾਂਦਾ ਹੈ ਅਤੇ ਇਸ ਦਾ ਲਿਖਣ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਾਅਦ ਦਾ ਹੀ ਹੋ ਸਕਦਾ ਹੈ।

ਬਾਲੇ ਵਾਲ਼ੀ ਜਨਮਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਬਹੁਤ ਸਾਰੇ ਭੱਦੇ ਸ਼ਬਦ ਅਤੇ ਅਸ਼ਲੀਲ ਕਹਾਣੀਆਂ ਲਿਖੀਆਂ ਮਿਲ਼ਦੀਆਂ ਹਨ, ਜਿਨ੍ਹਾਂ ਤੋਂ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਇਸ ਜਨਮਸਾਖੀ ਦਾ ਮੰਤਵ ਗੁਰੂ ਨਾਨਕ ਸਾਹਿਬ ਦਾ ਕਿਰਦਾਰ, ਘਟੀਆ ਪੇਸ਼ ਕਰਕੇ ਉਨ੍ਹਾਂ ਦਾ ਨਿਰਾਦਰ ਕਰਨਾ ਤੇ ਉਨ੍ਹਾਂ ਵੱਲੋਂ ਚਲਾਏ "ਨਿਰਮਲ ਪੰਥ" ਨੂੰ ਨੀਵਾਂ ਸਾਬਤ ਕਰਨਾ ਸੀ। ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੇ ਮਹੀਨੇ ਵਿੱਚ ਮੰਨਣ ਵਾਲ਼ੇ ਲਿਖਾਰੀਆਂ ਵਿੱਚੋਂ ਬਹੁਤ ਸਾਰੇ ਲੇਖਕਾਂ ਦਾ ਪਿਛੋਕੜ ਨਿਰਮਲੇ ਜਾਂ ਬਾਬਾ ਸ੍ਰੀ ਚੰਦ ਦੀਆਂ ਸੰਪਰਦਾਵਾਂ ਨਾਲ ਸਬੰਧਤ ਹੈ। ਇਨ੍ਹਾਂ ਉੱਪਰ ਹਿੰਦੂ ਧਰਮ ਦਾ ਬਹੁਤ ਪ੍ਰਭਾਵ ਸੀ ਅਤੇ ਅੱਜ ਵੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਬਾਬਾ ਸ੍ਰੀ ਚੰਦ ਦਾ ਜਨਮ ਕੱਤਕ ਦੇ ਮਹੀਨੇ ਦਾ ਸੀ। ਬਾਬਾ ਸ੍ਰੀ ਚੰਦ ਦਾ ਜਨਮ ਮਨਾਉਂਦੇ ਸਮੇਂ ਉਦਾਸੀਆਂ ਨੇ ਬਾਬੇ ਨਾਨਕ ਦਾ ਜਨਮ ਭੀ ਕੱਤਕ ਵਿੱਚ ਮਨਾਉਣਾ ਸ਼ੁਰੂ ਕਰ ਦਿੱਤਾ। ਇਸ ਪਰੰਪਰਾ ਦਾ ਆਰੰਭ ਉੱਨੀਵੀਂ ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਸ ਸਮੇਂ ਬਹੁਤ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਸੰਪਰਦਾਵਾਂ ਕੋਲ਼ ਹੁੰਦਾ ਸੀ।

ਆਓ ਹੁਣ ਆਪਾਂ ਗੁਰੂ ਨਾਨਕ ਸਾਹਿਬ ਦੇ ਜਨਮ ਬਾਰੇ ਦੂਸਰੇ ਪੱਖ (ਵਿਸਾਖ ਮਹੀਨੇ) ਦੀ ਚਰਚਾ ਕਰਦੇ ਹਾਂ। "ਸਾਖੀ ਪਰੰਪਰਾ ਦਾ ਮੁੱਢ "ਸਾਖੀ ਮਹਲ ਪਹਿਲੇ ਕੀ" ਨਾਲ ਬੱਝਦਾ ਹੈ ਜਿਸ ਦਾ ਰਚਨਾ ਕਾਲ, ੧੫੭੦-੭੪ ਈਸਵੀ ਤੇ ਲੇਖਕ ਸੁਲਤਾਨਪੁਰ ਨਿਵਾਸੀ ਸ਼ੀਹਾ ਉਪਲ ਸੀ, ਜੋ ਬਾਬੇ ਨਾਨਕ ਦਾ ਵਰੋਸਾਇਆ, ਗੁਰੂ ਅੰਗਦ ਜੀ ਦਾ ਨਿਵਾਜਿਆ ਤੇ ਗੁਰੂ ਅਮਰਦਾਸ ਜੀ ਦਾ ਅਨਿਨ ਸਿੱਖ ਸੀ। ਰਵਾਇਤ ਇਸ ਦੇ ਧੀ ਜਵਾਈ, ਮੱਥੋ ਮੁਰਾਰੀ ਨੂੰ ਸਿੱਖੀ ਪ੍ਰਚਾਰ ਲਈ ਮੰਜੀ ਦੀ ਬਖ਼ਸ਼ਿਸ਼ ਹੋਈ ਵੀ ਦੱਸਦੀ ਹੈ। ਸੁਲਤਾਨ ਪੁਰ ਵਿੱਚ ਬਾਬੇ ਦੀਆਂ ਗਤੀਵਿਧੀਆਂ ਦਾ ਉਹ ਨਿੱਜੀ ਅਨੁਭਵ ਵਾਲ਼ਾ ਚਸ਼ਮਦੀਦ ਗਵਾਹ ਸੀ।" (ਕਿਤਾਬ-ਸਾਖੀ ਮਹਲ ਪਹਿਲੇ ਕੀ-ਪੰਨਾ ੧੧੫)। ਇਸ ਜਨਮਸਾਖੀ ਵਿੱਚ ਗੁਰੂ ਨਾਨਕ ਸਾਹਿਬ ਦਾ ਜਨਮਦਿਨ ਵਿਸਾਖ ਸੁਦੀ ਤਿੰਨ ਲਿਖਿਆ ਮਿਲ਼ਦਾ ਹੈ।

ਦੂਸਰੀ ਜਨਮ ਸਾਖੀ "ਜਨਮ ਪੱਤਰੀ ਬਾਬੇ ਜੀ ਕੀ" (ਇਸ ਦਾ ਪ੍ਰਸਿੱਧ ਨਾ ਆਦਿ ਸਾਖੀਆਂ ਹੈ) ਦੇ ਨਾਮ ਨਾਲ਼ ਜਾਣੀ ਜਾਂਦੀ ਹੈ। ਇਹ ਜਨਮ ਸਾਖੀ ੧੫੯੮/੯੯ ਈਸਵੀ ਵਿੱਚ ਲਿਖੀ ਗਈ ਸੀ ਤੇ ਇਸ ਦਾ ਲੇਖਕ ਭਾਈ ਬੂਲਾ ਪਾਧਾ ਸੀ। ਭਾਈ ਬੂਲਾ ਗੁਰੂ ਅਮਰਦਾਸ ਜੀ ਦਾ ਸਿੱਖ, ਭਾਈ ਗੁਰਦਾਸ ਜੀ ਦਾ ਨਿਕਟਵਰਤੀ ਅਤੇ ਡੱਲੇ ਨਗਰ ਦਾ ਨਿਵਾਸੀ ਸੀ। ਭਾਈ ਗੁਰਦਾਸ ਜੀ ਨੇ ਇਸ ਨੂੰ ਲਿਖਾਰੀ ਅਤੇ ਗੁਰਬਾਣੀ ਗਾਇਣ ਕਰਨ ਵਾਲ਼ਾ ਸ੍ਰੇਸ਼ਟ ਸਿੱਖ ਦੱਸਿਆ ਹੈ। ਇਸ ਸਾਖੀ ਵਿੱਚ ਬਾਬੇ ਨਾਨਕ ਜੀ ਦਾ ਜਨਮ ਵਿਸਾਖ ਸੁਦੀ ਤਿੰਨ ਦਾ ਦਰਜ ਮਿਲ਼ਦਾ ਹੈ।

ਤੀਸਰੀ ਪ੍ਰਸਿੱਧ ਲਿਖਤ ਮੇਹਰਬਾਨ ਵਲੋਂ ਲਿਖੀ "ਪੋਥੀ ਸੱਚ ਖੰਡ" ਹੈ। ਇਸ ਦਾ ਲਿਖਣ ਸਾਲ ੧੬੧੯ ਈਸਵੀ ਦਾ ਮੰਨਿਆ ਜਾਂਦਾ ਹੈ। ਮੇਹਰਬਾਨ ਗੁਰੂ ਅਰਜਨ ਸਾਹਿਬ ਦਾ ਸਕਾ ਭਤੀਜਾ ਸੀ। ਇਹ ਗੁਰੂ ਨਾਨਕ ਸਾਹਿਬ ਨੂੰ ਸਤਿਕਾਰ ਵਜੋਂ ਹਰ ਥਾਂ "ਗੁਰੂ ਬਾਬਾ ਨਾਨਕ ਜੀ" ਲਿਖਦੇ ਸਨ। ਇਨ੍ਹਾਂ ਨੇ ਵੀ ਗੁਰੂ ਨਾਨਕ ਪਾਤਸ਼ਾਹ ਦਾ ਜਨਮ ਦਿਵਸ, ਵਿਸਾਖ ਸੁਦੀ ਤਿੰਨ ਹੀ ਮੰਨਿਆ ਹੈ।

ਇਕ ਹੋਰ ਲਿਖਾਰੀ, ਮੁਜੰਗਾਂ, ਲਾਹੌਰ ਸ਼ਹਿਰ ਦੇ ਰਹਿਣ ਵਾਲ਼ਾ ਸੈਦੋ ਜੱਟ ਦੇ ਨਾਮ ਨਾਲ਼ ਜਾਣਿਆ ਜਾਂਦਾ ਸੀ। ਇਹ ਬਾਬਾ ਗੁਰਦਿੱਤਾ ਜੀ ਦੇ ਨਾਲ਼ ਗੁਰਮਤਿ ਦਾ ਪ੍ਰਚਾਰਕ ਸੀ। ਇਸ ਨੇ ੧੬੫੭ ਈਸਵੀ ਵਿੱਚ ਇੱਕ ਜਨਮਸਾਖੀ ਲਿਖੀ, ਜਿਸ ਨੂੰ ਪੁਰਾਤਨ ਜਨਮਸਾਖੀ ਦੇ ਨਾਮ ਨਾਲ਼ ਜਾਣਿਆਂ ਜਾਂਦਾ ਹੈ। ਇਸ ਨੇ ਵੀ ਗੁਰੂ ਨਾਨਕ ਸਾਹਿਬ ਦਾ ਜਨਮ ਦਿਵਸ, ਵਿਸਾਖ ਸੁਦੀ ਤਿੰਨ ਦਾ ਹੀ ਲਿਖਿਆ ਹੈ।

ਗੁਰੂ ਅਮਰਦਾਸ ਜੀ ਦੇ ਬੰਸ਼ਯ ਵਿੱਚੋਂ ਸਰੂਪ ਦਾਸ ਭੱਲਾ ਨੇ "ਮਹਿਮਾ ਪ੍ਰਕਾਸ਼" ਕਿਤਾਬ ੧੭੭੬ ਈਸਵੀ ਵਿੱਚ ਲਿਖੀ ਅਤੇ ਇਸ ਵਿੱਚ ਵੀ ਬਾਬੇ ਨਾਨਕ ਜੀ ਦਾ ਜਨਮ ਦਿਵਸ, ਵਿਸਾਖ ਸੁਦੀ ਤਿੰਨ ਦਾ ਹੀ ਲਿਖਿਆ ਮਿਲ਼ਦਾ ਹੈ।

ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ (੧੫੩੯ ਈਸਵੀ) ਤੋਂ ਲੈ ਕੇ ੧੬੫੯ ਈਸਵੀ ਤੱਕ ਤਕਰੀਬਨ ਇੱਕ ਸੌ ਵੀਹ ਸਾਲ ਦੇ ਸਮੇਂ ਦੌਰਾਨ ਜਨਮ ਸਾਖੀਆਂ ਲਿਖਣ ਵਾਲ਼ੇ ਸਾਰੇ ਲਿਖਾਰੀਆਂ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਵਿਸਾਖ ਸੁਦੀ ਤਿੰਨ ਦਾ ਹੀ ਲਿਖਿਆ ਹੈ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰਵੀਂ ਵਾਰ ਵਿੱਚ ਜਨਮਸਾਖੀ ਦੀ ਪ੍ਰੰਪਰਾ ਨੂੰ ਵਡਮੁੱਲਾ ਯੋਗਦਾਨ ਦੇਣ ਵਾਲ਼ੇ ਸੱਜਣਾਂ, ਭਾਈ ਸ਼ੀਹਾਂ, ਭਾਈ ਬੂਲਾ ਅਤੇ ਭਾਈ ਸੈਦੋ ਦੇ ਨਾਂ ਮੁੱਖ ਧਾਰਾ ਦੇ ਅਹਿਮ ਸਿੱਖਾਂ ਦੀ ਸੂਚੀ ਵਿੱਚ ਲਿਖੇ ਹਨ। ਇਸ ਦੇ ਉਲਟ ਹੰਦਾਲੀਆਂ ਵੱਲੋਂ ਕੱਤਕ ਦੀ ਪੂਰਨਮਾਸ਼ੀ ਵਾਲ਼ੇ ਜਨਮ ਦਿਨ ਦੀ ਚਲਾਈ ਪਰੰਪਰਾ ਦੇ ਸਮਰੱਥਕਾਂ, ਗੋਰਖ ਦਾਸ, ਲਾਲਾ ਪੰਨੂੰ, ਬਿਧੀ ਚੰਦ ਜਾਂ ਬਾਲਾ ਆਦਿ ਦਾ ਨਾਂ ਕਿਤੇ ਵੀ ਦਰਜ ਨਹੀਂ ਹੈ। ਇਸ ਦਾ ਕਾਰਨ ਸਾਫ਼ ਜ਼ਾਹਿਰ ਹੈ, ਕਿਉਂਕਿ ਇਹ ਸਾਰੇ ਗੁਰੂ ਨਾਨਕ ਪਾਤਸ਼ਾਹ ਦੇ ਚਲਾਏ ਨਿਰਾਲੇ ਅਤੇ ਅਦੁੱਤੀ "ਨਿਰਮਲ ਪੰਥ" ਦੇ ਦੋਖੀ ਸਨ।

ਪੁਰਾਤਨ ਜਨਮ ਸਾਖੀਆਂ ਵਿੱਚੋਂ ਇੱਕ ਵਲੈਤ ਵਾਲ਼ੀ ਜਨਮ ਸਾਖੀ ਦੇ ਨਾਮ ਨਾਲ਼ ਜਾਣੀ ਜਾਂਦੀ ਹੈ ਕਿਉਂਕਿ ਇਸ ਸਾਖੀ ਨੂੰ ਕੋਲਬਰੁਕ (ਇੱਕ ਅੰਗਰੇਜ਼) ੧੮੧੫ ਈਸਵੀ ਵਿੱਚ ਇੰਗਲੈਂਡ ਲੈ ਗਿਆ ਸੀ ਅਤੇ ੧੮੮੩ ਵਿੱਚ ਇਸ ਨੂੰ ਵਾਪਸ ਪੰਜਾਬ ਲਿਆਂਦਾ ਗਿਆ ਸੀ। ਦੂਸਰੀ ਜਨਮਸਾਖੀ ਦਾ ਨਾਮ ਹਾਫਜ਼ਿਾਬਾਦ ਵਾਲ਼ੀ ਜਨਮਸਾਖੀ ਹੈ। ਇਸ ਨੂੰ ਮੈਕਾਲਿਫ ਵਾਲ਼ੀ ਜਨਮਸਾਖੀ ਵੀ ਕਹਿੰਦੇ ਹਨ, ਕਿਉਂਕਿ ਮੈਕਾਲਫ ਨੇ ਇਸ ਨੂੰ ੧੮੮੫ ਵਿਚ ਛਪਵਾਇਆ ਸੀ। ਇਨ੍ਹਾਂ ਜਨਮਸਾਖੀਆਂ ਵਿੱਚ ਗੁਰੂ ਨਾਨਕ ਸਾਹਿਬ ਦਾ ਜਨਮ, ਵਿਸਾਖ ਸੁਦੀ ਤਿੰਨ ਦਾ ਹੀ ਲਿਖਿਆ ਹੋਇਆ ਹੈ।

ਪ੍ਰਸਿੱਧ ਇਤਿਹਾਸਕਾਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੂੰ ਪੰਜ ਅਜਿਹੀਆਂ ਸਾਖੀਆਂ ਵਾਲ਼ੀਆਂ ਲਿਖਤਾਂ ਮਿਲ਼ੀਆਂ ਜਿਨ੍ਹਾਂ ਵਿੱਚੋਂ ਇੱਕ ਦਾ ਸਮਾਂ ੧੭੩੩ ਈਸਵੀ ਦਾ ਹੈ। ਇਸ ਦੀ ਬਣਤਰ ਪੁਰਾਤਨ ਜਨਮ ਸਾਖੀਆਂ ਦੇ ਨਾਲ਼ ਮਿਲ਼ਦੀ ਜੁਲ਼ਦੀ ਹੈ। ਸਰਦਾਰ ਕਰਮ ਸਿੰਘ ਨੇ ਡੂੰਘੀ ਖੋਜ ਕਰਨ ਉਪਰੰਤ ਇੱਕ ਕਿਤਾਬ "ਕੱਤਕ ਕਿ ਵਿਸਾਖ" ੧੯੧੩ ਈਸਵੀ ਵਿੱਚ ਛਪਵਾਈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਬਾਲੇ ਵਾਲ਼ੀ ਜਨਮਸਾਖੀ ਦਾ ਕੋਈ ਠੋਸ ਅਤੇ ਸੱਚਾ ਆਧਾਰ ਨਹੀਂ ਹੈ ਅਤੇ ਬਾਲਾ ਨਾਮੀ ਕੋਈ ਬੰਦਾ ਗੁਰੂ ਨਾਨਕ ਸਾਹਿਬ ਦਾ ਸਾਥੀ ਨਹੀਂ ਸੀ।

ਭਾਈ ਸੰਤੋਖ ਸਿੰਘ "ਨਾਨਕ ਪ੍ਰਕਾਸ਼" ਕਿਤਾਬ ਵਿੱਚ ਭਾਈ ਬਾਲੇ ਵਾਲ਼ੀ ਜਨਮਸਾਖੀ ਨੂੰ ਆਧਾਰ ਮੰਨ ਕੇ ਗੁਰੂ ਨਾਨਕ ਸਾਹਿਬ ਦਾ ਜਨਮ, ਕੱਤਕ ਮਹੀਨੇ ਦਾ ਲਿਖਦੇ ਹਨ। ਪਰ ਨਾਲ਼ ਇਹ ਵੀ ਲਿਖਦੇ ਹਨ ਕਿ ਬਾਲੇ ਵਾਲ਼ੀ ਜਨਮਸਾਖੀ ਵਿੱਚ ਬਹੁਤ ਸਾਰੀ ਮਿਲਾਵਟ ਹੈ। ਭਾਈ ਸੰਤੋਖ ਸਿੰਘ ਗੁਰੂ ਨਾਨਕ ਸਾਹਿਬ ਦੀ ਕੁੱਲ ਉਮਰ ੭੦ ਸਾਲ ੫ ਮਹੀਨੇ ਅਤੇ ੭ ਦਿਨ ਲਿਖਦੇ ਹਨ। ਸਰਦਾਰ ਕਰਮ ਸਿੰਘ ਨੇ ਬਾਕੀ ਲਿਖਾਰੀਆਂ ਮੁਤਾਬਿਕ ਇਸ ਕੁੱਲ ਉਮਰ ਨੂੰ ਠੀਕ ਮੰਨਦਿਆਂ ਪਿਛਾਂਹ ਨੂੰ ਗਿਣਤੀ ਕਰਦਿਆਂ (ਹਿਸਾਬ ਕਿਤਾਬ ਅਨੁਸਾਰ) ਇਹ ਸਾਬਤ ਕਰ ਦਿੱਤਾ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਵਿਸਾਖ ਦੇ ਮਹੀਨੇ (ਅੱਧ ਅਪਰੈਲ) ਵਿੱਚ ਆਉਂਦਾ ਹੈ। ਇਸੇ ਤਰ੍ਹਾਂ ਦੂਸਰੇ ਮਸ਼ਹੂਰ ਲਿਖਾਰੀ ਮੈਕਾਲਿਫ' ਮਕਲਾਉਡ, ਭਾਈ ਕਾਨ੍ਹ ਸਿੰਘ ਨਾਭਾ' ਸਰਦਾਰ ਖੁਸ਼ਵੰਤ ਸਿੰਘ, ਸਰਦਾਰ ਕ੍ਰਿਪਾਲ ਸਿੰਘ, ਡਾ ਗੰਡਾ ਸਿੰਘ, ਸਰਦਾਰ ਹਰਬੰਸ ਸਿੰਘ, ਐਚ ਆਰ ਗੁਪਤਾ ਅਤੇ ਇੰਦੂ ਭੂਸ਼ਨ ਬੈਨਰਜੀ ਆਦਿ ਭੀ ਇੱਕਸੁਰਤਾ ਨਾਲ਼ ਪੁਰਾਤਨ ਜਨਮ ਸਾਖੀਆਂ ਨੂੰ ਠੀਕ ਮੰਨਦੇ ਹਨ ਅਤੇ ਗੁਰੂ ਨਾਨਕ ਪਾਤਸ਼ਾਹ ਦਾ ਜਨਮ ਵਿਸਾਖ ਮਹੀਨੇ ਦਾ ਹੀ ਲਿਖਦੇ ਹਨ।

ਮੁੱਢਲੀਆਂ ਜਨਮ ਸਾਖੀਆਂ ਦੀਆਂ ਲਿਖਤਾਂ ਵਿੱਚ ਭਾਈ ਗੁਰਦਾਸ ਜੀ ਦਾ ਬਹੁਤ ਮਹੱਤਵਪੂਰਨ ਅਤੇ ਭਰੋਸੇਯੋਗ ਸਥਾਨ ਹੈ। ਭਾਈ ਸਾਹਿਬ ਨੇ 'ਕਬਿਤ ਸਵਯੈ' ਅਤੇ 'ਵਾਰਾਂ' ਲਿਖੀਆਂ ਹਨ। ਇਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਵੀ ਲਿਖਿਆ ਮਿਲ਼ਦਾ ਹੈ। ਬਾਬਾ ਬੁੱਢਾ ਜੀ ਗੁਰੂ ਨਾਨਕ ਸਾਹਿਬ ਤੋਂ ਵਰੋਸਾਏ ਸਿੱਖ ਸਨ ਅਤੇ ਭਾਈ ਗੁਰਦਾਸ ਜੀ ਦੇ ਸਮਕਾਲੀ ਵੀ ਸਨ। ਬਾਬਾ ਬੁੱਢਾ ਜੀ ਦੇ ਦੱਸਣ ਮੁਤਾਬਿਕ ਹੀ ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦੇ ਜੀਵਨ ਬਾਰੇ ਲਿਖਿਆ ਹੋਵੇਗਾ।

ਭਾਈ ਗੁਰਦਾਸ ਜੀ ਲਿਖਦੇ ਹਨ:

"ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ"

ਇਸ ਲਿਖਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਸਾਥੀ ਸਿਰਫ਼ ਤੇ ਸਿਰਫ਼ ਭਾਈ ਮਰਦਾਨਾ ਹੀ ਸੀ ਤੇ ਭਾਈ ਬਾਲਾ ਨਾਮੀ ਕੋਈ ਵੀ ਬੰਦਾ ਗੁਰੂ ਨਾਨਕ ਪਾਤਸ਼ਾਹ ਦੇ ਨਾਲ਼ ਨਹੀਂ ਵਿਚਰਿਆ। ਇੱਥੇ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਜੇਕਰ ਬਾਲਾ ਨਾਮੀ ਬੰਦਾ ਗੁਰੂ ਨਾਨਕ ਸਾਹਿਬ ਦਾ ਸਾਥੀ ਹੀ ਨਹੀਂ ਸੀ ਤਾਂ ਕਹੀ ਅਤੇ ਪ੍ਰਚਾਰੀ ਜਾਂਦੀ ਬਾਲੇ ਵਾਲ਼ੀ ਜਨਮਸਾਖੀ ਦਾ ਖੋਖਲਾਪਣ ਅਤੇ ਝੂਠਾ ਭਾਂਡਾ ਭੱਜ ਜਾਂਦਾ ਹੈ ਅਤੇ ਕੱਤਕ ਮਹੀਨੇ ਦੀ ਜਨਮ ਤਾਰੀਖ਼ ਭੀ ਕੱਚ ਦੇ ਭਾਂਡੇ ਵਾਂਗ ਟੁੱਟ ਜਾਂਦੀ ਹੈ, ਆਧਾਰ ਰਹਿਤ ਹੋ ਜਾਂਦੀ ਹੈ।

ਕਿਤਾਬ, "ਵਾਰਾਂ ਭਾਈ ਗੁਰਦਾਸ" ਵਿੱਚ, ਵਾਰ ਪਹਿਲੀ, ਪਉੜੀ ੨੭ ਵਿੱਚ ਲਿਖਿਆ

ਮਿਲ਼ਦਾ ਹੈ:

"ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ।।
ਜਿਉਂ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ ।।
ਘਰਿ ਘਰਿ ਅੰਦਰ ਧਰਮਸਾਲ ਹੋਵੈ
ਕੀਰਤਨ ਸਦਾ ਵਿਸੋਆ।।
ਗੁਰਮੁਖਿ ਕਲਿ ਵਿਚਿ ਪਰਗਟ ਹੋਆ।।"

ਨੋਟ: ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿੱਚ "ਵਿਸੋਆ" ਦਾ ਅਰਥ "ਵਿਸਾਖ" ਲਿਖਿਆ ਹੈ।

ਇਸ ਪਉੜੀ ਵਿੱਚ ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ (ਪਰਗਟ) ਅਤੇ ਉਨ੍ਹਾਂ ਵੱਲੋਂ ਚਲਾਏ "ਨਿਰਮਲ ਪੰਥ" ਬਾਰੇ ਗੱਲ ਕਰਦੇ ਹਨ। ਉਹ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਵੱਲੋਂ ਹਰ ਇੱਕ ਘਰ ਵਿੱਚ ਸ਼ੁਰੂ ਕੀਤੀ ਗਈ ਧਰਮਸਾਲ ਵਿੱਚ ਹਰ ਰੋਜ਼ ਗੁਰਬਾਣੀ ਦਾ ਕੀਰਤਨ ਹੁੰਦਾ ਸੀ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਵਿਸਾਖ (ਵਿਸੋਆ) ਵਿੱਚ ਹੋਏ ਪ੍ਰਕਾਸ਼ (ਪਰਗਟ ਹੋਆ) ਨੂੰ ਪ੍ਰੇਮ ਅਤੇ ਸਤਿਕਾਰ ਸਹਿਤ ਯਾਦ ਕੀਤਾ ਜਾਂਦਾ ਸੀ। ਇਸ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਵਿਸਾਖ ਮਹੀਨੇ ਵਿੱਚ ਹੀ ਹੋਇਆ ਸੀ।

ਗੁਰੂ ਨਾਨਕ ਸਾਹਿਬ ਵੱਲੋਂ ਸਿਰਜੇ ਗਏ "ਨਿਰਮਲ ਪੰਥ" ਦੇ ਸਿਧਾਂਤਾਂ ਨੂੰ ਸਮੇਂ ਦੇ ਬੀਤਣ ਨਾਲ਼ ਦੂਸਰੀਆਂ ਨਾਨਕ ਜੋਤਾਂ ਵੱਲੋਂ ਪਰਗਟ ਰੂਪ ਦਿੱਤਾ ਗਿਆ, ਜਿਵੇਂ "ਜ਼ਾਲਮ ਅੱਗੇ ਨਾ ਝੁਕਣ" ਦੇ ਸਿਧਾਂਤ ਨੂੰ ਪੰਜਵੇਂ ਨਾਨਕ ਨੇ ਸ਼ਹੀਦੀ ਦੇ ਕੇ ਬਰਕਰਾਰ ਰੱਖਿਆ, "ਮੀਰੀ ਪੀਰੀ" ਦੇ ਸਿਧਾਂਤ ਨੂੰ ਛੇਵੇਂ ਨਾਨਕ ਨੇ ਪਰਗਟ ਰੂਪ ਦਿੱਤਾ ਅਤੇ "ਮਨੁੱਖੀ ਹੱਕਾਂ ਦੀ ਰਾਖੀ" ਦਾ ਪ੍ਰਤੱਖ ਤੇ ਸਪੱਸ਼ਟ ਸਿਧਾਂਤ, ਨੌਵੇਂ ਨਾਨਕ ਨੇ ਸ਼ਹੀਦੀ ਦੇ ਕੇ ਰੂਪਮਾਨ ਕੀਤਾ। ਜਿਸ ਮਨੁੱਖ ਦੀ ਘਾੜਤ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਦਿਵਸ (ਵਿਸਾਖ, ੧੪੬੯ ਈਸਵੀ) ਤੋਂ ਸ਼ੁਰੂ ਹੋਈ ਸੀ, ਉਸ ਦੀ ਸੰਪੂਰਨਤਾ ਵੀ ਦਸਵੇਂ ਨਾਨਕ ਵੱਲੋਂ ਵਿਸਾਖ, ੧੬੯੯ ਈਸਵੀ ਵਾਲ਼ੇ ਦਿਨ, ਖ਼ਾਲਸੇ ਦੇ ਪ੍ਰਗਟ ਹੋਣ ਨਾਲ਼ ਕੀਤੀ ਗਈ। ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਆਪਣੇ ਜੀਵਨ ਸਫਰ ਅਤੇ ਸਿਧਾਂਤਕ ਪ੍ਰਗਟਾਵੇ ਤੋਂ ਵੀ ਸਾਬਤ ਹੋ ਜਾਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼, ਵਿਸਾਖ, ੧੪੬੯ ਈਸਵੀ ਦਾ ਹੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਉੱਪਰ ਗੁਰੂ ਨਾਨਕ ਸਾਹਿਬ ਦਾ ਜਨਮ, ਵਿਸਾਖ (ਅਪ੍ਰੈਲ) ਮਹੀਨੇ ਦਾ ਹੀ ਲਿਖਿਆ ਹੋਇਆ ਹੈ। ਇਤਿਹਾਸਕ ਸਰੋਤਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਗੁਰੂ ਨਾਨਕ ਪਾਤਸ਼ਾਹ ਦਾ ਗੁਰਪੁਰਬ ਵਿਸਾਖ ਦੇ ਮਹੀਨੇ ਹੀ ਮਨਾਇਆ ਜਾਂਦਾ ਸੀ।

ਇਸ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼, ਵਿਸਾਖ ਮਹੀਨੇ (ਅਪਰੈਲ ੧੪੬੯ ਈਸਵੀ) ਵਿੱਚ ਹੋਇਆ ਸੀ। ਅਸੀ ਸਾਰੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦੇ ਹਾਂ ਕਿ ਅਗਾਂਹ ਵਾਸਤੇ, ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ, ਵਿਸਾਖ (ਅਪ੍ਰੈਲ) ਦੇ ਮਹੀਨੇ ਵਿੱਚ ਮਨਾਉਣ ਦੀ ਰਵਾਇਤ ਚਲਾਉਣੀਂ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ਼ ਕੱਤਕ ਮਹੀਨੇ ਬਾਰੇ ਪਾਏ ਗਏ ਭੁਲੇਖੇ ਆਪਣੇ ਆਪ ਦੂਰ ਹੋ ਜਾਣਗੇ ਅਤੇ ਸੰਗਤਾਂ ਨੂੰ ਇਤਿਹਾਸ ਬਾਰੇ ਸਹੀ ਸੇਧ ਵੀ ਮਿਲ਼ ਸਕੇਗੀ।

ਇਤਿਹਾਸਕ ਤੱਥਾਂ ਨੂੰ ਅਧਾਰ ਬਣਾਕੇ ਵਿਦਵਾਨਾਂ ਦਾ ਨਿਰਣਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਪਹਿਲੀ ਵਿਸਾਖ ਦਾ ਹੀ ਠੀਕ ਹੈ। ਭਾਵੇਂ ਲੇਖਕਾਂ ਦੀ ਭੁੱਲ ਅਤੇ ਸਾਜਸ਼ਕਾਰੀਆਂ ਦੇ ਸ਼ਿਕਾਰ ਹੋਏ ਕੁਝ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ ਕੱਤਕ ਦੀ ਪੂਰਨਮਾਸ਼ੀ ਮਿੱਥ ਲਿਆ, ਪਰ ਸੁਹਿਰਦ ਇਤਿਹਾਸਕਾਰਾਂ ਦੀ ਖੋਜ਼ ਦਾ ਸਿੱਟਾ ਇਹੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਵਿਸਾਖ ਨੂੰ ਹੋਇਆ ਸੀ।

ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸੰਪੂਰਨਤਾ ਦਿਵਸ ਲਈ ਵਿਸਾਖ ਦਿਹਾੜੇ ਨੂੰ ਚੁਣਿਆ। ਦੂਸਰਾ, ਪਹਿਲੀ ਵਿਸਾਖ ਦੇ ਦਿਨ ਨੂੰ ਮੱਹਤਤਾ ਦੇਣੀ ਵੀ ਸੰਕੇਤਕ ਹੈ ਕਿ ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤੇ ਨਿਰਮਲ ਪੰਥ ਦੇ ਸਥਾਪਤ ਸਿਧਾਂਤਾਂ ਨੂੰ ਹੀ ਖਾਲਸਾ ਪੰਥ ਦੀ ਸੰਪੂਰਨਤਾ ਲਈ ਅਧਾਰ ਮੰਨਿਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਜੀ ਵਲੋਂ ਵਿਲੱਖਣ ਤੇ ਅਹਿਮ ਸਿਧਾਂਤ ਸ਼ਬਦ ਗੁਰੂ 'ਤੇ ਹੀ ਮੋਹਰ ਲਗਾਈ ਅਤੇ ਗੁਰਬਾਣੀ ਨੂੰ (ਗੁਰੂ ਗ੍ਰੰਥ) ਗੁਰੂ ਦਾ ਦਰਜਾ ਦੇ ਦਿੱਤਾ। ਸ਼ਖ਼ਸ਼ੀ ਗੁਰੂ (ਸਰੀਰਕ ਜਾਮਾ) ਪ੍ਰਣਾਲੀ ਸਮਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦ ਦਾ ਦਰਜਾ ਦੇ ਕੇ ਐਲਾਨ ਕਰ ਦਿੱਤਾ।

ਆਗਯਾ ਭਈ ਅਕਾਲ ਕੀ, ਤਬੈ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।

ਗੁਰੂ ਨਾਨਕ ਸਾਹਿਬ ਜੀ ਨੇ ਵੇਈਂ ਨਦੀ ਦੇ ਅਸਥਾਨ ਤੋਂ ਸਭ ਤੋਂ ਪਹਿਲਾਂ ਪੈਗਾਮ 'ਨਾ ਕੋ ਹਿੰਦੂ, ਨਾ ਮੁਸਲਮਾਨ' ਦਾ ਇਹੀ ਭਾਵ ਹੈ ਕਿ ਸਮਾਜ ਵਿੱਚ ਵੰਡੀਆਂ ਨਾ ਪਾਵੋ। ਉਸ ਸਮੇਂ ਭਾਰਤੀ ਸਮਾਜ ਅੰਦਰ ਦੋ ਹੀ ਮੁੱਖ ਧਰਮ ਸਨ (ਇਸਲਾਮ ਅਤੇ ਸਨਾਤਨ ਧਰਮ) ਅਤੇ ਇਨ੍ਹਾਂ ਦੀ ਆਪਸੀ ਖਿਚੋਤਾਣ ਬਹੁਤ ਜ਼ੋਰਾਂ 'ਤੇ ਸੀ। ਦੋਨੋ ਇਹ ਦੂਜੇ ਪ੍ਰਤੀ ਸਲੇਛ ਤੇ ਕਾਫ਼ਰ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਸਨ। ਗੁਰੂ ਸਾਹਿਬ ਜੀ ਦਾ ਸੰਦੇਸ਼ ਸੀ ਕਿ ਸਾਰੀ ਸ੍ਰਿਸ਼ਟੀ ਦੀ ਸਾਜਨਾ ਇਕ ਅਕਾਲ ਪੁਰਖ ਨੇ ਕੀਤੀ ਹੈ, ਤਾਂ ਫਿਰ ਉਸ ਦੀ ਨਜ਼ਰ ਵਿੱਚ ਕਿਵੇਂ ਕੋਈ ਉਚਾ ਨੀਵਾਂ ਹੋ ਸਕਦਾ ਹੈ। ਉਨ੍ਹਾਂ ਨੇ ਜਾਤ-ਪਾਤ ਜਾਂ ਉਚ ਨੀਚ ਦੀ ਪ੍ਰੰਪਰਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ।

ਪੰਜਾਂ ਪਿਆਰਿਆਂ ਦੀ ਸਾਜਣਾ ਦਾ ਅਧਾਰ ਗੁਰੂ ਨਾਨਕ ਸਾਹਿਬ ਵਲੋਂ ਜਾਤ-ਪਾਤ ਪ੍ਰਣਾਲੀ ਨੂੰ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰ ਕਰਨਾ ਹੀ ਸੀ। ਇਹ ਪੰਜ ਪਿਆਰੇ ਵੱਖ ਵੱਖ ਦਿਸ਼ਾਵਾਂ ਅਤੇ ਅਖੌਤੀ ਨੀਵੀਆਂ ਜਾਤਾਂ ਵਿਚੋਂ ਸਨ। ਸਭ ਨੂੰ ਇਕੋ ਬਾਟੇ ਵਿਚੋਂ ਖੰਡੇ ਦੀ ਪਹੁਲ ਦਿੱਤੀ ਅਤੇ ਸਤਿਕਾਰਤ ਨਾਂਵ "ਪਿਆਰੇ" ਨਾਲ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਜਾਤ-ਪਾਤ ਦੀ ਵੰਡੀਆਂ ਤੋਂ ਮੁਕਤ ਕਰ ਦਿੱਤਾ।

ਗੁਰੂ ਜੀ ਨੇ ਐਲਾਨ ਕੀਤਾ,

"ਤੁਸਾਂ ਕਾ ਪਿਛਲਾ ਜਨਮ, ਧਰਮ, ਕਰਮ, ਭਰਮ ਅਤੇ ਸ਼ਰਮ ਪਾਚੋਂ ਜਾਤੀ ਰਹੀ ਹੈ, ਤੁਮ੍ਹੇ ਪਹੁਲ ਦੇ ਕੇ ਹਮੇ ਪਾਂਚ ਕਕਾਰ ਦੀਯੇ ਹੈਂ... ਆਪਸ ਮੇਂ ਭਰਮ ਭੇਦ ਨਹੀਂ ਰਖਨਾ।"

ਗੁਰੂਆਂ ਵਲੋਂ ਸਮਾਜ ਅੰਦਰ ਜਾਤ ਪਾਤ ਜਾਂ ਸੱਚ ਭਿੱਟ ਨੂੰ ਖਤਮ ਕਰਨ ਲਈ ਸੰਗਤ, ਪੰਗਤ (ਲੰਗਰ) ਦੀ ਪ੍ਰਥਾ ਅਰੰਭੀ ਗਈ। ਸਮੂਹ ਵਰਗ ਦੇ ਲੋਕਾਂ ਲਈ ਪਾਣੀ ਦੀ ਸਹੂਲਤ ਲਈ ਬਉਲੀਆਂ ਜਾਂ ਸਾਂਝੇ ਖੂਹ ਲਗਵਾਏ, ਜਿਥੇ ਸਭ ਵਰਗਾਂ ਦੇ ਲੋਕ ਬਿਨ੍ਹਾਂ ਭੇਦ-ਭਾਵ ਤੋਂ ਪਾਣੀ ਦੀ ਲੋੜ ਨੂੰ ਪੂਰਾ ਕਰਦੇ ਸਨ।

ਸਰੋਵਰਾਂ ਦੀ ਸਥਾਪਨਾ ਵੀ ਸੁੱਚ-ਭਿੱਟ ਨੂੰ ਖਤਮ ਕਰਨ ਲਈ ਇੱਕ ਉਤਮ ਸਾਧਨ ਸੀ, ਜਿਥੇ ਲੋਕ ਇਕੱਠੇ ਇਸ਼ਨਾਨ ਕਰਦੇ ਸਨ। ਆਖਰ ਗੁਰੂ ਸਾਹਿਬ ਨੇ ਪਹੁਲ ਦੇਣ ਸਮੇਂ ਇਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ। ਡਾਕਟਰ ਗੋਕਲ ਚੰਦ ਨਾਰੰਗ ਦੇ ਕਹੇ ਸ਼ਬਦ ਸਿੱਖ ਸਿਧਾਂਤਾਂ ਦੀ ਏਕਤਾ ਤੇ ਅਹਿਮੀਅਤ ਨੂੰ ਸ਼ਪਸ਼ਟ ਕਰਦੇ ਹਨ,

"ਜੋ ਬੂਟਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਤ ਹੋਇਆ, ਉਸਦਾ ਬੀਜ ਗੁਰੂ ਨਾਨਕ ਸਾਹਿਬ ਨੇ ਬੀਜਿਆ ਸੀ, ਉਨ੍ਹਾਂ ਦੇ ਜਾਨਸ਼ੀਨਾਂ ਨੇ ਉਸਨੂੰ ਪਾਣੀ ਨਾਲ ਸਿੰਜਿਆ। ਉਹ ਖੰਡਾ, ਜਿਸ ਨਾਲ ਖਾਲਸਾ ਸਾਜਿਆ ਅਤੇ ਚੜ੍ਹਤ ਹੋਈ, ਉਸ ਖੰਡੇ ਦਾ ਸਟੀਲ ਗੁਰੂ ਨਾਨਕ ਸਾਹਿਬ ਨੇ ਦਿੱਤਾ ਸੀ।"

ਭਾਈ ਨੰਦ ਲਾਲ ਜੀ ਦੇ ਸ਼ਬਦ,

"ਹਮੂ ਗੁਰੂ ਗੋਬਿੰਦ ਸਿੰਘ, ਹਮੂ ਨਾਨਕ ਅਸਤ ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ।" (ਭਾਵ ਉਹੀ ਗੁਰੂ ਗੋਬਿੰਦ ਸਿੰਘ ਹੈ, ਉਹੀ ਗੁਰੂ ਨਾਨਕ ਹੈ, ਉਸ ਦੇ ਸ਼ਬਦ ਜਵਾਹਰਤ ਅਤੇ ਮਾਣਕ ਮੋਤੀ ਹਨ।)

# ... ਕੋਈ ਤਾਂ ਚਾਹੁੰਦਾ ਸੀ !

**ਲੇਖਕ : ਅਰਵਿੰਦਰ ਜੌਹਲ**





ਇਸ 19 ਮਾਰਚ ਨੂੰ ਸਾਰਿਆਂ ਦੀ ਨਜ਼ਰ ਇਸ ਗੱਲ 'ਤੇ ਸੀ ਕਿ ਚੰਡੀਗੜ੍ਹ ਵਿੱਚ ਹੋਣ ਵਾਲੀ ਮੀਟਿੰਗ 'ਚ ਕਿਸਾਨਾਂ ਦੇ ਹਿੱਤ ਵਿੱਚ ਕੀ ਫ਼ੈਸਲੇ ਲਏ ਜਾਣਗੇ ਅਤੇ ਐੱਮ.ਐੱਸ.ਪੀ. ਬਾਰੇ ਕੇਂਦਰ ਸਰਕਾਰ ਅੱਗੇ ਕੀ ਕਦਮ ਚੁੱਕੇਗੀ। ਇਸ ਮੀਟਿੰਗ ਵਿੱਚ ਕਿਸਾਨਾਂ ਨਾਲ ਗੱਲਬਾਤ 'ਚ ਤਿੰਨ ਕੇਂਦਰੀ ਮੰਤਰੀ- ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਉਦਯੋਗ ਮੰਤਰੀ ਪਿਯੂਸ਼ ਗੋਇਲ, ਖ਼ੁਰਾਕ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ; ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਕੇਂਦਰ ਤੇ ਪੰਜਾਬ ਸਰਕਾਰ ਦੇ ਅਧਿਕਾਰੀ ਸ਼ਾਮਲ ਸਨ। ਪਿਛਲੇ ਸਾਲ ਫਰਵਰੀ ਤੋਂ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਧਰਨਾ ਦੇ ਰਹੇ ਕਿਸਾਨਾਂ ਨੂੰ ਇਨ੍ਹਾਂ ਸਾਰਿਆਂ ਨੇ ਰਲ ਕੇ ਇਹ ਭਰੋਸਾ ਦਿਵਾਉਣਾ ਸੀ ਕਿ ਉਨ੍ਹਾਂ ਦੀਆਂ ਜਾਇਜ਼ ਅਤੇ ਮੰਨੀਆਂ ਗਈਆਂ ਮੰਗਾਂ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਣਾ ਹੈ। ਇਸ ਵਾਰੀ ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਦੇ ਕਿਸਾਨਾਂ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਕਾਰਨ ਸਭ ਨੂੰ ਆਸ ਸੀ ਕਿ ਗੱਲਬਾਤ ਯਕੀਨਨ ਸਹੀ ਦਿਸ਼ਾ ਵਿੱਚ ਅੱਗੇ ਵਧੇਗੀ। ਉਸ ਦਿਨ ਮੇਰੇ ਨਿਊਜ਼ਰੂਮ ਦੇ ਸੀਨੀਅਰ ਸਹਿਯੋਗੀ ਨੇ ਮਹੱਤਵਪੂਰਨ ਖ਼ਬਰਾਂ ਦੀ ਜੋ ਸੂਚੀ ਤਿਆਰ ਕੀਤੀ ਸੀ, ਉਸ ਅਨੁਸਾਰ ਮੁੱਖ ਸੁਰਖ਼ੀ ਕਿਸਾਨਾਂ ਦੀ ਕੇਂਦਰੀ ਮੰਤਰੀਆਂ ਨਾਲ ਹੋਣ ਵਾਲੀ ਗੱਲਬਾਤ ਅਤੇ ਉਸ ਤੋਂ ਨਿਕਲਣ ਵਾਲੇ ਸਿੱਟੇ ਸਨ। ਜਿਉਂ ਹੀ ਇਹ ਮੀਟਿੰਗ ਖ਼ਤਮ ਹੋਈ, ਕੇਂਦਰੀ ਮੰਤਰੀਆਂ ਵੱਲੋਂ ਪੱਤਰਕਾਰਾਂ ਨੂੰ ਦਿੱਤੀ ਗਈ ਪ੍ਰੈੱਸ ਬਰੀਫਿੰਗ ਮਗਰੋਂ ਇਹ ਖ਼ਬਰ ਉਸ ਦਿਨ ਦੀ ਮੁੱਖ ਸੁਰਖ਼ੀ (ਲੀਡ) ਬਣ ਗਈ ਕਿ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਐੱਮ.ਐੱਸ.ਪੀ. ਨੂੰ ਕਾਨੂੰਨੀ ਗਾਰੰਟੀ ਦਾ ਜਾਮਾ ਪਹਿਨਾਉਣ ਲਈ ਦੇਸ਼ ਭਰ ਦੇ ਕਿਸਾਨਾਂ ਨਾਲ ਗੱਲਬਾਤ ਕਰਨਗੇ ਅਤੇ ਅਗਲੀ ਮੀਟਿੰਗ ਦੀ ਤਰੀਕ 4 ਮਈ ਤੈਅ ਕਰ ਦਿੱਤੀ ਗਈ। ਸਾਧਾਰਨ ਵਿਅਕਤੀ ਨੂੰ ਵੀ ਇਹ ਸਮਝ ਲੱਗਦੀ ਹੈ ਕਿ ਜਦੋਂ ਦੇਸ਼ ਭਰ ਦੇ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਗੱਲ ਤੁਰ ਪਵੇ ਤਾਂ ਇਸ ਅਮਲ ਨੂੰ ਪੂਰਾ ਕਰਨ ਅਤੇ ਕਿਸੇ ਸਹਿਮਤੀ 'ਤੇ ਪੁੱਜਣ ਲਈ ਤਾਂ ਕਿਸੇ ਸਰਕਾਰ ਦਾ ਇੱਕ ਕਾਰਜਕਾਲ ਵੀ ਪੂਰਾ ਨਹੀਂ ਪੈਂਦਾ। ਗੰਡੇ ਨਾਲ ਕੱਟਾ ਬੰਨ੍ਹਣ ਦੀ ਇਸ ਖ਼ਬਰ ਦੇ ਨਾਲ ਹੀ ਅਗਲੀ ਮੀਟਿੰਗ 4 ਮਈ ਨੂੰ ਹੋਣ ਦੀ ਸੂਚਨਾ ਤੋਂ ਇਹ ਗੱਲ ਸਾਫ਼ ਸੀ ਕਿ ਉਦੋਂ ਤੱਕ ਤਾਂ ਕਣਕ ਦੀ ਖ਼ਰੀਦ ਦਾ ਅਮਲ ਲਗਭਗ ਮੁਕੰਮਲ ਹੋਣ ਦੇ ਨੇੜੇ-ਤੇੜੇ ਹੋਵੇਗਾ। ਖ਼ੈਰ, ਇਸ ਖ਼ਬਰ ਨੂੰ ਲੀਡ ਵਜੋਂ ਤਿਆਰ ਕਰਨ ਤੋਂ ਬਾਅਦ ਇਸ ਅੰਦਰਲੇ ਮਾਅਨੇ ਤਲਾਸ਼ਦਿਆਂ ਰੋਜ਼ਮੱਰ੍ਹਾ ਵਾਂਗ ਸਾਰੇ ਸਾਥੀ ਆਪੋ-ਆਪਣੇ ਕੰਮ 'ਚ ਜੁੱਟ ਗਏ। ਅਜੇ ਕੁਝ ਸਮਾਂ ਹੀ ਬੀਤਿਆ ਸੀ ਕਿ ਨਵੀਂ ਖ਼ਬਰ ਆ ਗਈ ਕਿ ਗੱਲਬਾਤ ਕਰ ਕੇ ਮੁੜ ਰਹੇ ਕਿਸਾਨ ਨੇਤਾਵਾਂ ਨੂੰ ਮੁਹਾਲੀ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਗੱਲਬਾਤ ਵਾਲੀ ਖ਼ਬਰ ਪਿੱਛੇ ਰਹਿ ਗਈ ਅਤੇ ਕਿਸਾਨ ਗ੍ਰਿਫ਼ਤਾਰੀਆਂ ਦੀ ਗੱਲ ਅੱਗੇ ਆ ਗਈ। ਇਉਂ ਪਿਛਲੀ ਖ਼ਬਰ ਢਾਹ ਕੇ ਮੁੜ ਨਵੇਂ ਸਿਰਿਓਂ ਖ਼ਬਰ ਬਣਾਈ ਜਾਣ ਲੱਗੀ। ਹੁਣ ਕਿਸਾਨ ਮੰਗਾਂ ਬਾਰੇ ਕੇਂਦਰ ਵੱਲੋਂ ਚੁੱਕੇ ਗਏ ਜਾਂ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਪ੍ਰਮੁੱਖਤਾ ਨਾਲ ਗੱਲ ਹੋਣ ਦੀ ਬਜਾਏ ਬਿਰਤਾਂਤ ਇਸ ਨੁਕਤੇ ਦੁਆਲੇ ਘੁੰਮਣ ਲੱਗਿਆ ਕਿ ਕਿਸਾਨਾਂ ਨੂੰ ਗੱਲਬਾਤ ਮਗਰੋਂ ਧੋਖੇ ਨਾਲ ਮੁਹਾਲੀ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਸੁਰਖ਼ੀ ਬਦਲ ਕੇ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਸਣੇ ਹੋਰ ਕਿਸਾਨਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਕੇਂਦਰ 'ਚ ਰੱਖ ਕੇ ਮੁੜ ਬਣਾਈ ਗਈ। ਇਹ ਸੁਰਖ਼ੀ ਅਜੇ ਬਣੀ ਹੀ ਸੀ ਕਿ ਇੱਕ ਵਾਰੀ ਫਿਰ ਬਰੇਕਿੰਗ ਨਿਊਜ਼ ਆ ਗਈ ਕਿ ਸ਼ੰਭੂ ਅਤੇ ਢਾਬੀ ਗੁੱਜਰਾਂ ਮੋਰਚਿਆਂ 'ਤੇ ਪੁਲੀਸ ਨੇ ਕਾਰਵਾਈ ਕਰਦਿਆਂ ਦੋਵੇਂ ਬਾਰਡਰ ਖਾਲੀ ਕਰਵਾ ਲਏ। ਕਿਸਾਨ ਪਿਛਲੇ 13 ਮਹੀਨਿਆਂ ਤੋਂ ਆਪਣੀਆਂ ਮੰਗਾਂ ਦੇ ਹੱਕ 'ਚ ਇਨ੍ਹਾਂ ਮੋਰਚਿਆਂ 'ਤੇ ਡਟੇ ਹੋਏ ਸਨ। ਪੁਲੀਸ ਨੇ ਕਿਸਾਨਾਂ ਵੱਲੋਂ ਖੜ੍ਹੇ ਕੀਤੇ ਆਰਜ਼ੀ ਢਾਂਚੇ ਅਤੇ ਸਟੇਜਾਂ ਜੇਸੀਬੀ ਮਸ਼ੀਨਾਂ ਨਾਲ ਤੋੜ ਦਿੱਤੀਆਂ, ਵਿਰੋਧ ਕਰਦੇ ਕਿਸਾਨਾਂ 'ਤੇ ਹਲਕਾ ਲਾਠੀਚਾਰਜ ਵੀ ਕੀਤਾ ਗਿਆ ਅਤੇ ਵੱਡੀ ਗਿਣਤੀ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਤੀਜੀ ਵਾਰ ਨਵੇਂ ਸਿਰਿਓਂ ਬਣੀ ਖ਼ਬਰ 'ਚ ਸ਼ੰਭੂ ਬਾਰਡਰ 'ਤੇ ਪੁਲੀਸ ਦੀ ਅਗਵਾਈ ਕਰ ਰਹੇ ਪਟਿਆਲਾ ਦੇ ਐੱਸ.ਐੱਸ.ਪੀ. ਡਾ. ਨਾਨਕ ਸਿੰਘ ਦੇ ਇਸ ਫ਼ਿਕਰੇ ਨੇ ਸਾਰਿਆਂ ਦਾ ਵਿਸ਼ੇਸ਼ ਧਿਆਨ ਖਿੱਚਿਆ, "20 ਮਾਰਚ ਦੀ ਸਵੇਰ ਤੱਕ ਇੱਥੇ ਅਜਿਹਾ ਦ੍ਰਿਸ਼ ਨਜ਼ਰ ਆਵੇਗਾ ਕਿ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕੇਗਾ ਕਿ ਇੱਥੇ ਕੋਈ ਧਰਨਾ ਚੱਲ ਰਿਹਾ ਸੀ।"...... ਤੇ ਵਾਕਈ ਡਾ. ਨਾਨਕ ਸਿੰਘ ਦਾ ਕਥਨ ਸੌ ਫ਼ੀਸਦੀ ਸੱਚ ਸਾਬਤ ਹੋਇਆ। ਸੱਚਮੁੱਚ ਅਗਲੀ ਸਵੇਰ ਉਨ੍ਹਾਂ ਦੇ ਕਹਿਣ ਮੁਤਾਬਿਕ ਇਹ ਅੰਦਾਜ਼ਾ ਲਾਉਣਾ ਔਖਾ ਸੀ ਕਿ ਇੱਥੇ 13 ਮਹੀਨਿਆਂ ਤੋਂ ਕਿਸਾਨ ਮੋਰਚਾ ਲਾ ਕੇ ਬੈਠੇ ਸਨ। ਪੁਲੀਸ ਨੇ ਰਾਤੋ-ਰਾਤ ਕਿਸਾਨਾਂ ਦੇ ਰੈਣ-ਬਸੇਰਿਆਂ ਸਮੇਤ ਉੱਥੇ ਪਿਆ ਸਾਰਾ ਸਾਜ਼ੋ-ਸਾਮਾਨ ਲਾਂਭੇ ਕਰ ਦਿੱਤਾ ਸੀ। ਕਿਸਾਨਾਂ ਖ਼ਿਲਾਫ਼ ਸਰਕਾਰ ਦੀ ਇਸ ਕਾਰਵਾਈ ਬਾਰੇ ਸਾਰੀਆਂ ਵਿਰੋਧੀ ਪਾਰਟੀਆਂ ਦੇ ਤਿੱਖੇ ਪ੍ਰਤੀਕਰਮ ਆਉਣ ਲੱਗੇ ਪਰ ਕਿਸੇ ਦੇ ਧਿਆਨ 'ਚ ਇਹ ਗੱਲ ਨਹੀਂ ਆਈ ਕਿ ਕੇਂਦਰ ਵੱਲੋਂ ਕਿਸਾਨਾਂ ਨਾਲ ਚੰਡੀਗੜ੍ਹ 'ਚ ਕੀਤੀ ਗਈ ਮੀਟਿੰਗ ਵਿੱਚ ਐੱਮ.ਐੱਸ.ਪੀ. ਤੋਂ ਇਲਾਵਾ ਉਨ੍ਹਾਂ ਮੰਗਾਂ ਬਾਰੇ ਕੋਈ ਗੱਲ ਨਹੀਂ ਹੋਈ ਜਿਨ੍ਹਾਂ ਨੂੰ ਮੰਨਣ ਦਾ ਭਰੋਸਾ ਦੇ ਕੇ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਦਾ ਅੰਦੋਲਨ ਖ਼ਤਮ ਕਰਵਾਇਆ ਸੀ। ਐੱਮ.ਐੱਸ.ਪੀ. 'ਤੇ ਵੀ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਮੀਟਿੰਗ ਵਿੱਚ ਕਿਸਾਨਾਂ ਨੂੰ ਮਿੱਠੀ ਗੋਲੀ ਦਿੰਦਿਆਂ ਕਿਹਾ ਕਿ ਉਹ ਕਾਨੂੰਨੀ ਗਾਰੰਟੀ ਨੂੰ ਅੰਤਰ-ਮੰਤਰਾਲਾ ਮੀਟਿੰਗਾਂ ਵਿੱਚ ਵਿਚਾਰਨਾ ਚਾਹੁੰਦੇ ਹਨ ਕਿਉਂਕਿ ਇਸ ਦੇ ਰਾਹ 'ਚ ਕਈ ਰੁਕਾਵਟਾਂ ਹਨ ਅਤੇ ਇਸ ਤੋਂ ਇਲਾਵਾ ਉਹ ਦੂਜੇ ਸੂਬਿਆਂ ਦੇ ਕਿਸਾਨਾਂ ਤੇ ਹੋਰ ਧਿਰਾਂ ਨਾਲ ਵੀ ਇਸ 'ਤੇ ਚਰਚਾ ਕਰਨੀ ਚਾਹੁੰਦੇ ਹਨ। ਹੁਣ ਬਦਲੇ ਹੋਏ ਹਾਲਾਤ 'ਚ ਕੇਂਦਰ ਵੱਲੋਂ ਬਾਕੀ ਕਿਸਾਨੀ ਮੰਗਾਂ ਸਬੰਧੀ ਕੀ ਕੀਤਾ ਜਾ ਰਿਹਾ ਹੈ, ਬਾਰੇ ਚਰਚਾ ਹੋਣ ਦੀ ਥਾਂ 'ਆਪ' ਸਰਕਾਰ ਚਰਚਾ ਦੇ ਕੇਂਦਰ 'ਚ ਆ ਗਈ। ਇਸ ਗੱਲਬਾਤ ਤੋਂ ਕੁਝ ਦਿਨ ਪਹਿਲਾਂ ਇਸ ਕਿਸਮ ਦਾ ਮਾਹੌਲ ਸਿਰਜਿਆ ਜਾ ਰਿਹਾ ਸੀ ਕਿ ਪੰਜਾਬ ਦਾ ਵਪਾਰੀ ਵਰਗ ਇਨ੍ਹਾਂ ਮੋਰਚਿਆਂ ਕਾਰਨ ਬਹੁਤ ਪ੍ਰੇਸ਼ਾਨ ਹੈ ਅਤੇ ਉਨ੍ਹਾਂ ਵੱਲੋਂ ਸਰਕਾਰ 'ਤੇ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ ਬਾਰਡਰਾਂ 'ਤੇ ਆਵਾਜਾਈ ਖੋਲ੍ਹੀ ਜਾਵੇ। ਆਵਾਜਾਈ ਬੰਦ ਹੋਣ ਕਾਰਨ ਭਾਵੇਂ ਇਨ੍ਹਾਂ ਇਲਾਕਿਆਂ ਦੇ ਲੋਕ ਵੀ ਪ੍ਰੇਸ਼ਾਨ ਤਾਂ ਸਨ ਪਰ ਸਾਰਿਆਂ ਨੂੰ ਇਹ ਉਮੀਦ ਸੀ ਕਿ ਕਿਸਾਨਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ ਮੋਰਚਿਆਂ ਤੋਂ ਉੱਠਣ ਲਈ ਪ੍ਰੇਰ ਲਿਆ ਜਾਵੇਗਾ। ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਚੋਣ ਕਾਰਨ ਭਾਵੇਂ ਕਈ ਤਰ੍ਹਾਂ ਦੀਆਂ ਗੱਲਾਂ ਹਵਾ 'ਚ ਸਨ ਪਰ ਇਸ ਸਮੁੱਚੇ ਘਟਨਾਕ੍ਰਮ ਦੇ ਅਜਿਹੇ ਨਾਟਕੀ ਅੰਤ ਦਾ ਕਿਸੇ ਨੂੰ ਵੀ ਕਿਆਸ ਨਹੀਂ ਸੀ। ਇਹੀ ਪੰਜਾਬ ਸਰਕਾਰ ਸਮੇਂ-ਸਮੇਂ 'ਤੇ ਕਿਸਾਨਾਂ ਦੇ ਪੱਖ 'ਚ ਡਟ ਕੇ ਖੜ੍ਹਦਿਆਂ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਹਮਾਇਤ ਦਾ ਭਰੋਸਾ ਦਿੰਦੀ ਰਹੀ ਹੈ। ਮੁੱਖ ਮੰਤਰੀ ਸਮੇਤ ਇਸ ਸਰਕਾਰ ਵਿੱਚ ਸ਼ਾਮਲ ਬਹੁਤੇ ਮੰਤਰੀ ਵੀ ਕਿਸਾਨ ਪੁੱਤਰ ਹੀ ਹਨ, ਫਿਰ ਅਜਿਹਾ ਕੀ ਵਾਪਰਿਆ ਕਿ ਰਾਤੋ-ਰਾਤ ਕਿਸਾਨਾਂ ਨੂੰ ਉੱਥੋਂ ਉਠਾ ਦਿੱਤਾ ਗਿਆ? ਦੂਜੇ ਪਾਸੇ, ਇੱਕ ਕੌੜੀ ਹਕੀਕਤ ਇਹ ਵੀ ਹੈ ਕਿ ਵੱਖ-ਵੱਖ ਕਿਸਾਨ ਧਿਰਾਂ ਨੂੰ ਵੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਇਹ ਲੜਾਈ ਸਮੁੱਚੇ ਕਿਸਾਨੀ ਵਰਗ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਲਈ ਹੈ ਨਾ ਕਿ ਕਿਸੇ ਆਗੂ ਦੀ ਲੀਡਰੀ ਚਮਕਾਉਣ ਲਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਜਦੋਂ ਇੱਕ ਵਾਰ ਫ਼ੈਸਲਾ ਕਰ ਲੈਣ ਤਾਂ ਪਿੱਛੇ ਨਹੀਂ ਮੁੜਦੇ, ਨੂੰ ਕਿਸਾਨਾਂ ਦੇ ਏਕੇ ਨੇ ਹੀ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਸੀ।

ਕਿਸਾਨਾਂ ਖ਼ਿਲਾਫ਼ ਕੀਤੀ ਗਈ ਇਸ ਕਾਰਵਾਈ ਬਾਰੇ ਕਈ ਤਰ੍ਹਾਂ ਦੇ ਚਰਚੇ ਹਨ। ਕੋਈ ਇਸ ਨੂੰ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਨਾਲ ਜੋੜ ਰਿਹਾ ਹੈ ਅਤੇ ਕੋਈ ਇਹ ਮੰਨ ਰਿਹਾ ਹੈ ਕਿ 'ਆਪ' ਵੱਲੋਂ ਦਿੱਲੀ ਦੀ ਚੋਣ ਹਾਰਨ ਮਗਰੋਂ ਕਿਸੇ ਤਾਕਤਵਰ ਧਿਰ ਦੇ ਦਬਾਅ ਹੇਠ ਆ ਕੇ ਇਹ ਕਾਰਵਾਈ ਕੀਤੀ ਗਈ ਹੈ। ਅਸਲੀਅਤ ਭਾਵੇਂ ਕੁਝ ਵੀ ਹੋਵੇ, ਕਿਸਾਨੀ ਏਕਤਾ ਤੇ ਸੰਘਰਸ਼ ਨੂੰ ਇਸ ਕਾਰਵਾਈ ਨਾਲ ਹੋਰ ਨੁਕਸਾਨ ਪੁੱਜਿਆ ਹੈ। ਕਿਸਾਨ ਜਥੇਬੰਦੀਆਂ ਤਾਂ ਪਹਿਲਾਂ ਹੀ ਏਕੇ ਦੇ ਰਾਹ 'ਤੇ ਤੁਰਦੀਆਂ ਨਜ਼ਰ ਨਹੀਂ ਸੀ ਪੈ ਰਹੀਆਂ ਅਤੇ ਜਾਪਦਾ ਹੈ ਕਿ ਉਹ ਹੁਣ ਕਿਸੇ ਤੀਜੀ ਧਿਰ ਦੀ ਸਿਆਸਤ ਦਾ ਸ਼ਿਕਾਰ ਹੋ ਗਈਆਂ ਹਨ। ਨੇੜ-ਭਵਿੱਖ 'ਚ ਜੇ ਏਕਾ ਨਹੀਂ ਹੁੰਦਾ ਤਾਂ ਕੇਂਦਰ ਵੱਲੋਂ ਕਿਸਾਨਾਂ ਦੀਆਂ ਮੰਨੀਆਂ ਗਈਆਂ ਮੰਗਾਂ ਕਿਵੇਂ ਲਾਗੂ ਹੋਣਗੀਆਂ? ਜੇਕਰ ਕਿਸੇ ਤਾਕਤਵਰ ਧਿਰ ਦੇ ਦਬਾਅ ਕਾਰਨ ਇਹ ਕਾਰਵਾਈ ਹੋਈ ਹੈ ਤਾਂ ਕਿਸਾਨਾਂ ਦੇ ਨਾਲ 'ਆਪ' ਨੂੰ ਵੀ ਇਸ ਦਾ ਨੁਕਸਾਨ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇੱਕ ਦਲੀਲ ਇਹ ਵੀ ਦਿੱਤੀ ਜਾ ਰਹੀ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤਾਂ ਹਾਲੇ ਦੋ ਸਾਲ ਨੂੰ ਹੋਣੀਆਂ ਨੇ, ਉਦੋਂ ਤੱਕ ਸਰਕਾਰ ਕਿਸਾਨ-ਪੱਖੀ ਕੰਮ ਕਰ ਕੇ ਉਨ੍ਹਾਂ ਦਾ ਰੋਸਾ ਦੂਰ ਕਰ ਲਵੇਗੀ। ਸ਼ੰਭੂ ਅਤੇ ਖਨੌਰੀ ਬਾਰਡਰ ਖਾਲੀ ਕਰਵਾਉਣ ਮਗਰੋਂ ਸਰਕਾਰ ਨੇ ਦੂਜੀਆਂ ਕਿਸਾਨੀ ਧਿਰਾਂ ਨੂੰ 21 ਮਾਰਚ ਨੂੰ ਮੀਟਿੰਗ ਲਈ ਸੱਦਿਆ ਸੀ ਪਰ ਸੰਯੁਕਤ ਕਿਸਾਨ ਮੋਰਚਾ (ਪੰਜਾਬ ਚੈਪਟਰ) ਅਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਇਸ ਮੀਟਿੰਗ ਦਾ ਬਾਈਕਾਟ ਕਰ ਦਿੱਤਾ। ਉਨ੍ਹਾਂ ਨੂੰ ਰੋਸਾ ਸੀ ਕਿ ਕਿਸਾਨਾਂ ਨੂੰ ਧੋਖੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਕਰ ਕੇ ਉਹ ਸਰਕਾਰ ਨਾਲ ਕਿਸੇ ਕਿਸਮ ਦੀ ਗੱਲਬਾਤ ਨਹੀਂ ਕਰਨਗੇ।

ਇਹ ਪੁਲੀਸ ਕਾਰਵਾਈ ਕਰਨ ਪਿੱਛੇ ਕਾਰਨ ਭਾਵੇਂ ਕੁਝ ਵੀ ਹੋਣ ਪਰ ਇਸ ਨਾਲ ਕੇਵਲ ਤੇ ਕੇਵਲ ਕਿਸਾਨੀ ਹਿੱਤਾਂ ਨੂੰ ਢਾਹ ਲੱਗੀ ਹੈ। ਹੱਥ ਤਾਂ ਸੂਬਾਈ ਸਰਕਾਰ ਦੇ ਵੀ ਕੁਝ ਨਹੀਂ ਆਇਆ। ਕਿਸੇ ਨੇ ਆਪਣਾ ਭਰੋਸਾ ਗੁਆ ਲਿਆ ਅਤੇ ਕਿਸੇ ਦਾ ਇਤਬਾਰ ਟੁੱਟ ਗਿਆ। ਸੰਘਰਸ਼ੀ ਕਿਸਾਨਾਂ ਨੂੰ ਗੱਲਬਾਤ ਕਰ ਕੇ ਵੀ ਮਨਾਇਆ ਜਾ ਸਕਦਾ ਸੀ ਪਰ ਕੋਈ ਤਾਂ ਸੀ ਜੋ ਨਹੀਂ ਸੀ ਚਾਹੁੰਦਾ ਕਿ ਅਜਿਹਾ ਹੋਵੇ! ਇਸੇ ਸਵਾਲ ਦਾ ਜਵਾਬ ਤਲਾਸ਼ ਕਰਦਿਆਂ ਸਿਆਸੀ ਫ਼ਿਜ਼ਾ 'ਚ ਬਹੁਤ ਸਾਰੀਆਂ ਸਰਗੋਸ਼ੀਆਂ ਸੁਣਾਈ ਪੈਂਦੀਆਂ ਨੇ।


# ਆਨਲਾਈਨ ਹਿੰਸਕ ਗੇਮ ਖੇਡਣ ਵਾਲੇ ਬੱਚਿਆਂ 'ਤੇ ਮਨੋਵਿਗਿਆਨਕ ਹਿੰਸਕ ਪ੍ਰਭਾਵ

**ਲੇਖਕ : ਗੋਰਵ**

ਆਨਲਾਈਨ ਗੇਮਿੰਗ ਦੀ ਲਤ ਪਿਛਲੇ ਕੁਝ ਸਾਲਾਂ ਵਿਚ ਲਗਾਤਾਰ ਫੈਲ ਕੇ ਸਮੱਸਿਆ ਬਣ ਗਈ ਹੈ। ਫੋਰਟਨਾਈਟ, ਵਰਲਡ ਆਫ਼ ਵਾਰਕ੍ਰਾਫਟ ਅਤੇ ਕਾਲ ਆਫ਼ ਡਿਊਟੀ, ਪਬ ਜੀ ਆਦਿ ਖੇਡਾਂ ਨਾਲ ਦੁਨੀਆ ਭਰ ਦੇ ਲੱਖਾਂ ਲੋਕ ਜੁੜ ਚੁੱਕੇ ਹਨ ਅਤੇ ਇਸ ਗੇਮਿੰਗ ਦੀ ਦੁਨੀਆ ਵਿਚ ਹਰ ਰੋਜ਼ ਨਵੀਆਂ ਗੇਮਾਂ ਆਉਂਦੀਆਂ ਰਹਿੰਦੀਆਂ ਹਨ। ਹਾਲਾਂਕਿ ਬਹੁਤ ਸਾਰੇ ਲੋਕ ਸੰਜਮ ਨਾਲ ਵੀਡੀਓ ਗੇਮਾਂ ਖੇਡਣ ਦਾ ਮਜ਼ਾ ਲੈਂਦੇ ਹਨ, ਪਰ ਕੁਝ ਵਿਅਕਤੀ ਆਪਣੀਆਂ ਗੇਮਿੰਗ ਆਦਤਾਂ ਨੂੰ ਨਿਯੰਤਰਿਤ ਕਰਨ 'ਚ ਅਸਮਰੱਥ ਮਹਿਸੂਸ ਕਰਦੇ ਹਨ, ਜਿਸ ਦਾ ਉਨ੍ਹਾਂ ਦੇ ਜੀਵਨ ਅਤੇ ਵਿੱਤੀ ਸਥਿਤੀ 'ਤੇ ਬਹੁਤ ਨਕਾਰਾਤਮਿਕ ਅਸਰ ਪੈਂਦਾ ਹੈ।

ਮੌਜੂਦਾ ਸਮੇਂ 'ਚ ਬੱਚੇ ਆਨਲਾਈਨ ਗੇਮਿੰਗ ਦਾ ਸ਼ਿਕਾਰ ਹੋ ਰਹੇ ਹਨ। ਬੱਚੇ ਅਕਸਰ ਆਪਣੇ ਮਾਪਿਆਂ ਦੇ ਕਹਿਣ ਤੋਂ ਉਲਟ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਜੇਕਰ ਬੱਚਿਆਂ ਨੂੰ ਗੇਮ ਖੇਡਣ ਤੋਂ ਰੋਕਿਆ ਜਾਵੇ ਤਾਂ ਉਹ ਹਿੰਸਕ ਹੋਣ ਲੱਗਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਬੱਚੇ ਇਨ੍ਹਾਂ ਖੇਡਾਂ ਦੇ ਆਦੀ ਹੋਣ ਕਾਰਨ ਹਮਲਾਵਰ ਹੋ ਜਾਂਦੇ ਹਨ। ਉਨ੍ਹਾਂ ਦਾ ਆਪਣੀਆਂ ਭਾਵਨਾਵਾਂ 'ਤੇ ਕੰਟਰੋਲ ਖ਼ਤਮ ਹੋ ਜਾਂਦਾ ਹੈ। ਚੰਗੇ-ਮਾੜੇ ਦੀ ਪਛਾਣ ਨਹੀਂ ਕਰ ਪਾਉਂਦੇ। ਇਨ੍ਹਾਂ ਖੇਡਾਂ ਦੇ ਨਾਇਕਾਂ ਦੇ 'ਐਕਸ਼ਨ' ਅਕਸਰ ਹਿੰਸਾ ਨਾਲ ਭਰੇ ਹੁੰਦੇ ਹਨ। ਉਨ੍ਹਾਂ ਦੇ ਹੱਥਾਂ 'ਚ ਬੰਦੂਕ ਅਤੇ ਪਿਸਤੌਲ ਹੁੰਦੇ ਹਨ ਅਤੇ ਕਿਸੇ ਨੂੰ ਵੀ ਉਡਾ ਦਿੰਦੇ ਹਨ। ਜਦੋਂ ਬੱਚੇ ਲਗਾਤਾਰ ਇਹ ਗੇਮਾਂ ਖੇਡਦੇ ਹਨ ਤਾਂ ਉਨ੍ਹਾਂ ਨੂੰ ਆਦਤ ਪੈ ਜਾਂਦੀ ਹੈ।

ਆਦਤਾਂ ਆਸਾਨੀ ਨਾਲ ਨਹੀਂ ਛੱਡ ਹੁੰਦੀਆਂ। ਅਜਿਹੇ 'ਚ ਜੋ ਵੀ ਉਨ੍ਹਾਂ ਨੂੰ ਗੇਮਾਂ ਖੇਡਣ ਤੋਂ ਰੋਕਦਾ ਹੈ, ਉਹ ਜਾਂ ਤਾਂ ਉਸ ਨੂੰ ਖ਼ਤਮ ਕਰਨ ਬਾਰੇ ਸੋਚਦੇ ਹਨ ਜਾਂ ਆਪਣੀ ਜਾਨ ਦੇ ਦਿੰਦੇ ਹਨ। ਇਸ ਦਾ ਇਕ ਵੱਡਾ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਕਈ ਵਾਰ ਘਰ ਦੇ ਵੱਡੇ ਲੋਕ ਵੀ ਅਜਿਹੀ ਖੇਡ ਖੇਡਦੇ ਹਨ। ਬੱਚੇ ਜਦੋਂ ਉਨ੍ਹਾਂ ਨੂੰ ਅਜਿਹਾ ਕਰਦਿਆਂ ਦੇਖਦੇ ਹਨ, ਤਾਂ ਬੱਚੇ ਵੀ ਇਨ੍ਹਾਂ ਖੇਡਾਂ ਨੂੰ ਖੇਡਣਾ ਚਾਹੁੰਦੇ ਹਨ। ਉਹ ਪਹਿਲਾਂ ਲੁਕ-ਲੁਕ ਕੇ, ਫਿਰ ਖੁੱਲ੍ਹੇਆਮ ਗੇਮਾਂ ਖੇਡਣ ਲੱਗਦੇ ਹਨ। ਮਾਤਾ-ਪਿਤਾ ਦੀ ਅਣਦੇਖੀ ਵੀ ਇਸ ਦਾ ਵੱਡਾ ਕਾਰਨ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੱਜਕੱਲ੍ਹ ਦੀਆਂ ਗੇਮਾਂ ਕਾਫ਼ੀ ਹਮਲਾਵਰ ਹੁੰਦੀਆਂ ਹਨ, ਜੋ ਬੱਚੇ ਇਨ੍ਹਾਂ ਨੂੰ ਖੇਡਦੇ ਹਨ ਉਹ 'ਰਿਐਲਿਟੀ' ਅਤੇ 'ਵਰਚੁਅਲ' ਦੁਨੀਆ ਦਰਮਿਆਨ ਫ਼ਰਕ ਨਹੀਂ ਕਰ ਸਕਦੇ ਅਤੇ ਖ਼ੁਦ ਨੂੰ ਉਸ ਵਰਚੁਅਲ ਦੁਨੀਆ ਦਾ ਹੀ ਹਿੱਸਾ ਮੰਨ ਲੈਂਦੇ ਹਨ। ਇਸ ਦੇ ਲਈ ਮਾਪੇ, ਖਾਣ-ਪੀਣ, ਲਾਈਫ ਸਟਾਈਲ ਅਤੇ ਦੋਸਤ ਵੀ ਜ਼ਿੰਮੇਵਾਰ ਹਨ। ਇਕ ਪਾਸੇ ਤਾਂ ਅਸੀਂ ਮੰਗ ਕਰਦੇ ਹਾਂ ਕਿ ਬੱਚਿਆਂ ਨੂੰ ਅਜਿਹੀਆਂ ਗੱਲਾਂ ਤੋਂ ਦੂਰ ਰੱਖੋ, ਜੋ ਉਨ੍ਹਾਂ ਨੂੰ ਹਿੰਸਕ ਬਣਾਉਂਦੀਆਂ ਹਨ, ਪਰ ਵਪਾਰ ਅਤੇ ਬਾਜ਼ਾਰ ਉਨ੍ਹਾਂ ਨੂੰ ਅਜਿਹੇ ਖਿਡੌਣੇ ਅਤੇ ਆਨਲਾਈਨ ਖੇਡਾਂ ਉਪਲਬਧ ਕਰਵਾਉਂਦਾ ਹੈ, ਜੋ ਹਿੰਸਾ ਨਾਲ ਭਰੇ ਪਏ ਹਨ। ਇਕ ਅੰਦਾਜ਼ੇ ਅਨੁਸਾਰ ਆਨਲਾਈਨ ਖੇਡਾਂ ਦਾ ਕਾਰੋਬਾਰ ਇਸ ਸਾਲ ਦੇ ਅਖ਼ੀਰ ਤੱਕ 11,900 ਕਰੋੜ ਡਾਲਰ ਦਾ ਹੋ ਜਾਏਗਾ ਅਤੇ ਦੁਨੀਆ ਭਰ 'ਚ 2025 ਤੱਕ ਇਹ ਕਾਰੋਬਾਰ 12,205 ਕਰੋੜ ਤੋਂ ਵੱਧ ਅਮਰੀਕੀ ਡਾਲਰ ਹੋਣ ਦੀ ਸੰਭਾਵਨਾ ਹੈ। ਭਾਰਤ 'ਚ ਆਨਲਾਈਨ ਖੇਡਾਂ ਦਾ ਕਾਰੋਬਾਰ ਲਗਭਗ 29 ਲੱਖ ਅਮਰੀਕੀ ਡਾਲਰ ਦਾ ਹੈ।



ਹਿੰਸਕ ਵਿਵਹਾਰ ਬੱਚਿਆਂ ਦੀ ਦਿਮਾਗੀ ਸਿਆਣਪ ਨੂੰ ਕਾਫ਼ੀ ਹੱਦ ਤਕ ਖ਼ਤਮ ਕਰ ਸਕਦਾ ਹੈ। ਬੱਚਿਆਂ ਦੇ ਹਿੰਸਕ ਵਿਵਹਾਰ ਦੇ ਕਈ ਕਾਰਨ ਹੋ ਸਕਦੇ ਹਨ ਅਤੇ ਭਵਿੱਖ 'ਚ ਇਸ ਦੇ ਗੰਭੀਰ ਨਤੀਜੇ ਵੀ ਹੋ ਸਕਦੇ ਹਨ। ਇਹ ਹਿੰਸਕ ਵਿਵਹਾਰ ਮੈਡੀਕਲ ਪ੍ਰਾਬਲਮ ਅਤੇ ਲਾਈਫ ਪ੍ਰਾਬਲਮ ਵੱਲ ਇਸ਼ਾਰਾ ਕਰਦੇ ਹਨ, ਇਸ ਲਈ ਮਾਤਾ-ਪਿਤਾ ਨੂੰ ਬੱਚੇ ਦੇ ਹਿੰਸਕ ਵਿਵਹਾਰ ਦਾ ਕਾਰਨ ਜਾਣਨਾ ਚਾਹੀਦਾ ਹੈ ਅਤੇ ਰੋਕਣ ਜਾਂ ਸੁਧਾਰਨ ਲਈ ਉੱਚਿਤ ਕਦਮ ਚੁੱਕਣੇ ਚਾਹੀਦੇ ਹਨ। ਬੱਚਿਆਂ ਦੀ ਉਮਰ ਦੇ ਆਧਾਰ 'ਤੇ ਉਨ੍ਹਾਂ ਦਾ ਹਿੰਸਕ ਵਿਵਹਾਰ ਕਿਸੇ ਨੂੰ ਮਾਰਨ, ਚੀਕਣ, ਗੱਲ-ਗੱਲ 'ਤੇ ਗੁੱਸਾ ਹੋਣ ਵਰਗੀਆਂ ਅਪਰਾਧਿਕ ਹਰਕਤਾਂ ਕਰਨ ਵਾਲਾ ਵੀ ਹੋ ਸਕਦਾ ਹੈ।

ਬੱਚਿਆਂ ਦੇ ਸਾਹਮਣੇ ਆਉਣ ਵਾਲੇ ਕੁਝ ਕਾਰਕ ਉਨ੍ਹਾਂ ਦੇ ਹਿੰਸਕ ਵਿਵਹਾਰ ਨੂੰ ਹੋਰ ਵੀ ਵਧਾ ਸਕਦੇ ਹਨ। ਜਦੋਂ ਵੀ ਮਾਤਾ-ਪਿਤਾ ਜਾਂ ਹੋਰ ਘਰ ਦੇ ਮੈਂਬਰ ਦੇਖਣ ਕਿ ਉਨ੍ਹਾਂ ਦਾ ਬੱਚਾ ਜਾਂ ਭਰਾ-ਭੈਣ ਦਾ ਬੱਚਾ ਹਿੰਸਕ ਵਿਵਹਾਰ ਕਰ ਰਿਹਾ ਹੈ ਤਾਂ ਉਸ ਨੂੰ ਤੁਰੰਤ ਕਿਸੇ ਮੈਂਟਲ ਹੈਲਥ ਐਕਸਪਰਟ ਕੋਲ ਲੈ ਜਾਣਾ ਚਾਹੀਦਾ ਹੈ। ਕਿਸੇ ਪ੍ਰੋਫੈਸ਼ਨਲ ਡਾਕਟਰ ਵਲੋਂ ਕੀਤਾ ਗਿਆ ਇਲਾਜ ਉਸ ਦੇ ਵਿਵਹਾਰ ਨੂੰ ਦੂਰ ਕਰਨ 'ਚ ਮਦਦ ਕਰ ਸਕਦਾ ਹੈ। ਬੱਚਿਆਂ ਨੂੰ ਮੈਂਟਲ ਹੈਲਥ ਐਕਸਪਰਟ ਵਲੋਂ ਗੁੱਸੇ 'ਤੇ ਕੰਟਰੋਲ ਕਰਨਾ, ਮਨ ਦੀਆਂ ਗੱਲਾਂ ਨੂੰ ਦੱਸਣਾ, ਸੰਘਰਸ਼ ਕਰਨਾ, ਨਾਂਹ-ਪੱਖੀ ਗੱਲਾਂ ਨੂੰ ਦੂਰ ਕਰਨਾ, ਹਾਂ-ਪੱਖੀ ਗੱਲਾਂ ਬਾਰੇ ਸੋਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।




# ਕਿਵੇਂ ਤਬਾਹਕੁੰਨ ਸਾਬਤ ਹੁੰਦੀਆਂ ਹਨ ਸੁਨਾਮੀ ਲਹਿਰਾਂ?



**ਸੁਖਮੰਦਰ ਸਿੰਘ ਤੂਰ**

ਬੱਚਿਓ! ਨੀਲੇ ਪਾਣੀਆਂ ਦੀਆਂ ਚਾਂਦੀ ਰੰਗੀਆਂ ਛੱਲਾਂ ਕਿਸੇ ਸਮੇਂ ਤੀਹ-ਚਾਲੀ ਮੀਟਰ ਉੱਚੀ ਕੰਧ ਬਣ ਕੇ ਸਮੁੰਦਰ ਦੇ ਨੇੜੇ-ਤੇੜੇ ਪੰਜਾਹ ਤੋਂ ਸੱਠ ਕਿੱਲੋ ਮੀਟਰ ਕਈ ਵਾਰ ਇਸ ਤੋਂ ਵੀ ਜ਼ਿਆਦਾ ਦੂਰ ਤੱਕ ਕੁਦਰਤ ਦੀ ਹਰ ਸ਼ੈਅ ਕਾਗਜ਼ ਦੀਆਂ ਬੇੜੀਆਂ ਵਾਂਗ ਰੋੜ੍ਹ ਕੇ ਲੈ ਜਾਂਦੀਆਂ ਹਨ ਅਤੇ ਸਾਗਰ ਧੁਰ ਹੇਠਾਂ ਤੱਕ ਹਿੱਲ ਜਾਂਦੇ ਹਨ। ਧੁਰ ਪਤਾਲ ਤੋਂ ਹਿੱਲੇ ਸਾਗਰਾਂ ਨਾਲ ਪੈਦਾ ਹੋਈਆਂ ਲਹਿਰਾਂ ਨੂੰ ਹੀ ਸੁਨਾਮੀ ਲਹਿਰਾਂ ਕਿਹਾ ਜਾਂਦਾ ਹੈ।

ਬੱਚਿਓ, ਸੁਨਾਮੀ ਸ਼ਬਦ ਜਾਪਾਨੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਸਮੁੰਦਰੀ ਗੋਦ ਵਿਚੋਂ ਉੱਠੀ ਲਹਿਰ। ਕਹਿਣ ਨੂੰ ਸਮੁੰਦਰੀ ਪਾਣੀ ਦੀ ਹਰ ਲਹਿਰ ਹੀ ਸਮੁੰਦਰ ਦੀ ਗੋਦ ਵਿਚੋਂ ਹੀ ਉਪਜੀ ਮੰਨੀ ਜਾਂਦੀ ਹੈ, ਪਰ ਸੁਨਾਮੀ ਲਹਿਰਾਂ ਤਾਂ ਉਸ ਦੀ ਧੁਰ ਅੰਦਰਲੀ ਗੋਦ, ਉਸ ਦੇ ਪਾਤਾਲ, ਉਸ ਦੇ ਤਲ ਤੋਂ ਉਪਜਣ ਕਰਕੇ ਆਪਣੀ ਵੱਖਰੀ ਹੋਂਦ ਰੱਖਦੀਆਂ ਹਨ। ਇਹ ਲਹਿਰਾਂ ਧਰਤੀ ਉਤੇ ਟੈਕਟੋਨਿਕ ਪਲੇਟਾਂ ਦੀ ਗਤੀ ਦੁਆਰਾ ਪੈਦਾ ਹੁੰਦੀਆਂ ਹਨ। ਇਸ ਨਾਲ ਆਪਣੇ-ਆਪ ਅਤੇ ਗੰਭੀਰਤਾ ਦੇ ਜ਼ੋਰ ਵਜੋਂ ਸਤ੍ਹਾ 'ਤੇ ਪਾਣੀ ਵਧਦਾ ਅਤੇ ਡਿਗਦਾ ਹੈ। ਇਹ ਲਹਿਰਾਂ ਚਾਲੀ ਫੁੱਟ ਤੋਂ ਲੈ ਕੇ ਸੌ ਫੁੱਟ ਤੱਕ ਜਾਂ ਉਸ ਤੋਂ ਵੀ ਵੱਧ ਉੱਚੀ ਪਾਣੀ ਦੀ ਤੁਰੀ ਆਉਂਦੀ ਦੀਵਾਰ ਪ੍ਰਤੀਤ ਹੁੰਦੀਆਂ ਹਨ, ਜੋ ਸੈਂਕੜੇ ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੀਆਂ ਹਨ। ਹਰ ਵੀਹ-ਪੰਝੀ ਮਿੰਟ ਬਾਅਦ ਦੂਰ ਤੱਕ ਮਾਰ ਕਰਨ ਵਾਲੀਆਂ ਇਨ੍ਹਾਂ ਲਹਿਰਾਂ ਦਾ ਸਿਲਸਿਲਾ ਘੰਟਿਆਂਬੱਧੀ ਚੱਲਦਾ ਹੈ, ਓਨਾ ਚਿਰ ਜਿੰਨਾ ਚਿਰ ਸਾਗਰ ਸ਼ਾਂਤ ਨਹੀਂ ਹੋ ਜਾਂਦੇ।

ਇਹ ਸਪੱਸ਼ਟ ਹੈ ਕਿ ਸੁਨਾਮੀ ਲਹਿਰਾਂ ਸਾਗਰ ਹੇਠ ਆਏ ਭੁਚਾਲ ਜਾਂ ਜਵਾਲਾਮੁਖੀ ਵਿਸਫੋਟ ਤੋਂ ਜਨਮਦੀਆਂ ਹਨ। ਇਨ੍ਹਾਂ ਦੇ ਜਨਮ ਦਾ ਕਾਰਨ ਹੈ ਪਾਣੀ ਹੇਠਾਂ ਵੱਡੀ ਮਾਤਰਾ ਵਿਚ ਊਰਜਾ ਦਾ ਅਚਾਨਕ ਹੋਇਆ ਵਿਸਫੋਟ। ਇਹ ਵਿਸਫੋਟ ਕਈ ਵਾਰ ਹਜ਼ਾਰਾਂ ਐਟਮ ਬੰਬਾਂ ਜਿੰਨਾ ਸ਼ਕਤੀਸ਼ਾਲੀ ਹੁੰਦਾ ਹੈ। ਖੁੱਲ੍ਹੇ ਸਾਗਰਾਂ ਵਿਚ ਸੁਨਾਮੀ ਲਹਿਰਾਂ ਦੀ ਤਰੰਗ ਲੰਬਾਈ ਬਹੁਤ ਵੱਡੀ ਹੁੰਦੀ ਹੈ ਤੇ ਇਹ ਉੱਚੀ ਸਪੀਡ ਉਤੇ ਕਿਨਾਰਿਆਂ ਵੱਲ ਵਧਦੀਆਂ ਹਨ। ਜਿਉਂ-ਜਿਉਂ ਇਹ ਲਹਿਰਾਂ ਸਮੁੰਦਰ ਦੇ ਕਿਨਾਰਿਆਂ ਵੱਲ ਵਧਦੀਆਂ ਹਨ, ਤਿਉਂ-ਤਿਉਂ ਇਨ੍ਹਾਂ ਦੀ ਤਰੰਗ ਲੰਬਾਈ ਘਟਦੀ ਹੈ ਅਤੇ ਇਹ ਹੋਰ ਵਧੇਰੇ ਉੱਚੀਆਂ ਹੋ ਜਾਂਦੀਆਂ ਹਨ ਤੇ ਵਿਆਪਕ ਤਾਂਡਵ ਛੱਡਦੀਆਂ ਹਨ। ਉਂਜ ਤਾਂ ਸਾਗਰਾਂ ਦੇ ਕਿਸੇ ਕੰਢੇ 'ਤੇ ਸੁਨਾਮੀ ਲਹਿਰਾਂ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ ਪ੍ਰੰਤੂ ਸ਼ਾਂਤ ਮਹਾਂਸਾਗਰ ਦੇ ਆਸ-ਪਾਸ ਦਾ ਇਲਾਕਾ ਇਸ ਪੱਖੋਂ ਸਭ ਤੋਂ ਵੱਧ ਖ਼ਤਰਨਾਕ ਮੰਨਿਆ ਗਿਆ ਹੈ।

# ਸ਼ਤਰਮੁਰਗ ਸਬੰਧੀ ਹੈਰਾਨ ਕਰਨ ਵਾਲੇ ਰਿਕਾਰਡ



**ਲੇਖਕ : ਸੰਜੀਵ ਸਿੰਘ ਡਵਵਾਲ**
**ਮੋਬਾਈਲ : 94175-50741.**

ਅੱਜ ਅਸੀਂ ਪੰਛੀ ਜਗਤ ਦੇ ਅਜਿਹੇ ਜੀਵਾਂ ਬਾਰੇ ਚਰਚਾ ਕਰਾਂਗੇ, ਜਿਨ੍ਹਾਂ ਦੇ ਸਰੀਰ ਵੀ ਰਿਕਾਰਡ ਹਨ। ਇਨ੍ਹਾਂ ਵਿਚ ਇਕ ਅਜਿਹਾ ਪੰਛੀ ਹੈ ਜੋ ਉੱਡ ਨਹੀਂ ਸਕਦਾ ਅਤੇ ਦੂਜਾ ਅਜਿਹਾ ਪੰਛੀ ਹੈ, ਜੋ ਜ਼ਿਆਦਾ ਸਮਾਂ ਆਕਾਸ਼ ਵਿਚ ਉੱਡਦਾ ਹੀ ਰਹਿੰਦਾ ਹੈ ਅਤੇ ਉਡਦੇ ਸਮੇਂ ਇਸ ਦੇ ਖੰਭ, ਏਨੀ ਚੌੜਾਈ ਤੱਕ ਫੈਲਦੇ ਹਨ ਜੋ ਇਕ ਰਿਕਾਰਡ ਹੈ। ਸਾਡਾ ਪਹਿਲਾ ਪੰਛੀ ਹੈ ਸ਼ਤਰਮੁਰਗ ਅਤੇ ਦੂਜਾ ਹੈ ਐਲਬੈਟਰੌਸ।

ਸ਼ਤਰਮੁਰਗ ਸਾਰੇ ਪੰਛੀਆਂ ਵਿਚੋਂ ਵੱਡਾ ਅਤੇ ਭਾਰੀ ਹੈ। ਇਸ ਦਾ ਸਰੀਰ ਵੀ ਉਡਣ ਵਾਲੇ ਪੰਛੀਆਂ ਦੀ ਤਰ੍ਹਾਂ ਧਾਰਾ-ਰੇਖੀ ਨਹੀਂ ਹੁੰਦਾ ਕਿਉਂਕਿ ਇਸ ਨੇ ਹਵਾ ਵਿਚ ਉੱਡਣਾ ਨਹੀਂ ਹੁੰਦਾ। ਇਸ ਦੇ ਪੈਰਾਂ ਦੀਆਂ ਸਿਰਫ਼ ਦੋ-ਦੋ ਉਂਗਲੀਆਂ ਹੁੰਦੀਆਂ ਹਨ, ਜਦਕਿ ਬਾਕੀ ਪੰਛੀਆਂ ਦੇ ਪੰਜੇ ਵਿਚ ਚਾਰ-ਚਾਰ ਉਂਗਲਾਂ ਹੁੰਦੀਆਂ ਹਨ। ਸ਼ਤਰਮੁਰਗ ਦੀ ਉਚਾਈ ਤਿੰਨ ਮੀਟਰ ਤੱਕ ਹੁੰਦੀ ਹੈ। ਇਹ ਮੁੱਖ ਤੌਰ 'ਤੇ ਅਫਰੀਕਾ ਦੇ ਸਵਾਨਾ ਘਾਹ ਦੇ ਜੰਗਲਾਂ ਅਤੇ ਮੈਦਾਨਾਂ ਦਾ ਪੰਛੀ ਹੈ।

ਇਸ ਦੇ ਭੋਜਨ ਵਿਚ ਪੌਦੇ, ਪੌਦਿਆਂ ਦੇ ਉਤਪਾਦ, ਕੀਟ-ਪਤੰਗੇ, ਕੀੜੇ ਆਦਿ ਹੁੰਦੇ ਹਨ। ਇਸ ਦੀ ਚੁੰਝ ਹੁੰਦੀ ਹੈ ਪਰ ਦੰਦ ਨਹੀਂ ਹੁੰਦੇ। ਇਹ ਆਪਣੇ ਭੋਜਨ ਦੇ ਨਾਲ ਛੋਟੇ-ਛੋਟੇ ਕੰਕਰ-ਪੱਥਰ ਵੀ ਨਿਗਲ ਲੈਂਦਾ ਹੈ, ਜੋ ਇਸ ਦੇ ਭੋਜਨ ਨੂੰ ਭੋਜਨ ਨਲੀ ਵਿਚ ਹਜ਼ਮ ਕਰਨ ਵਿਚ ਸਹਾਇਤਾ ਕਰਦੇ ਹਨ। ਇਹ ਵੀ ਊਠ ਦੀ ਤਰ੍ਹਾਂ ਕਈ ਦਿਨ ਬਿਨਾਂ ਭੋਜਨ ਖਾਣੀ ਤੋਂ ਰਹਿ ਸਕਦਾ ਹੈ। ਇਸ ਦੀ ਲੰਬੀ ਗਰਦਨ ਅਤੇ ਵੱਡੀਆਂ ਅੱਖਾਂ ਹੁੰਦੀਆਂ ਹਨ ਜੋ ਉੱਚੇ ਘਾਹ ਤੋਂ ਵੀ ਉੱਪਰ ਹੋ ਕੇ ਦੂਰ ਤੱਕ ਦੇਖ ਸਕਦੀਆਂ ਹਨ। ਸ਼ਤਰਮੁਰਗ ਦਾ ਅੰਡਾ ਵੀ ਰਿਕਾਰਡ ਵੱਡਾ ਹੁੰਦਾ ਹੈ, ਇਸ ਦਾ ਇਕ ਅੰਡਾ ਡੇਢ ਕਿਲੋਗ੍ਰਾਮ ਦਾ ਹੁੰਦਾ ਹੈ ਜੋ ਕਿ ਮੁਰਗੀ ਦੇ ਦੋ ਦਰਜਨ ਅੰਡਿਆਂ ਦੇ ਬਰਾਬਰ ਹੁੰਦਾ ਹੈ।

ਦੂਜਾ ਰਿਕਾਰਡ ਪੰਛੀ ਹੈ ਐਲਬੈਟਰੋਸ ਜੋ ਕਿ ਅਕਸਰ ਸਮੁੰਦਰ ਦੇ ਉੱਪਰ ਉੱਡਣ ਵਾਲਾ ਸਭ ਤੋਂ ਵੱਡਾ ਪੰਛੀ ਹੈ। ਇਸ ਦੇ ਨਾਂਅ ਐਲਬੈਟਰੋਸ ਦਾ ਅੰਗਰੇਜ਼ੀ ਵਿਚ ਅਰਥ ਹੁੰਦਾ ਹੈ ਬੇਲੋੜਾ ਭਾਰ ਜਦ ਇਹ ਸਮੁੰਦਰ ਉੱਪਰ ਉੱਡਦਾ ਹੈ ਤਾਂ ਇਸ ਦੇ ਖੰਭ ਤਿੰਨ ਮੀਟਰ ਪੈਂਤੀ ਸੈਂਟੀਮੀਟਰ ਤੱਕ ਫੈਲੇ ਹੁੰਦੇ ਹਨ।

ਇਹ ਜ਼ਿਆਦਾ ਸਮਾਂ ਧਰਤੀ ਦੇ ਦੱਖਣੀ ਸਮੁੰਦਰਾਂ ਉੱਪਰ ਉੱਡਦਿਆਂ ਗੁਜ਼ਾਰਦਾ ਹੈ ਅਤੇ ਸਮੁੰਦਰੀ ਛੋਟੀਆਂ ਮੱਛੀਆਂ ਕਰਿੱਲ ਅਤੇ ਸਮੁੰਦਰੀ ਜਹਾਜ਼ਾਂ ਦੇ ਕਚਰੇ ਤੋਂ ਭੋਜਨ ਪ੍ਰਾਪਤ ਕਰਦਾ ਹੈ। ਇਹ ਧਰਤੀ 'ਤੇ ਕੇਵਲ ਪ੍ਰਜਣਨ ਲਈ ਹੀ ਉਤਰਦੇ ਹਨ। ਅਜਿਹਾ 5-6 ਸਾਲਾਂ ਬਾਅਦ ਹੀ ਕਰਦੇ ਹਨ। ਮਾਦਾ ਇਕ ਜਾਂ ਦੋ ਸਾਲਾਂ ਬਾਅਦ ਇਕ ਅੰਡਾ ਦਿੰਦੀ ਹੈ। ਨਰ ਅਤੇ ਮਾਦਾ ਪਤੀ-ਪਤਨੀ ਦੀ ਤਰ੍ਹਾਂ ਰਹਿੰਦੇ ਹਨ। ਇਹ ਇਕ-ਦੂਜੇ ਪ੍ਰਤੀ ਬਹੁਤ ਵਫ਼ਾਦਾਰ ਹੁੰਦੇ ਹਨ। ਇਕ ਸਾਥੀ ਦੀ ਮੌਤ ਤੇ ਦੂਜਾ ਪੰਛੀ ਕਿਸੇ ਹੋਰ ਪੰਛੀ ਨਾਲ ਨਹੀਂ ਰਹਿੰਦਾ ਅਤੇ ਇਕੱਲਾ ਹੀ ਜੀਵਨ ਗੁਜ਼ਾਰ ਦਿੰਦਾ ਹੈ।


## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| P | U | D | S | R | V | T | O | S | C |
| E | L | D | E | A | E | K | E | M | H |
| O | E | R | P | H | S | C | V | B | O |
| C | B | R | T | R | T | A | O | E | O |
| T | O | E | E | A | I | B | N | R | L |
| R | S | B | M | N | N | F | A | L | L |
| U | E | A | S | O | E | L | G | N | I |
| B | H | A | L | L | A | V | E | S | C |
| B | S | T | O | O | W | E | E | N | O |
| E | R | B | O | E | Z | A | M | N | R |

Find all the words from the word list:

BACK TO SCHOOL OCTOBER
CORN MAZE PUDDLE
FALLING LEAVES RAIN
HALLOWEEN RUBBER BOOTS
HARVEST SEASON
NOVEMBER SEPTEMBER


## ਬਿੰਦੂ ਮਿਲਾਓ



## ਰਸਤਾ ਲੱਭੋ



## ਪਹੇਲੀ ਹੱਲ ਕਰੋ



ਲੇਖਕ : ਡਾ. ਗੁਰਬਖ਼ਸ਼ ਸਿੰਘ ਭੰਡਾਲ
ਸੰਪਰਕ: 216-556-2080

# ਚੱਲ ਮੀਆਂ! ਬੰਦੇ ਨੂੰ ਲੱਭੀਏ



ਅੱਜਕੱਲ੍ਹ ਬੰਦਾ ਗਵਾਚ ਗਿਆ ਹੈ। ਕਿਧਰੇ ਨਹੀਂ ਥਿਆਉਂਦਾ। ਪਤਾ ਨਹੀਂ ਕਿਹੜੇ ਖੂਹ-ਖਾਤੇ 'ਚ ਡਿੱਗ ਪਿਆ ਜਾਂ ਕਿਸੇ ਜੰਗਲ ਬੇਲੀਂ ਖ਼ੁਦ ਨੂੰ ਤਲਾਸ਼ਦਾ, ਬੌਂਦਲਿਆ ਫਿਰਦਾ ਹੈ। ਬੜੀ ਕੋਸ਼ਿਸ਼ ਕਰਦਾ ਹਾਂ ਕਿ ਕੋਈ ਤਾਂ ਬੰਦਾ ਮਿਲੇ ਜਿਸ ਨਾਲ ਬੰਦਿਆਂ ਵਰਗੀ ਗੁਫ਼ਤਗੂ ਕਰੀਏ। ਬੰਦਿਆਈ ਦੀਆਂ ਬਾਤਾਂ ਪਾਈਏ। ਪਤਾ ਕਰੀਏ ਕਿ ਉਸ ਦੇ ਅੰਦਰ ਕੀ ਚੱਲ ਰਿਹਾ ਹੈ ਅਤੇ ਉਹ ਕਿਹੜੀਆਂ ਗਿਣਤੀਆਂ ਮਿਣਤੀਆਂ ਵਿੱਚ ਉਲਝਿਆ, ਭੁੱਲ-ਭੁਲਈਆਂ ਦਾ ਸ਼ਿਕਾਰ ਏ? ਕੀ ਬੰਦੇ ਨੂੰ ਇਹ ਵੀ ਪਤਾ ਹੈ ਕਿ ਉਹ ਸੱਚੀਂ ਗਵਾਚ ਚੁੱਕਾ ਹੈ ਅਤੇ ਉਸ ਦੀ ਗੁੰਮਸ਼ੁਦਗੀ ਦਾ ਚਾਰੇ ਪਾਸੇ ਢੰਡੋਰਾ ਹੈ? ਪਰ ਇਹ ਢੰਡੋਰਾ ਕੁਝ ਕੁ ਵਿਰਲਿਆਂ ਨੂੰ ਹੀ ਸੁਣਾਈ ਦਿੰਦਾ ਹੈ।

ਸਾਡੇ ਸਮਿਆਂ ਦਾ ਇਹ ਕਿਸ ਤਰ੍ਹਾਂ ਦਾ ਵਿਕਰਾਲ ਰੂਪ ਹੈ ਕਿ ਬੰਦਾ ਹੀ ਬੰਦੇ ਵਿੱਚੋਂ ਗੁੰਮ ਜਾਵੇ। ਇਕੱਲਾ ਬੰਦਾ ਨਹੀਂ ਗਵਾਚਦਾ, ਉਸ ਨਾਲ ਬਹੁਤ ਕੁਝ ਬੀਤੇ ਦਾ ਹਿੱਸਾ ਬਣ ਕੇ ਦਫ਼ਨ ਹੋ ਜਾਂਦਾ ਹੈ। ਫਿਰ ਦਫ਼ਨ ਹੋਇਆਂ ਨੂੰ ਕਿਹਨੇ ਭਾਲਣਾ ਜੇਕਰ ਅਸੀਂ ਜਿਉਂਦੇ ਜੀਅ ਹੀ ਗਵਾਚੇ ਬੰਦੇ ਦੀ ਭਾਲ ਨਾ ਕਰ ਸਕੇ? ਕਦੇ ਆਲੇ-ਦੁਆਲੇ ਨਜ਼ਰ ਮਾਰਨਾ। ਦੱਸਣਾ ਕਿ ਅਜੋਕੇ ਸੰਸਾਰਕ ਵਰਤਾਰਿਆਂ ਵਿੱਚ ਤੁਹਾਨੂੰ ਬੰਦਾ ਦਿਖਾਈ ਦਿੰਦਾ ਹੈ? ਭਾਵੇਂ ਇਹ ਪਰਿਵਾਰਕ ਜੀਵਨ ਵਿੱਚ ਦਰਪੇਸ਼ ਮੁਸ਼ਕਲਾਂ ਤੇ ਔਕੜਾਂ ਅਤੇ ਇਨ੍ਹਾਂ ਨੂੰ ਸੁਹਜਮਈ ਤਰੀਕੇ ਨਾਲ ਨਜਿੱਠਣਾ ਹੋਵੇ, ਆਪਣੇ ਕਿੱਤੇ ਵਿੱਚ ਆਪਣੀ ਕੀਰਤੀ ਅਤੇ ਨੀਅਤ ਵਿੱਚ ਸੰਤੁਲਨ ਬਣਾਉਣਾ ਹੋਵੇ, ਆਪਣੇ ਈਮਾਨ ਨੂੰ ਈਮਾਨਦਾਰੀ ਦੀ ਤੱਕੜੀ ਵਿੱਚ ਤੋਲਣਾ ਹੋਵੇ, ਆਪਣੇ ਆਪ ਨੂੰ ਆਪਣੇ ਬਿੰਬ ਦੇ ਹਾਣ ਦਾ ਕਰਨਾ ਹੋਵੇ, ਆਪਣੇ ਸਫ਼ਰ ਨੂੰ ਸਿਰਨਾਵੇਂ ਦੀ ਸੇਧ ਅਨੁਸਾਰ ਸਿਰਜਣਾ ਹੋਵੇ ਜਾਂ ਸਬੰਧਾਂ ਵਿਚਲੀ ਪਾਕੀਜ਼ਗੀ ਅਤੇ ਪਲੀਤੀ ਵਿਚਲੇ ਫ਼ਰਕ ਨੂੰ ਸਮਝਣਾ ਹੋਵੇ? ਜ਼ਿੰਦਗੀ ਦੇ ਕਿਸੇ ਵੀ ਰੰਗ ਨੂੰ ਦੇਖਣਾ ਭਾਵੇਂ ਇਹ ਸੰਦਲੀ ਸਮਿਆਂ ਦਾ ਦਸਤਾਵੇਜ਼ੀ ਵਰਣਨ ਹੋਵੇ, ਪੱਤਝੜਾਂ ਨੂੰ ਪਿੰਡੇ 'ਤੇ ਹੰਢਾਉਣ ਦੀ ਦਾਸਤਾਨ ਹੋਵੇ, ਪਿਆਰ-ਮੁਹੱਬਤ ਜਾਂ ਨਫ਼ਰਤ ਦੀਆਂ ਕਲਮਾਂ ਲਾਉਣੀਆਂ ਹੋਣ। ਕਿਸੇ ਧਰਤ ਦੇ ਨਾਵੇਂ ਫ਼ਸਲਾਂ ਦੇ ਬੋਹਲ ਕਰਨੇ ਹੋਣ ਜਾਂ ਖੇਤਾਂ ਵਿੱਚ ਖ਼ੁਦਕੁਸ਼ੀਆਂ ਉਗਾਉਣੀਆਂ ਹੋਣ, ਤੁਹਾਨੂੰ ਬੰਦਾ ਨਹੀਂ ਸਗੋਂ ਬਹਿਰੂਪੀਆ ਨਜ਼ਰ ਆਵੇਗਾ। ਅੱਜਕੱਲ੍ਹ ਬੰਦਾ ਨਹੀਂ ਸਗੋਂ ਬੰਦੇ ਦਾ ਰੋਬੋਟੀ ਰੂਪ ਹਰ ਥਾਂ ਅਤੇ ਗਰਾਂ ਹਾਜ਼ਰ-ਨਾਜ਼ਰ ਹੈ। ਭਲਾਂ! ਰੋਬੋਟ ਵਿੱਚੋਂ ਤੁਸੀਂ ਮਨੁੱਖੀ ਭਾਵਨਾਵਾਂ ਦਾ ਅਹਿਸਾਸ ਕਿਵੇਂ ਮਹਿਸੂਸ ਕਰ ਸਕਦੇ ਹੋ? ਮਨੁੱਖ ਨੂੰ ਮਨੁੱਖ ਸਮਝ ਕੇ ਉਸ ਦੀਆਂ ਤਮੰਨਾਵਾਂ ਅਤੇ ਤਰਜ਼ੀਹਾਂ ਦਾ ਅਦਬ ਕਰਨਾ ਅਤੇ ਆਪਣੇ ਵਰਤਾਰੇ ਨਾਲ ਕਿਸੇ ਨੂੰ ਮਾਨਸਿਕ ਚੋਟ ਤੋਂ ਬਚਾਈ ਰੱਖਣ ਵਾਲੇ ਬੰਦੇ ਤਾਂ ਕਿਧਰੇ ਵੀ ਨਹੀਂ ਲੱਭਦੇ? ਜਦ ਸਾਡੇ ਅਦਾਰਿਆਂ 'ਤੇ ਕਲੋਨਜ਼ ਕਾਬਜ਼ ਹੋ ਜਾਂਦੇ ਹਨ ਤਾਂ ਬੰਦੇ ਦਾ ਗਾਇਬ ਹੋ ਜਾਣਾ ਨਿਸ਼ਚਿਤ ਹੈ। ਕਲੋਨਜ਼ ਨੂੰ ਕਿਸੇ ਖ਼ਾਸ ਮਕਸਦ ਲਈ ਇੱਕ ਵੱਖਰੇ ਰੂਪ ਵਿੱਚ ਪ੍ਰੋਗਰਾਮ ਕੀਤਾ ਜਾਂਦਾ ਹੈ। ਇਹੀ ਪ੍ਰੋਗਰਾਮਿੰਗ ਮਨੁੱਖਤਾ ਦੇ ਨਾਸ਼ ਦਾ ਸਬੱਬ ਜ਼ਰੂਰ ਸਿਰਜੇਗੀ। ਇਹ ਕਲੋਨਜ਼ ਅੱਜਕੱਲ੍ਹ ਸਾਡੇ ਜੀਵਨ ਦੇ ਹਰ ਪਲ ਨੂੰ ਵਿਨਾਸ਼ ਵੱਲ ਲਿਜਾ ਰਹੇ ਹਨ। ਜਦੋਂ ਬੰਦਾ ਕਿਸੇ ਵਿਅਕਤੀ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤਣਾ ਸ਼ੁਰੂ ਕਰ ਦੇਵੇ, ਕਿਸੇ ਨੂੰ ਵਿਸਾਖੀਆਂ ਬਣਾ ਕੇ ਟੀਸੀ 'ਤੇ ਪਹੁੰਚਣ ਦਾ ਹੀਲਾ ਕਰੇ, ਆਪਣੇ ਮਹਿਲ-ਮੁਨਾਰਿਆਂ ਲਈ ਕਿਸੇ ਦੀ ਕੁੱਲੀ ਦੇ ਕੱਖ ਵੀ ਉਡਾ ਦੇਵੇ, ਆਪਣੇ ਖੇਤਾਂ ਨੂੰ ਫਾਰਮ ਬਣਾਉਣ ਲਈ ਕਿਸੇ ਗ਼ਰੀਬ ਜੱਟ ਦੀਆਂ ਵੱਟਾਂ ਵੀ ਵਾਹ ਲਵੇ ਜਾਂ ਮਾਇਕ ਮੁਫ਼ਾਦ ਲਈ ਉਹ ਆਪਣੇ ਗੁਆਂਢੀਆਂ ਦੇ ਬੱਚਿਆਂ ਨੂੰ ਨਸ਼ਿਆਂ 'ਤੇ ਲਾਵੇ ਅਤੇ ਫਿਰ ਉਸ ਦੀ ਸਮੁੱਚੀ ਜਾਇਦਾਦ ਨੂੰ ਹਥਿਆਉਣ ਦਾ ਕੋਝਾ ਯਤਨ ਕਰੇ ਤਾਂ ਬੰਦੇ ਦੇ ਗਵਾਚਣ ਦੀ ਸ਼ਾਹਦੀ ਭਰਨ ਦੀ ਵੀ ਲੋੜ ਨਹੀਂ ਰਹਿੰਦੀ। ਇਹ ਬੰਦੇ ਦੇ ਗੁੰਮ ਹੋਣ ਦਾ ਕੇਹਾ ਆਲਮ ਕਿ ਬੰਦਾ ਖ਼ੁਦ ਹੀ ਵਿਕਾਊ ਹੋ ਗਿਆ। ਜਦ ਬੰਦਾ ਵਿਕਣ ਲੱਗ ਪਵੇ ਤਾਂ ਉਸ ਦੀ ਮੰਡੀ ਲੱਗਦੀ ਹੈ। ਫਿਰ ਇਹ ਵਪਾਰੀ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਇਸ ਨੂੰ ਕਿੰਨਾ ਜ਼ਲੀਲ ਕਰਕੇ ਆਪਣੇ ਮਨਮਰਜ਼ੀ ਦੇ ਭਾਅ ਖ਼ਰੀਦਣਾ ਹੈ। ਖ਼ਰੀਦੇ ਹੋਏ ਬੰਦੇ ਗੁਲਾਮ ਤਾਂ ਹੋ ਸਕਦੇ ਪਰ ਇਹ ਬੰਦੇ ਨਹੀਂ ਹੁੰਦੇ। ਬੰਦਾ ਗਵਾਚਦਾ ਤਾਂ ਨੈਤਿਕਤਾ ਗੁੰਮ ਹੋ ਜਾਂਦੀ ਹੈ। ਕਦਰਾਂ-ਕੀਮਤਾਂ ਸੂਲੀ 'ਤੇ ਲਟਕਾਈਆਂ ਜਾਂਦੀਆਂ ਹਨ। ਸਬੰਧਾਂ ਵਿਚਲੀ ਪ੍ਰਪੱਕਤਾ ਅਤੇ ਪਾਕੀਜ਼ਗੀ ਗੰਧਲੀ ਹੁੰਦੀ ਹੈ। ਫਿਰ ਰਿਸ਼ਤਿਆਂ ਵਿੱਚ ਤਰੇੜਾਂ ਉੱਗਦੀਆਂ ਹਨ, ਆਪਸੀ ਮੁਹੱਬਤ ਵਿੱਚ ਵਿੱਥਾਂ ਪੈਦਾ ਹੋ ਜਾਂਦੀਆਂ ਹਨ। ਇਹ ਵਿੱਥਾਂ ਹੀ ਹੁੰਦੀਆਂ ਹਨ ਜੋ ਨੇੜੇ ਹੁੰਦਿਆਂ ਵੀ ਸੱਤ ਸਮੁੰਦਰਾਂ ਦੀ ਦੂਰੀ ਉਪਜਾਉਂਦੀਆਂ ਹਨ।

ਬੰਦੇ 'ਚੋਂ ਬੰਦਾ ਕਿੰਝ ਭਾਲਾਂ
ਬੰਦਿਆਂ ਦੇ ਰੂਪ ਹਜ਼ਾਰਾਂ।

ਕੁਝ ਉੱਜੜੀਆਂ ਬਸਤੀਆਂ ਵਰਗੇ
ਕੁਝ ਮਹਿਕਦੀਆਂ ਗੁਲਜ਼ਾਰਾਂ।

ਬੰਦਾ, ਬੰਦੇ ਦਾ ਦੋਖੀ ਵੀ ਏ
ਤੇ ਬੰਦਾ, ਬੰਦੇ ਦਾ ਦਾਰੂ

ਬੰਦਾ, ਬੰਦੇ ਲਈ ਕਬਰ ਵੀ ਪੁੱਟੇ
ਤੇ ਬੰਦਾ, ਡਿੱਗੇ ਲਈ ਠਾਹਰਾਂ।

ਬੰਦਾ, ਬੰਦੇ ਲਈ ਬਰਖ਼ੁਰਦਾਰੀ
ਤੇ ਬੰਦਾ ਬਦਤਮੀਜ਼ੀ

ਪਰ ਬੰਦੇ ਦੀ ਭਲਿਆਈ ਉਤੋਂ
ਮੈਂ ਲੱਖ ਬਹਿਸ਼ਤਾਂ ਵਾਰਾਂ।

ਬੰਦਾ ਆਪਣਾ ਤੇ ਬੰਦਾ ਬਿਗਾਨਾ
ਕੁਝ ਪਿੰਡੇ ਦੀ ਲੋਈ

ਬੰਦੇ, ਬੰਦੇ 'ਚ ਫ਼ਰਕ ਹੈ ਹੁੰਦਾ
ਤੇ ਕੁਝ ਬਣਦੈ ਦਸਤਾਰਾਂ।

ਬੰਦੇ ਦੀ ਫ਼ਿਤਰਤ ਬੰਦਿਆਂ ਵਿੱਚੋਂ
ਰੂਪ ਵਟਾਵੇ ਲੱਖਾਂ

ਪਰ ਬੰਦਿਆਈ ਨਾ ਕਿਧਰੇ ਦਿੱਸਦੀ
ਨਾ ਗ਼ੈਰਾਂ ਨਾ ਯਾਰਾਂ।

ਬੰਦਾ, ਬੰਦੇ ਦੇ ਚਾਅ ਚੁਰਾਏ
ਤੇ ਸੁਪਨ-ਸੋਚ ਨੂੰ ਨੋਚੇ

ਕੋਈ ਨਾ ਸੱਖਣੀ ਤਲੀ ਟਿਕਾਏ
ਸੱਜਣਾਂ ਜਿਹੀਆਂ ਬਹਾਰਾਂ।

ਇੱਕ ਬੰਦਾ ਸਿਰਨਾਵਾਂ ਖੋਹਵੇ
ਤੇ ਦੂਸਰਾ ਸਫ਼ਰ ਚੁਰਾਵੇ

'ਕੱਲਾ ਜੀਅ ਬਲਾਵੀਂ ਘਿਰਿਆ
ਕਿੰਝ ਸਭ ਨੂੰ ਛਿੱਕਾਰਾਂ।

ਬੰਦਿਆਂ ਬਾਝੋਂ ਘੁੱਪ ਹਨੇਰਾ
ਤੇ ਦਰਗਾਹੇ ਬੁੱਝਿਆ ਦੀਵਾ

ਕੋਈ ਨਾ ਸੁੰਨੇ ਬਨੇਰਿਆਂ ਉਤੇ
ਧਰੇ ਚਿਰਾਗਾਂ ਦੀਆਂ ਡਾਰਾਂ।

ਕੁਝ ਕੁ ਅੰਦਰਲਾ ਬੰਦਾ ਲੱਭ ਕੇ
ਮਿੱਥਦੇ ਖ਼ੁਦ ਤਰਜ਼ੀਹਾਂ

ਤਾਂ ਹੀ ਉਨ੍ਹਾਂ ਦੇ ਅੰਬਰ ਲਿਸ਼ਕਣ
ਸੂਰਜ ਚੰਨ ਹਜ਼ਾਰਾਂ।

ਅੰਦਰਲੇ ਬੰਦੇ ਦਾ ਕੋਰਾ ਵਰਕਾ
ਸ਼ਬਦ ਸ਼ਬਦ ਜਦ ਹੋਵੇ

ਤਾਂ ਬਹਿ ਖ਼ੁਦ ਦੀ ਬੁੱਕਲੇ
ਲਿਖਦਾ ਰੂਹ-ਪੁਕਾਰਾਂ।

ਆਪਣੇ ਪੈਰੀਂ ਸਫ਼ਰ ਉਗਾਉਣਾ
ਬੰਦਿਆਂ ਦੀ ਦਿਲਦਾਰੀ

ਕਿਸੇ ਦੀ ਆਸ ਤੇ ਚਾਨਣ-ਲੋਚਾ
ਬੰਦੇ ਲਈ ਦੁਰਕਾਰਾਂ।

ਇੰਜ ਸੀ ਹੋਇਆ, ਉਂਝ ਸੀ ਹੋਣਾ
ਲੋਕਾਂ ਨੇ ਤਾਂ ਕਹਿਣਾ

ਜੋ ਹੋਇਆ ਇਹ ਆਪ ਹੀ ਕੀਤਾ
ਬੰਦੇ ਦੀਆਂ ਵਿਚਾਰਾਂ।

ਬੰਦੇ ਤਾਂ ਆਮ ਹੀ ਮਿਲਦੇ ਹਨ ਪਰ ਬੰਦੇ ਦੇ ਅੰਦਰ ਵੱਸਦਾ ਬੰਦਾ ਬਹੁਤ ਹੀ ਵਿਰਲਿਆਂ ਨੂੰ ਥਿਆਉਂਦਾ ਹੈ ਕਿਉਂਕਿ ਅਸੀਂ ਆਪਣੇ ਅੰਦਰ ਵੱਸਦੇ ਬੰਦੇ ਨੂੰ ਬੰਦਾ ਹੀ ਨਹੀਂ ਸਮਝਦੇ। ਜਦ ਬੰਦੇ 'ਚੋਂ ਬੰਦਾ ਗੁੰਮਦਾ ਹੈ ਤਾਂ ਬਹੁਤ ਕੁਝ ਅਣਕਿਆਸਿਆ ਅਤੇ ਅਣਹੋਇਆ ਵਾਪਰਦਾ ਹੈ। ਇਹ ਬੰਦੇ ਦੇ ਗਵਾਚਣ ਦਾ ਹੀ ਆਲਮ ਹੈ ਕਿ ਸੰਸਾਰ ਕਤਲੋ-ਗਾਰਤ ਦੀ ਧਰਾਤਲ ਬਣ ਗਿਆ ਹੈ। ਨਫ਼ਰਤ ਨੇ ਸਾਨੂੰ, ਸਾਡੇ ਘਰ-ਪਰਿਵਾਰ ਅਤੇ ਸਮਾਜ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। ਧਰਮ ਨੇ ਪਿਆਰ ਸਿਖਾਉਣਾ ਸੀ ਪਰ ਧਾਰਮਿਕ ਆਗੂਆਂ ਵਿੱਚੋਂ ਵੀ ਬੰਦਾ ਗ਼ੈਰਹਾਜ਼ਰ ਹੋ ਜਾਵੇ ਤਾਂ ਧਰਮ ਦੇ ਨਾਮ 'ਤੇ ਜਾਤਾਂ ਸਿਰਜੀਆਂ ਜਾਂਦੀਆਂ ਹਨ। ਆਪਣੇ ਧਰਮ ਨੂੰ ਉੱਚਾ ਤੇ ਵੱਡਾ ਸਿੱਧ ਕਰਨ ਲਈ ਦੂਸਰੇ ਧਰਮ ਨੂੰ ਨਿੰਦਿਆ ਜਾਂਦਾ ਹੈ। ਇਹ ਕੇਹੀ ਅਵੱਗਿਆ ਕਿ ਹੁਣ ਤਾਂ ਮਨੁੱਖ, ਕਿਸੇ ਹੋਰ ਧਰਮ ਦੇ ਧਾਰਮਿਕ ਅਸਥਾਨ ਦੇ ਮਲਬੇ 'ਤੇ ਆਪਣਾ ਧਾਰਮਿਕ ਅਸਥਾਨ ਬਣਾ ਕੇ, ਆਪਣੇ ਧਰਮ ਦਾ ਝੰਡਾ ਬੁਲੰਦ ਕਰਨ ਦੀ ਕੋਝੀ ਹਰਕਤ ਨੂੰ ਆਪਣਾ ਸਨਮਾਨ ਸਮਝਣ ਲੱਗ ਗਿਆ।

ਬੰਦਾ ਸਿਰਫ਼ ਬਾਹਰੀ ਰੂਪ ਵਿੱਚ ਹੀ ਨਹੀਂ ਗੁੰਮਿਆ ਸਗੋਂ ਬੰਦੇ ਅੰਦਰੋਂ ਗੁੰਮ ਗਏ ਬੰਦੇ ਕਾਰਨ ਹੀ ਮਨੁੱਖੀ ਮਨ ਵਿੱਚ ਕਰੂਰਤਾ ਪੈਦਾ ਹੁੰਦੀ ਹੈ। ਜਦ ਉਹ ਨਿੱਕੀਆਂ ਨਿੱਕੀਆਂ ਬੱਚੀਆਂ ਦੀ ਪੱਤ ਲੁੱਟਦਾ ਹੈ ਤਾਂ ਕਦਰਾਂ-ਕੀਮਤਾਂ ਤਾਰ ਤਾਰ ਹੁੰਦੀਆਂ ਹਨ। ਸਮਾਜਿਕ ਤੰਦਾਂ ਦੀ ਕੋਮਲਤਾ ਨੂੰ ਆਪਣੀ ਧੌਂਸ ਨਾਲ ਮਿੱਧਣ ਲਈ ਬੰਦਾ ਹੀ ਕਸੂਰਵਾਰ ਹੈ? ਨਹੀਂ! ਇਹ ਬੰਦੇ ਦੇ ਅੰਦਰੋਂ ਗ਼ੈਰਹਾਜ਼ਰ ਹੋਏ ਬੰਦੇ ਦੀ ਗਵਾਹੀ ਹੈ।

ਬੰਦੇ ਦੀ ਗੁੰਮਸ਼ੁਦਗੀ ਕਾਰਨ ਹੀ ਅਸੀਂ ਕੁਦਰਤ ਦੀ ਬੇਰਹਿਮਤੀ ਕਰਨ, ਕੁਦਰਤੀ ਦਾਤਾਂ ਦੀ ਬੇਥਵੀ ਅਤੇ ਬੇਲੋੜੀ ਵਰਤੋਂ, ਇਸ ਦੇ ਪਲੀਤਪੁਣੇ ਅਤੇ ਤਬਾਹੀ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਹਾਂ। ਇਹ ਬੰਦੇ ਦੀ ਸੋਚੀ ਵਿਚਲਾ ਵਿਗਾੜ ਹੀ ਹੈ ਕਿ ਗ਼ੈਰਹਾਜ਼ਰ ਵਿਅਕਤੀ ਕੁਦਰਤ ਤੋਂ ਦੂਰ ਜਾਂਦਾ ਸਿਰਫ਼ ਆਪਣੀ ਕਬਰ ਦੀ ਖ਼ੁਦਾਈ ਹੀ ਕਰ ਰਿਹਾ ਹੈ। ਜਿੰਨਾ ਚਿਰ ਬੰਦੇ ਵਿੱਚ ਬੰਦਾ ਵੱਸਦਾ ਸੀ, ਉਹ ਸੀਮਤ ਸਾਧਨਾਂ ਨਾਲ ਸੁਖਨ ਅਤੇ ਸਹਿਜ ਦਾ ਸਿਰਨਾਵਾਂ ਸੀ। ਉਸ ਦੇ ਮਨ ਵਿੱਚ ਕਦੇ ਖ਼ੁਦਕੁਸ਼ੀ ਦਾ ਵਿਚਾਰ ਨਹੀਂ ਸੀ ਆਇਆ ਕਿਉਂਕਿ ਉਹ ਕੁਦਰਤ ਦੀ ਆਗਿਆ ਦਾ ਪਾਲਣ ਕਰਦਾ, ਆਪਣੀ ਜੀਵਨ-ਜਾਚ ਨੂੰ ਬਦਲਦੇ ਹਾਲਾਤ ਅਤੇ ਲੋੜਾਂ ਅਨੁਸਾਰ ਢਾਲ ਕੇ ਜੀਵਨ ਨੂੰ ਭਰਪੂਰ ਜਿਉਂਦਾ ਸੀ। ਪਰ ਜਦੋਂ ਦਾ ਬੰਦੇ ਵਿੱਚੋਂ ਬੰਦਾ ਗੁੰਮਿਆ ਹੈ ਉਸ ਨੇ ਆਪਣੀਆਂ ਇੱਛਾਵਾਂ ਨੂੰ ਇੰਨਾ ਬੇਲਗਾਮ ਕਰ ਲਿਆ ਕਿ ਉਹ ਬਹੁਤਾਤ ਵਿੱਚੋਂ ਹੀ ਸੁੱਖ ਨੂੰ ਭਾਲਦਾ ਹੈ, ਸਿਰਫ਼ ਦੁੱਖਾਂ ਨਾਲ ਪੀੜਤ ਹੁੰਦਿਆਂ ਆਪਣੇ ਜੀਵਨ ਨੂੰ ਵਿਅਰਥ ਹੀ ਗਵਾ ਦਿੰਦਾ ਹੈ।

ਕੀ ਬੰਦੇ ਵਿੱਚੋਂ ਗੁੰਮ ਹੋਏ ਬੰਦੇ ਕਾਰਨ ਬੰਦਾ ਜ਼ਿਆਦਾ ਸੁਖੀ ਏ? ਕੀ ਉਸ ਨੂੰ ਜੀਵਨ ਦੇ ਸੱਚ ਦੀ ਸਮਝ ਆਈ? ਕੀ ਉਸ ਨੂੰ ਮਹੱਲ ਰੂਪੀ ਘਰ ਵਿੱਚੋਂ ਉਹ ਸਕੂਨ ਮਿਲਿਆ ਜਿਹੜਾ ਉਸ ਨੂੰ ਪਿੰਡ ਦੇ ਨਿੱਕੇ ਜਿਹੇ ਘਰ ਵਿੱਚ ਮਿਲਦਾ ਸੀ। ਹਾਜ਼ਮੇ ਦਾ ਚੂਰਨ ਖਾਣ ਵਾਲੇ, ਨੀਂਦ ਦੀਆਂ ਗੋਲੀਆਂ ਨਾਲ ਸੌਣ ਵਾਲੇ ਅਤੇ ਨਿੱਕੇ ਨਿੱਕੇ ਦਾਇਰਿਆਂ ਵਿੱਚ ਸੁੰਗੜੇ ਹੋਏ ਮਨੁੱਖ ਨੇ ਕਦੇ ਸੋਚਿਆ ਵੀ ਹੈ ਕਿ ਚੁੱਲ੍ਹੇ ਅੱਗੇ ਬੈਠ ਕੇ ਆਪਣੀ ਰੋਟੀ ਦੀ ਉਡੀਕ ਕਰਨਾ, ਫਿਰ ਥਾਲੀ ਵਿੱਚ ਗਰਮ-ਗਰਮ ਫੁਲਕੇ ਅਤੇ ਮਾਂ ਦੇ ਲੱਪ ਨਾਲ ਪਾਏ ਸਾਗ ਨਾਲ ਰੋਟੀ ਖਾਣ ਨਾਲ ਮਿਲਦੀ ਲੱਜ਼ਤ, ਕਦੇ ਸੱਤ-ਸਟਾਰੀ ਹੋਟਲਾਂ ਵਿੱਚ ਖਾਣਾ ਖਾਣ ਸਮੇਂ ਮਿਲੀ ਹੈ?

ਬੰਦੇ ਦਾ ਗੁੰਮ ਹੋਣਾ ਹੀ ਹੈ ਕਿ ਦੁਨੀਆ ਅੱਜ ਅੱਗ ਦੇ ਅੰਬਾਰ 'ਤੇ ਬੈਠੀ ਹੈ। ਪਤਾ ਨਹੀਂ ਕਿਹੜੇ ਵੇਲੇ ਕਿਸ ਨੇ ਪਲੀਤੀ ਲਾ ਦਿੱਤੀ ਤਾਂ ਮਨੁੱਖ ਦੀ ਸਿਰਜੀ ਹੋਈ ਦੁਨਿਆਵੀ ਸਲਤਨਤ ਨੇ ਪਲਾਂ ਵਿੱਚ ਹੀ ਫਨਾਹ ਹੋ ਜਾਣਾ। ਫਿਰ ਮਿੱਟੀ ਵਿੱਚ ਮਿੱਟੀ ਹੋਏ ਮਨੁੱਖ ਨੂੰ ਇਹ ਵੀ ਅਹਿਸਾਸ ਨਹੀਂ ਹੋਣਾ ਕਿ ਇੰਜ ਕਿਉਂ ਹੋਇਆ ਕਿਉਂਕਿ ਮਨੁੱਖ ਨੇ ਤਾਂ ਆਪ ਵੀ ਨਹੀਂ ਬਚਣਾ। ਇਹ ਜੰਗਾਂ, ਨਫ਼ਰਤੀ ਅੱਗਾਂ, ਲਹੂ ਭਿੱਜੀਆਂ ਤਲਵਾਰਾਂ ਤੇ ਤ੍ਰਿਸ਼ੂਲਾਂ ਨੂੰ ਲਿਸ਼ਕਾਉਣਾ, ਭਗਵੇਂ, ਨੀਲੇ, ਪੀਲੇ ਜਾਂ ਹਰੇ ਰੰਗਾਂ ਨੂੰ ਅਸੀਂ ਕੇਹਾ ਵਰਤਿਆ ਕਿ ਰੰਗਾਂ ਦੀ ਦੁਨੀਆ ਵੀ ਸ਼ਰਮਸਾਰ ਹੋਈ ਗਵਾਚੇ ਬੰਦੇ ਨੂੰ ਲੱਭ ਰਹੀ ਹੈ। ਕੀ ਚਿੱਟੀ ਧੁੱਪ ਵਿੱਚ ਸਮੋਏ ਸੱਤੇ ਰੰਗ ਵੀ ਕਦੇ ਆਪਸ ਵਿੱਚ ਉਲਝੇ ਨੇ ਕਿ ਫਲਾਣੇ ਰੰਗ ਦੀ ਜ਼ਿਆਦਾ ਅਹਿਮੀਅਤ ਅਤੇ ਬਾਕੀਆਂ ਦੀ ਘੱਟ ਹੈ?

ਬੰਦਾ ਜਦ ਘਰ ਵਿੱਚੋਂ ਗੁੰਮ ਹੋ ਜਾਵੇ ਤਾਂ ਘਰ ਵਿੱਚ ਉੱਗੀਆਂ ਕੰਧਾਂ ਫਿਰ ਘਰ ਨੂੰ ਘਰ ਨਹੀਂ ਰਹਿਣ ਦਿੰਦੀਆਂ। ਸਗੋਂ ਇਹ ਨਿੱਕੇ ਨਿੱਕੇ ਖਾਨਿਆਂ ਵਿੱਚ ਵੰਡਿਆ, ਆਪਣੇ ਹਿੱਸੇ ਦੀਆਂ ਹਿਚਕੀਆਂ ਨਾਲ ਹੌਲੀ ਹੌਲੀ ਗਲ਼ ਜਾਂਦਾ ਹੈ। ਤਾਂ ਹੀ ਅਜੋਕੇ ਘਰ, ਘਰ ਨਹੀਂ ਸਗੋਂ ਅਘਰ ਹੋ ਗਏ ਹਨ। ਬੰਦਾ ਜਦ ਪਰਿਵਾਰ ਵਿੱਚੋਂ ਗਾਇਬ ਹੁੰਦਾ ਹੈ ਤਾਂ ਫਿਰ ਤਿੜਕਦੇ ਰਿਸ਼ਤੇ, ਸਬੰਧਾਂ ਦੀਆਂ ਰੇਸ਼ਮੀ ਤੰਦਾਂ ਵਿੱਚ ਪੈਦਾ ਹੋਈ ਖਿੱਚੋਤਾਣ ਹੌਲੀ ਹੌਲੀ ਰਿਸ਼ਤਿਆਂ ਨੂੰ ਹੀ ਖਾ ਜਾਂਦੀ ਹੈ। ਫਿਰ ਅਸੀਂ ਰਿਸ਼ਤੇ ਨਹੀਂ ਨਿਭਾਉਂਦੇ ਸਿਰਫ਼ ਰਿਸ਼ਤਿਆਂ ਨੂੰ ਨਿਭਾਉਣ ਦਾ ਢੌਂਗ ਹੀ ਰਚਾਉਂਦੇ ਹਾਂ। ਦੁਨੀਆ ਨੂੰ ਭਾਵੇਂ ਪਤਾ ਨਾ ਲੱਗੇ ਪਰ ਬੰਦੇ ਦੇ ਅੰਦਰ ਜੇਕਰ ਬੰਦਾ ਜਿਉਂਦਾ ਹੋਵੇ ਤਾਂ ਉਸ ਨੂੰ ਜ਼ਰੂਰ ਪਤਾ ਹੁੰਦਾ ਹੈ ਕਿ ਉਹ ਕੀ ਕਰ ਰਿਹਾ ਹੈ ਅਤੇ ਇਸ ਦੇ ਕੀ ਅਰਥ ਹਨ?

ਬੰਦਾ ਜਦ ਆਪਣੇ ਕਿੱਤੇ ਵਿੱਚ ਹੁੰਦਿਆਂ ਵੀ ਨਾ ਹੋਵੇ ਤਾਂ ਉਸ ਦੀ ਕੀਰਤੀ ਅਤੇ ਕਰਮ ਵਿੱਚ ਅਸਾਵਾਂਪਣ ਪੈਦਾ ਹੁੰਦਾ ਹੈ। ਇਹੀ ਅਸਾਵਾਂਪਣ ਫਿਰ ਸਮਾਜਿਕ ਅਧੋਗਤੀ ਦਾ ਆਧਾਰ ਹੁੰਦਾ ਹੈ ਜਿਸ ਕਾਰਨ ਪੈਦਾ ਹੋਇਆ ਵਿਗਾੜ ਅੱਜਕੱਲ੍ਹ ਸਾਡੇ ਰਾਜਸੀ, ਧਾਰਮਿਕ ਤੇ ਸਮਾਜਿਕ ਵਰਤਾਰਿਆਂ ਵਿੱਚ ਪ੍ਰਤੱਖ ਹੈ। ਇਹ ਵਿਗਾੜ ਕਦੇ ਨਹੀਂ ਰੁਕਦਾ ਕਿਉਂਕਿ ਇਸ ਨੂੰ ਸਮਝਣ ਅਤੇ ਰੋਕਣ ਵਾਲਾ ਅੰਤਰੀਵੀ ਬੰਦਾ ਤਾਂ ਹੈ ਹੀ ਨਹੀਂ। ਪਰ ਸਭ ਤੋਂ ਮਾਰੂ ਹੁੰਦਾ ਹੈ ਬੰਦੇ ਦਾ ਆਪਣੇ ਵਿੱਚੋਂ ਜਾਣਬੁੱਝ ਕੇ ਗ਼ੈਰ-ਹਾਜ਼ਰ ਹੋ ਜਾਣਾ ਅਤੇ ਖ਼ੁਦ ਨੂੰ ਅਜਿਹੀਆਂ ਅਲਾਮਤਾਂ ਵਿੱਚ ਲਬੇੜ ਲੈਣਾ ਕਿ ਉਹ ਖ਼ੁਦ ਦੀ ਸ਼ਰਮਸਾਰੀ ਨੂੰ ਸਮਝਣ ਤੋਂ ਇਨਕਾਰੀ ਹੋ ਜਾਂਦਾ ਹੈ। ਆਪਣੀ ਕਮੀਨਗੀ ਤੇ ਕੁਕਰਮੀ ਵਰਤਾਰੇ ਨੂੰ ਸਹੀ ਅਤੇ ਸੱਚਾ ਸਾਬਤ ਕਰਨ ਲਈ ਹਰ ਹੀਲਾ ਵਰਤਦਾ ਹੈ ਅਤੇ ਇਹੀ ਆਦਤ ਉਸ ਦੀ ਜੀਵਨ-ਤੋਰ ਨੂੰ ਰਸਾਤਲ ਵੱਲ ਲੈ ਜਾਂਦੀ ਹੈ ਅਤੇ ਫਿਰ ਉਹ ਇਸ ਗਰਕਣ ਵਿੱਚੋਂ ਕਦੇ ਨਹੀਂ ਨਿਕਲਦਾ।

ਬੰਦੇ ਵਿੱਚ ਗ਼ੈਰ-ਹਾਜ਼ਰ ਬੰਦੇ ਦੀ ਕੇਹੀ ਮਨੋਸਥਿਤੀ ਹੈ ਕਿ ਉਹ ਕਈ ਵਾਰ ਖ਼ੁਦ ਨੂੰ ਸੌੜੇ ਦਾਇਰਿਆਂ ਦਾ ਕੈਦੀ ਬਣਾ ਲੈਂਦਾ ਹੈ। ਵਰਨਾ ਉਹ ਤਾਂ ਅੰਬਰ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ। ਕਈ ਵਾਰ ਅੰਦਰਲਾ ਬੰਦਾ, ਇਕੱਲ ਦੇ ਆਲਮ ਵਿੱਚ ਰਾਤ ਵੇਲੇ ਰੂਹ ਦੀ ਤਖ਼ਤੀ 'ਤੇ ਲਿਖਦਾ ਇੰਜ ਰੋਂਦੇ ਕਿ ਜਜ਼ਬਾਤਾਂ ਨੂੰ ਕਿ ਉਹ ਰੱਜ ਕੇ ਰੋ ਵੀ ਲੈਂਦਾ ਪਰ ਫਿਰ ਵੀ ਪਤਾ ਨਹੀਂ ਲੱਗਣ ਦਿੰਦਾ। ਬੰਦੇ ਅੰਦਰ ਰਹਿੰਦੇ ਬੰਦੇ ਨੂੰ ਕਦੇ ਦੇਖਣਾ ਹੋਵੇ ਤਾਂ ਪਿੰਡ ਵਾਲਿਆਂ ਦੀ ਤਹਿਜ਼ੀਬ ਨੂੰ ਦੇਖਣਾ ਕਿ ਉਹ ਤੁਹਾਡੇ ਨਾਲ ਗੁੱਸੇ ਹੋ ਜਾਂਦੇ ਨੇ ਜੇ ਤੁਸੀਂ ਪਿੰਡ ਜਾ ਕੇ ਉਨ੍ਹਾਂ ਨੂੰ ਮਿਲ ਕੇ ਨਾ ਆਓ। ਬੰਦੇ ਵਿੱਚੋਂ ਬੰਦੇ ਦੀ ਗ਼ੈਰ-ਹਾਜ਼ਰੀ ਵੀ ਕੇਹੀ ਕਿ ਘਰ ਅੰਦਰੋਂ ਟੁੱਟ ਜਾਂਦੇ ਪਰ ਖੜ੍ਹੇ ਰਹਿ ਜਾਂਦੇ ਹਨ ਮਕਾਨ ਬੇਸ਼ਰਮਾਂ ਵਾਂਗ। ਬੰਦੇ ਵਿੱਚ ਜਦ ਬੰਦਾ ਗੁੰਮ ਜਾਂਦਾ ਹੈ ਤਾਂ ਉਸ ਨੂੰ ਜਿਸਮ ਨੋਚਣ ਦਾ ਕੇਹਾ ਜਨੂੰਨ ਹੋ ਜਾਂਦਾ ਹੈ ਕਿ ਨਾਬਾਲਗ ਅਤੇ ਲਾਚਾਰ ਬੱਚੀਆਂ ਦੀ ਇੱਜ਼ਤ ਲੁੱਟਣਾ ਅਜਿਹੇ ਬੇਗ਼ੈਰਤਾਂ ਲਈ ਕਾਨੂੰਨ ਹੋ ਜਾਂਦਾ ਹੈ।

ਸਭ ਤੋਂ ਅਹਿਮ ਹੈ ਕਿ ਬੰਦੇ ਨੂੰ ਇਹ ਅਹਿਸਾਸ ਹੋਵੇ ਕਿ ਕੀ ਉਸ ਦੇ ਅੰਦਰਲਾ ਬੰਦਾ ਗੁੰਮ ਹੈ? ਕਿਉਂ ਗੁੰਮ ਹੋਇਆ? ਕਿਵੇਂ ਇਸ ਨੂੰ ਆਪਣੇ ਕੋਲ ਬੁਲਾਉਣਾ, ਸੀਨੇ ਨਾਲ ਲਾਉਣਾ, ਇਸ ਅੰਦਰਲੇ ਬੰਦੇ ਦੀ ਰਹਿਬਰੀ ਵਿੱਚੋਂ ਆਪਣੀ ਜੀਵਨ-ਜਾਚ ਨੂੰ ਕਮਾਉਣਾ ਅਤੇ ਸਮਾਜ ਨੂੰ ਸਿਹਤਮੰਦ ਅਤੇ ਸੇਧਮਈ ਵਰਤਾਰਿਆਂ ਦਾ ਜਾਗ ਲਾਉਣਾ ਹੈ। ਸਹੀ ਇਹੀ ਹੈ ਕਿ ਆਪਣੇ ਅੰਦਰਲੇ ਬੰਦੇ ਨੂੰ ਭਾਲੋ। ਆਪਣੀ ਰੂਹਾਂ ਨੂੰ ਹੰਘਾਲੋ। ਆਪਣੇ ਮਸਤਕ ਵਿੱਚ ਦੀਵਾ ਬਾਲੋ। ਜੀਵਨ-ਰਾਹਾਂ ਨੂੰ ਰੁਸ਼ਨਾਓ। ਆਪਣਾ ਗਵਾਚਿਆ ਖ਼ੁਦ ਹੀ ਪਾਓ ਤਾਂ ਕਿ ਤੁਹਾਡਾ ਆਪਣਾ, ਤੁਹਾਡੀਆਂ ਖ਼ੈਰਾਂ ਮੰਗਦਾ, ਤੁਹਾਡੀਆਂ ਬੁਲਾਵਾਂ ਉਤਾਰੇ ਅਤੇ ਤੁਹਾਡੀਆਂ ਮਾਣਮੱਤੀਆਂ ਪ੍ਰਾਪਤੀਆਂ ਤੇ ਘਰ ਆਉਣ 'ਤੇ ਪਾਣੀ ਵਾਰੇ। ਘਰ ਨੂੰ ਘਰ ਹੋਣ 'ਤੇ ਮਾਣ ਹੋਵੇ। ਜਦ ਘਰ, ਘਰ ਬਣ ਗਿਆ ਤਾਂ ਗਵਾਚੇ ਬੰਦੇ ਦਾ ਲਕਬ ਮੱਥੇ ਤੋਂ ਲਹਿ ਜਾਂਦਾ ਹੈ। ਫਿਰ ਬੰਦਾ ਸੱਚੀਂ ਆਪਣੇ ਅੰਦਰਲੇ ਬੰਦੇ ਨਾਲ ਇਕਸੁਰ ਅਤੇ ਇੱਕ ਸੋਚ ਹੁੰਦਾ ਹੈ। ਇਹੀ ਇਕਸੁਰਤਾ ਉਸ ਦੇ ਜੀਵਨ ਦਾ ਸਭ ਤੋਂ ਵੱਡਾ ਅਤੇ ਅਹਿਮ ਸੱਚ ਹੁੰਦਾ ਹੈ। ਕੀ ਤੁਸੀਂ ਕਦੇ ਇਸ ਸੱਚ ਨੂੰ ਸਮਝਣ ਅਤੇ ਕਮਾਉਣ ਦੀ ਲੋਚਾ ਪੈਦਾ ਕੀਤੀ ਹੈ? ਜੇ ਇਸ ਸੱਚ ਨੂੰ ਪਾਉਣਾ ਹੈ ਤਾਂ ਆਪਣੇ ਅੰਦਰਲੇ ਬੰਦੇ ਦੀ ਭਾਲ ਵਿੱਚ ਆਪਣੀ ਯਾਤਰਾ ਸ਼ੁਰੂ ਕਰੋ ਪਰ ਇਹ ਯਾਤਰਾ ਸਿਰਫ਼ ਆਪਣੇ ਅੰਦਰੋਂ ਹੀ ਸ਼ੁਰੂ ਕਰਨੀ ਪਵੇਗੀ।

# ਸਿਹਤ ਸੰਸਾਰ

## ਕੈਂਸਰ ਤੋਂ ਬਚਣ ਲਈ ਪਰਹੇਜ਼ ਚੰਗਾ ਹੈ



ਲੇਖਕ : ਸੋਨੀ ਮਲਹੋਤਰਾ

ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਹੀ ਤਰ੍ਹਾਂ ਦਾ ਭੋਜਨ ਕਰੀਏ ਅਤੇ ਉਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰੀਏ ਜੋ ਕੈਂਸਰ ਦਾ ਕਾਰਨ ਬਣ ਸਕਦੀਆਂ ਹਨ।

ਬਚਪਨ ਤੋਂ ਹੀ ਤੁਸੀਂ ਦੇਖਿਆ ਹੋਵੇਗਾ ਕਿ ਸਿਆਣੇ ਲੋਕ ਗਾਜਰ ਜ਼ਿਆਦਾ ਖਾਣ ਦੀ ਸਲਾਹ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਗਾਜਰ ਅੱਖਾਂ ਲਈ ਚੰਗੀ ਹੁੰਦੀ ਹੈ। ਇਸ ਬਾਰੇ ਸ਼ਾਇਦ ਤੁਹਾਨੂੰ ਪਤਾ ਨਹੀਂ ਹੋਵੇਗਾ ਕਿ ਗਾਜਰ ਕੈਂਸਰ ਹੋਣ ਦੀ ਸੰਭਾਵਨਾ ਘੱਟ ਕਰਦੀ ਹੈ। ਗਾਜਰ ਵਿਚ ਮੌਜੂਦ ਤੱਤ ਬੀਟਾ ਕੈਰੋਟੀਨ ਗੁਰਦੇ, ਗਲੇ ਤੇ ਪੇਟ ਦੇ ਕੈਂਸਰ ਤੋਂ ਬਚਾਅ ਕਰਦਾ ਹੈ। ਬੀਟਾਕੈਰੋਟੀਨ ਨਾ ਸਿਰਫ਼ ਗਾਜਰ ਵਿਚ ਸਗੋਂ ਹਰੀਆਂ ਪੱਤੇਦਾਰ ਸਬਜ਼ੀਆਂ ਪਾਲਕ, ਧਨੀਏ ਅਤੇ ਫਲਾਂ ਜਿਵੇਂ ਅੰਬ ਤੇ ਪਪੀਤੇ ਵਿਚ ਵੀ ਪਾਇਆ ਜਾਂਦਾ ਹੈ।

ਸਾਨੂੰ 1.5 ਮਿਲੀਗ੍ਰਾਮ ਬੀਟਾਕੈਰੋਟੀਨ ਦੀ ਹਰ ਰੋਜ਼ ਜ਼ਰੂਰਤ ਹੁੰਦੀ ਹੈ। ਇਸ ਦੀ ਪੂਰਤੀ ਇਕ ਵੱਡੀ ਕੌਲੀ ਗਾਜਰ ਜਾਂ ਪਾਲਕ ਕਰ ਦਿੰਦੀ ਹੈ। ਬੀਟਾਕੈਰੋਟੀਨ ਤੋਂ ਇਲਾਵਾ ਆਪਣੇ ਭੋਜਨ ਵਿਚ ਵਿਟਾਮਿਨ 'ਬੀ' ਦੀ ਮਾਤਰਾ ਨੂੰ ਵੀ ਵਧਾਓ। ਵਿਟਾਮਿਨ 'ਬੀ' ਦੀ ਕਮੀ ਨਾਲ ਅਲਸਰ ਹੋ ਸਰਕਦਾ ਹੈ ਜੋ ਬਾਅਦ ਵਿਚ ਕੈਂਸਰ ਦਾ ਰੂਪ ਧਾਰਨ ਕਰ ਲੈਂਦਾ ਹੈ। ਪੇਟ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਸੀ' ਦੀ ਵਰਤੋਂ ਵੀ ਜ਼ਰੂਰੀ ਹੈ। ਵਿਟਾਮਿਨ 'ਸੀ' ਦੇ ਚੰਗੇ ਸਰੋਤ ਹਨ-ਆਂਵਲਾ, ਟਮਾਟਰ, ਸੰਗਤਰਾ, ਨਿੰਬੂ ਆਦਿ। ਨਵੇਂ ਪ੍ਰਯੋਗਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਔਰਤਾਂ ਦੇ ਛਾਤੀ ਦੇ ਕੈਂਸਰ ਤੇ ਫੇਫੜਿਆਂ ਦੇ ਕੈਂਸਰ ਤੋਂ ਬਚਾਅ ਲਈ ਵਿਟਾਮਿਨ 'ਈ' ਵੀ ਲਾਭਕਾਰੀ ਸਿੱਧ ਹੋਇਆ ਹੈ। ਵਿਟਾਮਿਨ 'ਈ' ਦੇ ਸੋਮੇ ਹਨ ਤਿਲਾਂ ਦਾ ਤੇਲ, ਸੂਰਜਮੁਖੀ ਦਾ ਤੇਲ, ਬਦਾਮ ਆਦਿ।

ਆਪਣੇ ਭੋਜਨ ਵਿਚ ਉਪਰੋਕਤ ਤੱਤਾਂ ਦੀ ਮਾਤਰਾ ਵਧਾਉਣ ਦੇ ਨਾਲ-ਨਾਲ ਕੁਝ ਤੱਤਾਂ ਨੂੰ ਆਪਣੇ ਭੋਜਨ ਵਿਚੋਂ ਕੱਢੋ ਜਾਂ ਇਨ੍ਹਾਂ ਦੀ ਮਾਤਰਾ ਘੱਟ ਕਰੋ।

ਨਵੀਆਂ ਖੋਜਾਂ ਦੇ ਸਿੱਟਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਚਰਬੀ ਵਾਲੇ ਭੋਜਨ ਦਾ ਸੰਬੰਧ ਕੁਝ ਖ਼ਾਸ ਤਰ੍ਹਾਂ ਦੇ ਕੈਂਸਰ ਨਾਲ ਹੈ।

ਜਿਵੇਂ ਛਾਤੀ ਦਾ ਕੈਂਸਰ। ਇਕ ਤਜਰਬੇ ਤੋਂ ਇਹ ਨਤੀਜਾ ਸਾਹਮਣੇ ਆਇਆ ਹੈ ਕਿ ਚਰਬੀ ਵਾਲਾ ਭੋਜਨ ਕੈਂਸਰ ਹੋਣ ਦੀ ਸੰਭਾਵਨਾ ਨੂੰ ਵਧਾਉਂਦਾ ਹੈ, ਇਸ ਲਈ ਆਪਣੇ ਭੋਜਨ ਵਿਚ ਤੇਲ ਵਾਲੇ ਪਦਾਰਥਾਂ ਦੀ ਕਮੀ ਲਿਆਓ।

ਮਸ਼ੀਨਾਂ ਰਾਹੀਂ ਪ੍ਰੋਸੈੱਸ ਕੀਤਾ ਗਿਆ ਭੋਜਨ ਘੱਟ ਤੋਂ ਘੱਟ ਖਾਓ। ਇਨ੍ਹਾਂ ਵਿਚ ਕੁਝ ਬਣਾਉਟੀ ਰੰਗ ਅਤੇ ਸੁਗੰਧ ਲਈ ਕੈਮੀਕਲ ਪਾਏ ਜਾਂਦੇ ਹਨ ਜੋ ਜਿਗਰ ਦੇ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਨਾਲ ਹੀ ਨਾਲ ਪ੍ਰੋਸੈੱਸ ਕੀਤਾ ਹੋਇਆ ਭੋਜਨ ਘੱਟ ਰੇਸ਼ੇਦਾਰ ਹੁੰਦਾ ਹੈ। ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਵੀ ਕੈਂਸਰ ਦੀ ਸੰਭਾਵਨਾ ਨੂੰ ਵਧਾਉਂਦੀ ਹੈ। ਇਸ ਲਈ ਇਸ ਦੀ ਵਰਤੋਂ ਨਾ ਕਰੋ।

ਕੈਂਸਰ ਦੀ ਸੰਭਾਵਨਾ ਘੱਟ ਕਰਨ ਲਈ ਸਭ ਤੋਂ ਜ਼ਰੂਰੀ ਹੁੰਦਾ ਹੈ ਮੋਟਾਪੇ 'ਤੇ ਕੰਟਰੋਲ ਕਰਨਾ। ਇਸ ਲਈ ਆਪਣੇ ਵਜ਼ਨ 'ਤੇ ਕੰਟਰੋਲ ਰੱਖੋ। ਭੋਜਨ ਵਿਚ ਚਰਬੀ ਵਾਲੇ ਤੱਤ ਘੱਟ ਕਰਕੇ ਤੁਸੀਂ ਵਜ਼ਨ 'ਤੇ ਕੰਟਰੋਲ ਰੱਖ ਸਕਦੇ ਹੋ। ਮਾਸਾਹਾਰੀ ਭੋਜਨ ਦੀ ਬਜਾਏ ਫਲ, ਸਬਜ਼ੀਆਂ, ਅਨਾਜ ਆਦਿ ਦੀ ਵਰਤੋਂ ਕਰੋ।

ਵਾਤਾਵਰਨ ਵਿਚ ਫੈਲੀਆਂ ਦੂਸ਼ਿਤ ਗੈਸਾਂ ਪ੍ਰਦੂਸ਼ਣ ਵਧਾਉਂਦੀਆਂ ਹਨ। ਜਿਵੇਂ ਓਜ਼ੋਨ, ਸਲਫਰ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ, ਇਸ ਲਈ ਜੇਕਰ ਤੁਸੀਂ ਪ੍ਰਦੂਸ਼ਿਤ ਵਾਤਾਵਰਨ ਵਿਚ ਰਹਿ ਰਹੇ ਹੋ ਤਾਂ ਹਰ ਹਫ਼ਤੇ ਦੋ ਤਿੰਨ ਦਿਨ ਖੁੱਲ੍ਹੇ ਵਾਤਾਵਰਨ ਵਿਚ ਜਾਓ ਜਿਥੇ ਤੁਸੀਂ ਸ਼ੁੱਧ ਹਵਾ ਵਿਚ ਸਾਹ ਲੈ ਸਕੋ। ਜੇਕਰ ਤੁਸੀਂ ਕਸਰਤ ਜਾਂ ਸਵੇਰ ਦੀ ਸੈਰ ਕਰਨ ਲਈ ਜਾਂਦੇ ਹੋ ਤਾਂ ਉਨ੍ਹਾਂ ਥਾਵਾਂ 'ਤੇ ਨਾ ਜਾਓ ਜਿਥੇ ਬਹੁਤ ਜ਼ਿਆਦਾ ਆਵਾਜਾਈ ਹੋਵੇ।

ਇਸ ਤੋਂ ਇਲਾਵਾ ਬੇਵਜ੍ਹਾ ਐਕਸਰੇ ਨਾ ਕਰਾਓ। ਇਸ ਦੇ ਰੇਡੀਏਸ਼ਨ ਨਾਲ ਤੁਹਾਨੂੰ ਖ਼ੂਨ ਦਾ ਕੈਂਸਰ ਵੀ ਹੋ ਸਕਦਾ ਹੈ। ਰੇਡੀਏਸ਼ਨ ਦੇ ਹੋਰ ਵੀ ਸੋਮੇ ਹਨ। ਜਿਵੇਂ ਟੀ.ਵੀ., ਵੀਡੀਓ, ਪੇਸਮੇਕਰ ਆਦਿ ਪਰ ਤੁਸੀਂ ਇਨ੍ਹਾਂ ਸਭ ਬਾਰੇ ਜ਼ਿਆਦਾ ਕੁਝ ਨਹੀਂ ਕਰ ਸਕਦੇ। ਇਸ ਲਈ ਮੈਡੀਕਲ ਐਕਸਰੇ ਸੀਮਤ ਕਰਾਓ ਭਾਵ ਜ਼ਰੂਰਤ ਹੋਣ 'ਤੇ ਹੀ ਕਰਾਓ।

## ਪਾਲਤੂ ਜਾਨਵਰ ਘਾਤਕ ਬਿਮਾਰੀਆਂ ਵੀ ਦੇ ਸਕਦੇ ਹਨ



ਲੇਖਕ : ਮਨੂ ਭਾਰਦਵਾਜ

ਅੱਜਕਲ੍ਹ ਕੁੱਤਾ ਪਾਲਣਾ ਜਿਥੇ ਫ਼ੈਸ਼ਨ ਜਿਹਾ ਬਣ ਚੁੱਕਾ ਹੈ, ਉਥੇ ਕੁਝ ਲੋਕ ਆਪਣੇ ਸ਼ੌਕ ਜਾਂ ਘਰ ਦੀ ਦੇਖਭਾਲ ਲਈ ਵੀ ਕੁੱਤਾ ਪਾਲਦੇ ਹਨ ਕਿਉਂਕਿ ਕੁੱਤੇ ਨੂੰ ਸਭ ਤੋਂ ਜ਼ਿਆਦਾ ਵਫ਼ਾਦਾਰ ਰੱਖਿਅਕ ਸਮਝਿਆ ਜਾਂਦਾ ਹੈ।

ਇਸ ਤਰ੍ਹਾਂ ਭਾਵੇਂ ਮਨੁੱਖ ਲਈ ਕੁੱਤੇ ਦੀ ਅਹਿਮੀਅਤ ਵਧ ਗਈ ਹੋਵੇ ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁੱਤਿਆਂ ਵਲੋਂ ਫੈਲਣ ਵਾਲੀਆਂ ਬਿਮਾਰੀਆਂ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਹੈ ਕਿਉਂਕਿ ਕੁੱਤਿਆਂ ਜਾਂ ਹੋਰ ਮਾਸਾਹਾਰੀ ਜਾਨਵਰਾਂ ਦੀਆਂ ਅੰਤੜੀਆਂ ਵਿਚ 'ਵਿਅਸਕ ਟੇਪਵਰਮ ਇਕਾਟ੍ਰਬਾਕੋਕਸ' ਪਾਏ ਜਾਂਦੇ ਹਨ। ਇਹ ਵਿਅਸਕ ਟੇਪਵਰਮ ਲਗਭਗ 6 ਮੀਟਰ ਤੱਕ ਲੰਮੇ ਹੁੰਦੇ ਹਨ। ਜਦੋਂ ਕੁੱਤੇ ਮਲ ਤਿਆਗ ਕਰਦੇ ਹਨ ਤਾਂ 'ਵਿਅਸਕ ਟੇਪਵਰਮ' ਦੇ ਅੰਡੇ ਕੀਟਾਣੂ ਬਣ ਕੇ ਬਾਹਰ ਆ ਜਾਂਦੇ ਹਨ ਅਤੇ ਮਿੱਟੀ, ਪਾਣੀ, ਸਬਜ਼ੀ ਜਾਂ ਭੋਜਨ ਰਾਹੀਂ ਮਨੁੱਖ ਦੇ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ।

ਮਨੁੱਖੀ ਸਰੀਰ 'ਤੇ ਕਬਜ਼ਾ ਕਰਦਿਆਂ ਹੀ ਇਹ ਸਭ ਤੋਂ ਪਹਿਲਾਂ ਅੰਤੜੀਆਂ ਵਿਚ ਪਹੁੰਚਦਾ ਹੈ, ਉਸ ਤੋਂ ਬਾਅਦ ਖ਼ੂਨ ਨਾੜੀਆਂ ਦੀ ਸਹਾਇਤਾ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਜਿਗਰ, ਪਲੀਹਾ, ਫੇਫੜਿਆਂ, ਖ਼ੂਨ ਮੱਜਾ ਜਾਂ ਦਿਮਾਗ਼ ਆਦਿ ਵਿਚ ਪਹੁੰਚ ਕੇ 'ਸਿਸਟ' ਬਣਾ ਦਿੰਦੇ ਹਨ। ਇਸ ਸਿਸਟ ਦਾ ਆਕਾਰ ਵਧਦਿਆਂ-ਵਧਦਿਆਂ ਫੁੱਟਬਾਲ ਵਰਗਾ ਹੋ ਜਾਂਦਾ ਹੈ, ਜਿਸ ਕਾਰਨ ਉਲਟੀ ਵਿਚ ਖ਼ੂਨ ਆਉਣ ਵਰਗੀਆਂ ਕਿਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਪ੍ਰਭਾਵਿਤ ਵਿਅਕਤੀ ਕਈ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹੀ ਨਹੀਂ ਬਲਕਿ ਇਸ ਦੇ ਕਾਰਨ ਕਦੀ-ਕਦੀ ਮਨੁੱਖ 'ਕੋਮਾ' ਵਿਚ ਵੀ ਜਾ ਸਕਦਾ ਹੈ ਜਾਂ ਪਾਗਲ ਵੀ ਹੋ ਸਕਦਾ ਹੈ। ਅਖੀਰ ਕੁੱਤਾ ਪਾਲਣ ਦੇ ਸ਼ੌਕ ਨੂੰ ਹੇਠ ਲਿਖੀਆਂ ਗੱਲਾਂ ਨੂੰ ਸਮਝਣ ਤੇ ਧਿਆਨ ਵਿਚ ਰੱਖਣ ਤੋਂ ਬਾਅਦ ਹੀ ਪੂਰਾ ਕਰਨਾ ਚਾਹੀਦਾ ਹੈ-

ਕੁੱਤਿਆਂ ਦੀ ਸਮੇਂ-ਸਮੇਂ 'ਤੇ ਉਸ ਦੇ ਡਾਕਟਰਾਂ ਤੋਂ ਜਾਂਚ ਜ਼ਰੂਰ ਕਰਾਓ ਅਤੇ ਲਗਾਤਾਰ ਦਵਾਈਆਂ ਦਿੰਦੇ ਰਹੋ।

ਕੁੱਤੇ ਨੂੰ ਗੰਦਗੀ ਤੇ ਸੜੀਆਂ ਹੋਈਆਂ ਚੀਜ਼ਾਂ ਅਤੇ ਕੱਚਾ ਮਾਸ ਨਾ ਖਾਣ ਦਿਓ ਅਤੇ ਉਨ੍ਹਾਂ ਨੂੰ ਹੋਰ ਪਾਲਤੂ ਜਾਨਵਰਾਂ ਦਾ ਸ਼ਿਕਾਰ ਕਰਨ ਤੋਂ ਰੋਕੋ।

ਕੁੱਤਿਆਂ ਨੂੰ ਆਪਣੇ ਬਿਸਤਰ, ਰਸੋਈ ਅਤੇ ਖਾਣੇ ਜਾਂ ਬੈਠਣ ਦੀ ਥਾਂ 'ਤੇ ਨਾ ਜਾਣ ਦਿਓ।

ਉਨ੍ਹਾਂ ਨੂੰ ਲਗਾਤਾਰ ਇਸ਼ਨਾਨ ਕਰਾਉਣ ਤੋਂ ਬਾਅਦ ਆਪਣੇ ਹੱਥਾਂ ਤੇ ਸਰੀਰ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਮਰਨ ਤੋਂ ਬਾਅਦ ਉਸ ਦੇ ਮ੍ਰਿਤ ਸਰੀਰ ਨੂੰ ਜ਼ਮੀਨ ਵਿਚ ਦੱਬ ਦਿਓ।

ਕੁੱਤੇ ਜਿਥੇ ਇਕ ਪਾਸੇ ਚੰਗੇ ਰੱਖਿਅਕ ਤੇ ਜਾਸੂਸ ਸਾਬਤ ਹੁੰਦੇ ਹਨ, ਉਥੇ ਜੇਕਰ ਉਹ ਵੱਢ ਲੈਣ ਤਾਂ ਮਨੁੱਖ ਲਈ ਬਹੁਤ ਘਾਤਕ ਸਿੱਧ ਹੋ ਸਕਦੇ ਹਨ। ਹਾਲ ਹੀ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਦੇਸ਼ ਵਿਚ ਲਗਭਗ 30 ਲੱਖ ਲੋਕ ਹਰ ਸਾਲ ਕੁੱਤਿਆਂ ਦੇ ਸ਼ਿਕਾਰ ਬਣਦੇ ਹਨ ਅਤੇ 30 ਹਜ਼ਾਰ ਲੋਕ ਆਪਣੀ ਜਾਨ ਤੱਕ ਗਵਾ ਬੈਠਦੇ ਹਨ।

ਭਾਵੇਂ ਅੱਜਕਲ੍ਹ ਕੁੱਤਿਆਂ ਦੇ ਵੱਢਣ 'ਤੇ ਅਨੇਕ ਰੋਗਮੁਕਤ ਕਰਨ ਵਾਲੇ ਇੰਜੈਕਸ਼ਨ ਤੇ ਦਵਾਈਆਂ ਬਣ ਚੁੱਕੀਆਂ ਹਨ ਪਰ ਜੇਕਰ ਪਾਗਲ ਕੁੱਤਾ ਵੱਢ ਲਵੇ ਅਤੇ ਸਹੀ ਇਲਾਜ ਕਰਨ ਵਿਚ ਦੇਰ ਹੋ ਜਾਵੇ ਤਾਂ ਬਹੁਤ ਵੱਡੀ ਪ੍ਰੇਸ਼ਾਨੀ ਖੜ੍ਹੀ ਹੋ ਸਕਦੀ ਹੈ।

...ਧਿਆਨ ਰਹੇ ਕੁੱਤਾ ਪਾਲਣ ਦਾ ਸ਼ੌਕ ਬੁਰਾ ਨਹੀਂ ਹੈ ਪਰ ਬੇਧਿਆਨੀ ਕਾਰਨ ਇਹੀ ਸ਼ੌਕ ਕਦੀ-ਕਦੀ ਬਹੁਤ ਘਾਤਕ ਵੀ ਸਿੱਧ ਹੋ ਸਕਦਾ ਹੈ।

## ਹਵਾਈ ਸਫ਼ਰ ਅਤੇ ਸਿਹਤ

ਲੇਖਕ : ਡਾ. ਗੁਰਪ੍ਰੀਤ ਸਿੰਘ ਧੁੱਗਾ



1. ਆਪਣੇ ਬੈਗ ਵਿਚ ਆਪਣੀ ਦਵਾਈ ਰੱਖਣੀ ਨਾ ਭੁੱਲੋ।
2. ਜੇਕਰ ਤੁਸੀਂ ਸ਼ੂਗਰ ਲਈ ਇੰਸੁਲਿਨ ਦੇ ਟੀਕੇ ਵਰਤਦੇ ਹੋ ਤਾਂ ਟੀਕਿਆਂ ਲਈ ਹਵਾਈ ਜਹਾਜ਼ ਵਿਚ ਲਿਜਾਣ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਜ਼ਰੂਰ ਲਵੋ।
3. ਸਫ਼ਰ ਕਰਨ ਤੋਂ ਜੇਕਰ ਦੋ ਹਫ਼ਤੇ ਪਹਿਲਾਂ ਤੁਹਾਨੂੰ ਦਿਲ ਦਾ ਦੌਰਾ ਪਿਆ ਹੈ ਜਾਂ ਦਿਲ ਦਾ ਆਪ੍ਰੇਸ਼ਨ ਹੋਇਆ ਹੈ ਤਾਂ ਸਫ਼ਰ ਨਾ ਕਰੋ।
4. ਸਫ਼ਰ ਦੇ ਦੌਰਾਨ ਜੇਕਰ ਤੁਹਾਨੂੰ ਆਕਸੀਜਨ ਦੀ ਲੋੜ ਹੈ ਤਾਂ ਇਸ ਦੀ ਇਜਾਜ਼ਤ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਲਵੋ।
5. ਬਹੁਤ ਜ਼ਿਆਦਾ ਸਮੇਂ ਲਈ ਆਪਣੇ ਪਿਸ਼ਾਬ ਨੂੰ ਨਾ ਰੋਕੋ, ਇਸ ਨਾਲ ਇਨਫੈਕਸ਼ਨ ਹੋ ਸਕਦੀ ਹੈ ਅਤੇ ਗੁਰਦੇ ਦੀ ਪ੍ਰੇਸ਼ਾਨੀ ਹੋ ਸਕਦੀ ਹੈ।
6. ਹਵਾਈ ਸਫ਼ਰ ਕਰਦੇ ਸਮੇਂ ਬਹੁਤ ਜ਼ਿਆਦਾ ਸਮੇਂ ਲਈ ਬੈਠੇ ਰਹਿਣਾ ਪੈਂਦਾ ਹੈ, ਇਸ ਨਾਲ ਲੱਤਾਂ ਵਿਚ ਖ਼ੂਨ ਦੀਆਂ ਗਿਲਟੀਆਂ ਬਣ ਸਕਦੀਆਂ ਹਨ ਜੋ ਖ਼ਤਰਨਾਕ ਹਨ ਕਿਉਂਕਿ ਇਸ ਨਾਲ ਅਚਾਨਕ ਮੌਤ ਵੀ ਹੋ ਸਕਦੀ ਹੈ। ਲੱਤਾਂ ਵਿਚ ਖ਼ੂਨ ਦੀਆਂ ਗਿਲਟੀਆਂ ਤੋਂ ਬਚਾਅ ਲਈ ਸਫ਼ਰ ਦੌਰਾਨ ਹਰ ਦੋ ਘੰਟੇ ਬਾਅਦ ਸੀਟ ਤੋਂ ਉਠੋ ਅਤੇ ਤੁਰੋ-ਫਿਰੋ।
7. ਜੇਕਰ ਤੁਸੀਂ ਕੋਈ ਵਿਸ਼ੇਸ਼ ਖਾਣਾ ਖਾਂਦੇ ਹੋ ਤਾਂ ਏਅਰ ਲਾਈਨ ਨੂੰ ਸੂਚਿਤ ਕਰੋ, ਜਿਵੇਂ ਸ਼ਾਕਾਹਾਰੀ ਖਾਣਾ ਜਾਂ ਜੇ ਕਿਸੇ ਵਿਸ਼ੇਸ਼ ਖਾਣੇ ਤੋਂ ਤੁਹਾਨੂੰ ਐਲਰਜੀ ਹੋਵੇ।
8. ਕਿਸੇ ਦਵਾਈ ਦੇ ਕਾਰਨ ਜੇ ਤੁਸੀਂ ਵਾਰ-ਵਾਰ ਪਿਸ਼ਾਬ ਕਰਨ ਲਈ ਉਠਦੇ ਹੋ ਤਾਂ ਸਾਈਡ ਵਾਲੀ ਸੀਟ ਲੈਣ ਬਾਰੇ ਬੇਨਤੀ ਕਰੋ।
9. ਮਲੇਰੀਆ, ਹੈਪੇਟਾਈਟਸ ਅਤੇ ਟਾਈਫਾਈਡ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਸਫ਼ਰ ਕਰਨ ਤੋਂ 4-6 ਹਫਤੇ ਪਹਿਲਾਂ ਆਪਣੇ ਡਾਕਟਰ ਤੋਂ ਦਵਾਈ ਲਵੋ।
10. ਦਰਦ ਅਤੇ ਮਾਨਸਿਕ ਤਣਾਓ ਦੀਆਂ ਦਵਾਈਆਂ ਲਈ ਡਾਕਟਰ ਤੋਂ ਦਵਾਈ ਲਵੋ।

## ਤਣਾਅ ਦੀਆਂ ਨਿਸ਼ਾਨੀਆਂ ਕੀ ਹਨ ?

ਮਾਨਸਿਕ ਤਣਾਅ ਕਈ ਹੋਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਸਾਨੂੰ ਉਦੋਂ ਪਤਾ ਲਗਦਾ ਹੈ, ਜਦੋਂ ਕਈ ਬਿਮਾਰੀਆਂ ਕਾਫੀ ਵਧ ਜਾਂਦੀਆਂ ਹਨ। ਇਸ ਲਈ ਸਮੇਂ ਸਿਰ ਤਣਾਅ ਨੂੰ ਪਛਾਣ ਕੇ ਆਪਣਾ ਇਲਾਜ ਕਰੋ। ਆਪਣੇ ਰਹਿਣ-ਸਹਿਣ ਅਤੇ ਖਾਣ-ਪੀਣ ਦੇ ਤਰੀਕਿਆਂ ਵਿਚ ਬਦਲਾਅ ਲਿਆਓ, ਤਾਂ ਕਿ ਤਣਾਅ 'ਚੋਂ ਤੁਸੀਂ ਜਲਦੀ ਬਾਹਰ ਨਿਕਲ ਸਕੋ ਅਤੇ ਤਣਾਅ ਮੁਕਤ ਜ਼ਿੰਦਗੀ ਦਾ ਮਜ਼ਾ ਲੈ ਸਕੋ।



ਜਦ ਵੀ ਤੁਹਾਨੂੰ ਅਜਿਹਾ ਮਹਿਸੂਸ ਹੋਵੇ ਕਿ ਤੁਹਾਡੇ ਦਿਲ ਦੀ ਧੜਕਣ ਆਮ ਵਾਂਗ ਨਹੀਂ ਚੱਲ ਰਹੀ ਹੈ ਜਾਂ ਹਲਕਾ ਜਿਹਾ ਛਾਤੀ ਵਿਚ ਦਰਦ ਹੋ ਰਿਹਾ ਹੈ ਤਾਂ ਤੁਸੀਂ ਸਮਝ ਲਓ ਕਿ ਤੁਸੀਂ ਤਣਾਅਗ੍ਰਸਤ ਹੋ। ਜੋ ਲੋਕ ਪਹਿਲਾਂ ਦਿਲ ਦੀ ਕਿਸੇ ਬਿਮਾਰੀ ਤੋਂ ਪੀੜਤ ਹਨ, ਉਨ੍ਹਾਂ ਨੂੰ ਤਣਾਅ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ। ਲਗਾਤਾਰ ਸਿਰ ਦਰਦ ਅਤੇ ਪਾਚਣਤੰਤਰ ਦੀ ਗੜਬੜੀ ਵੀ ਤਣਾਅ ਦਾ ਕਾਰਨ ਹੁੰਦੇ ਹਨ। ਇਹ ਦੋਵੇਂ ਕਾਰਨ ਕਾਫੀ ਸਾਧਾਰਨ ਹਨ। ਪਾਚਣਤੰਤਰ ਦੀ ਗੜਬੜੀ ਨਾਲ ਕਦੀ-ਕਦੀ ਪੇਟ ਦਰਦ ਵੀ ਹੋ ਸਕਦਾ ਹੈ।

ਤਣਾਅ ਦੇ ਦਿਨਾਂ 'ਚ ਬਲੱਡ ਪ੍ਰੈਸ਼ਰ 'ਤੇ ਵੀ ਨਜ਼ਰ ਰੱਖੋ। ਜਿਨ੍ਹਾਂ ਲੋਕਾਂ ਨੂੰ ਲਗਾਤਾਰ ਤਣਾਅ ਕਈ ਦਿਨਾਂ ਤੱਕ ਰਹਿੰਦਾ ਹੈ, ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਤਣਾਅ ਘੱਟ ਹੋਣ 'ਤੇ ਵੀ ਕਈ ਵਾਰ ਬਲੱਡ ਪ੍ਰੈਸ਼ਰ ਵੱਧ ਰਹਿਣ ਲਗਦਾ ਹੈ। ਨਤੀਜਾ ਤੁਸੀਂ ਹਾਈ ਬਲੱਡ ਪ੍ਰੈਸ਼ਰ ਦੇ ਰੋਗੀ ਬਣ ਜਾਂਦੇ ਹੋ।

ਤਣਾਅ ਦੇ ਕਾਰਨ ਜਾਂ ਤਾਂ ਭਾਰ ਘੱਟ ਹੋ ਜਾਂਦਾ ਹੈ ਜਾਂ ਭਾਰ ਵਧ ਜਾਂਦਾ ਹੈ। ਸਰੀਰਕ ਬਦਲਾਅ ਵੀ ਤਣਾਅ ਨੂੰ ਦਰਸਾਉਂਦਾ ਹੈ। ਕੁਝ ਲੋਕ ਤਣਾਅ ਕਾਰਨ ਵਧੇਰੇ ਖਾਣ ਲਗਦੇ ਹਨ ਅਤੇ ਮੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕੁਝ ਲੋਕ ਘੱਟ ਖਾਣ ਲਗਦੇ ਹਨ। ਉਨ੍ਹਾਂ ਦਾ ਭਾਰ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ। ਤਣਾਅ ਹੋਣ 'ਤੇ ਜਾਂ ਤਾਂ ਨੀਂਦ ਆਮ ਨਾਲੋਂ ਵੱਧ ਜਾਂਦੀ ਹੈ ਜਾਂ ਘੱਟ ਹੋ ਜਾਂਦੀ ਹੈ। ਜਿਨ੍ਹਾਂ ਲੋਕਾਂ ਨੂੰ ਤਣਾਅ ਰਹਿੰਦਾ ਹੈ ਉਨ੍ਹਾਂ ਨੂੰ ਰਾਤ ਨੂੰ ਮਾੜੇ ਸੁਪਨੇ ਆਉਣ ਲੱਗਦੇ ਹਨ ਅਤੇ ਕਦੀ-ਕਦੀ ਡਰ ਵੀ ਲੱਗਣ ਲਗਦਾ ਹੈ।

# ਮੌਕੇ ਦੀਆਂ ਗੱਪਾਂ

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਢ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫ਼ਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ਼ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐਂ ਤੇ ਨਾ ਹੀ ਕਦੇ ਕੁਝ ਨਿੱਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ੍ਹ ਕੇ ਖਿੱਚੀ ਫਿਰਦੈ, ਕੋਈ ਲੱਤ ਫੜ੍ਹ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, "ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।"

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵੜੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, "ਹਾਂ ਬਾਬਾ ਜੀ।"

ਬਾਬਾ ਕਹਿੰਦਾ, "ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖਬਰਾਂ ਖੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?"

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ਼ ਨ੍ਹੀ ਤਾਂ ਹੋਰ ਕੀਐ੍ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।"

ਬੁੱਘਰ ਦਖਾਣ ਕਹਿੰਦਾ, "ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹਲ਼ੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।"

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, "ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।"

ਪ੍ਰਤਾਪਾ ਭਾਊ ਕਹਿੰਦਾ, "ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?"

ਭਾਨੇ ਕਾ ਗੋਗੜ੍ਹੀ ਕਹਿੰਦਾ, "ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।"




ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, "ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।"

ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, "ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?"

ਆਤਮਾ ਸਿਉਂ ਕਹਿੰਦਾ, "ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।"

ਜੰਗੇ ਰਾਹੀ ਕਾ ਤੋਤੀ ਕਹਿੰਦਾ, "ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।"

ਮਦਨ ਪੰਡਤ ਕਹਿੰਦਾ, "ਮੈਂ ਤਾਂ ਇਉਂ ਵੀ ਸੁਣਿਆਂ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।"

ਜਾਗਰ ਸਿਉਂ ਠੇਕੇਦਾਰ ਕਹਿੰਦਾ, "ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘਮਾਈਂ ਫਿਰਦਾ ਜਿਮੇਂ ਜਰਗਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।"

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦੜਕਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, "ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?"

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, "ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।"

ਮਾਹਲਾ ਨੰਬਰਦਾਰ ਕਹਿੰਦਾ, "ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਉਂ ਰੋਟੀ ਖਾ ਕੇ ਮੁੜਦੈ?"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।"

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, "ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਾਉਣੈ ਕਢਾਅ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।"

ਨਾਥਾ ਅਮਲੀ ਕਹਿੰਦਾ, "ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲ਼ਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹਲ਼ਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੰਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।"

ਬਾਬੇ ਪਾਖਰ ਸਿਉਂ ਨੇ ਪੁੱਛਿਆ, "ਹੁਣ ਆ ਗੀ ਪਿੰਡ ਕੁ ਓੱਥੇ ਹੱਥਪਤਾਲ ਚੀ ਐ?"

ਸੀਤਾ ਮਰਾਸੀ ਕਹਿੰਦਾ, "ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।"

# ਪਹਿਰੇਦਾਰ

ਲੇਖਕ : ਪਰਮਜੀਤ ਸਿੰਘ ਨਿੱਕੇ ਘੁੰਮਣ
ਸੰਪਰਕ: 97816-46008

ਉਹ ਸ਼ਖ਼ਸ 'ਮਾਂ ਬੋਲੀ ਦੇ ਪਹਿਰੇਦਾਰ' ਨਾਮਕ ਸਭਾ ਦਾ ਜ਼ਿਲ੍ਹਾ ਪ੍ਰਧਾਨ ਸੀ ਤੇ ਸੂਬਾ ਸਰਕਾਰ ਅਤੇ ਕਾਨਵੈਂਟ ਸਕੂਲਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਨਿਰੰਤਰ ਕੀਤੀ ਜਾ ਰਹੀ ਅਣਦੇਖੀ ਦੇ ਰੋਸ ਵਜੋਂ ਕੱਢੀ ਗਈ ਰੈਲੀ ਤੇ ਉਪਰੰਤ ਦਿੱਤੇ ਗਏ ਰੋਸ ਧਰਨੇ ਨੂੰ ਸੰਬੋਧਨ ਕਰਕੇ ਅਜੇ ਘਰ ਪਰਤਿਆ ਹੀ ਸੀ ਕਿ ਉਸ ਦੀ ਪਤਨੀ ਉਸ ਨੂੰ ਬਿਨਾਂ ਪਾਣੀ ਦੀ ਘੁੱਟ ਪੁੱਛਿਆਂ ਹੀ ਉਸ ਦੇ ਗਲ ਪੈ ਗਈ, ''... ਮੈਂ ਪੁੱਛਦੀ ਆਂ ਇਹ ਸਭ ਕੁਝ ਕਦੋਂ ਮੁੱਕਣਾ ਏ? ਸਵੇਰ ਦੇ ਗਏ ਸ਼ਾਮ ਨੂੰ ਮੁੜੇ ਓ... ਘਰ ਦੀ ਵੀ ਕੋਈ ਫ਼ਿਕਰ ਹੈ ਕਿ ਨਹੀਂ...?''

''ਕਿਉਂ ਕੀ ਹੋਇਆ ਏ?'' ਵਾਸ਼ ਬੇਸਿਨ 'ਤੇ ਹੱਥ ਧੋਂਦਿਆਂ ਉਸ ਨੇ ਪੁੱਛਿਆ।

''...ਹੋਣਾ ਕੀ ਏ... ਪਿਛਲੇ ਸ਼ਨਿਚਰਵਾਰ ਤੁਸਾਂ ਅੱਜ ਲਈ ਕਿਹਾ ਸੀ ਕਿ ਆਪਣੇ ਹੈਰੀ ਦੀ ਐਡਮਿਸ਼ਨ ਲਈ ਸੇਂਟ ਜਾਰਜ ਸਕੂਲ ਜਾਓਗੇ। ਅੱਜ ਆਖ਼ਰੀ ਤਰੀਕ ਸੀ ਤੇ ਉਹ ਵੀ ਤੁਸਾਂ ਲੰਘਾ ਦਿੱਤੀ... ਮੈਨੂੰ ਤਾਂ ਲੱਗਦਾ ਏ ਕਿ ਹੁਣ ਕਿਸੇ ਹੋਰ ਸਕੂਲ 'ਚ ਦਾਖ਼ਲ ਕਰਵਾਉਣਾ ਪੈਣਾ ਏ ਇਸਨੂੰ...,'' ਬੜੇ ਹੀ ਖਿਝੇ ਹੋਏ ਸੁਰ 'ਚ ਉਹ ਬੋਲੀ।

ਉਸ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਉਹ ਬੋਲ ਪਿਆ, ''ਨਾ ਹੋਰ ਕਿਸੇ ਸਕੂਲ 'ਚ ਕਿਉਂ? ਇਸ ਤੋਂ ਵਧੀਆ ਹੋਰ ਕਿਹੜਾ ਸਕੂਲ ਹੋਣਾ ਏ? ਸਾਡੀ ਸਭਾ ਦੇ ਜਨਰਲ ਸਕੱਤਰ ਦਾ ਬੇਟਾ ਸੈਂਡੀ ਵੀ ਉਸੇ ਸਕੂਲ 'ਚ ਪੜ੍ਹਦਾ ਏ। ਕਿਧਰੇ ਗੱਲ ਕਰਕੇ ਵੇਖੋ ਉਸ ਨਾਲ, ਐਸੀ ਫਰਾਟੇਦਾਰ ਅੰਗਰੇਜ਼ੀ ਬੋਲਦਾ ਏ ਕਿ ਸੁਣਨ ਵਾਲੇ ਦਾ ਮੂੰਹ ਹੀ ਅੱਡਿਆ ਰਹਿ ਜਾਂਦਾ ਏ। ਮੇਰਾ ਤਾਂ ਸੁਪਨਾ ਏ ਕਿ ਸਾਡਾ ਹੈਰੀ ਵੀ ਇੰਜ ਹੀ ਪਾਣੀ ਵਾਂਗ ਅੰਗਰੇਜ਼ੀ ਬੋਲੇ। ਨਾਲੇ ਉਂਜ ਵੀ ਜ਼ਮਾਨਾ ਬੜਾ ਐਡਵਾਂਸ ਆ ਰਿਹੈ। ਪੰਜਾਬੀ-ਪੰਜੂਬੀ ਨੂੰ ਕਿਸੇ ਨੇ ਨਹੀਂ ਪੁੱਛਣਾ। ਜੇ ਕਿਧਰੇ ਅੰਗਰੇਜ਼ੀ ਨਾ ਆਉਂਦੀ ਹੋਈ ਤਾਂ ਆਹ ਸਾਰੀ ਪੜ੍ਹਾਈ-ਲਿਖਾਈ ਦਾ ਧੇਲਾ ਮੁੱਲ ਨਹੀਂ ਰਹਿਣਾ... ਦਾਖ਼ਲਾ ਤਾਂ ਮੈਂ ਹੈਰੀ ਦਾ ਇਸੇ ਸਕੂਲ 'ਚ ਹੀ ਕਰਵਾਊਂ। ਇਹਦੇ ਲਈ ਭਾਵੇਂ ਮੈਨੂੰ ਐੱਮ.ਐੱਲ.ਏ. ਤੋਂ ਹੀ ਫੋਨ ਕਿਉਂ ਨਾ ਕਰਵਾਉਣਾ ਪਏ...।'' ਏਨਾ ਆ ਕੇ ਪੰਜਾਬੀ ਮਾਂ ਬੋਲੀ ਦੇ ਉਸ ਪਹਿਰੇਦਾਰ ਨੇ ਆਪਣੀ ਜੇਬ 'ਚੋਂ ਇੱਕ ਡਾਇਰੀ ਕੱਢੀ ਤੇ ਐੱਮ.ਐੱਲ.ਏ. ਦਾ ਫੋਨ ਨੰਬਰ ਲੱਭਣ ਲੱਗ ਪਿਆ।

# ਦਰਦ

ਲੇਖਕ : ਗੁਰਤੇਜ ਸਿੰਘ ਖੁਡਾਲ
ਸੰਪਰਕ: 94641-29118

''ਓਏ ਪੁੱਤਰੋ, ਤੁਸੀਂ ਕਦੋਂ ਉਡਾਰੀ ਮਾਰਨੀ ਹੈ...?'' ਕਰਤਾਰ ਸਿੰਘ ਨੇ ਆਪਣੇ ਗੁਆਂਢ ਦੇ ਪੰਜ ਛੇ ਉਨ੍ਹਾਂ ਨੌਜਵਾਨਾਂ ਨੂੰ ਪੁੱਛਿਆ, ਜੋ ਬਾਰ੍ਹਵੀਂ ਜਮਾਤ ਦੇ ਪੇਪਰ ਦੇ ਕੇ ਹਟੇ ਸਨ।

ਉਹ ਸਾਰੇ ਹੱਸਣ ਲੱਗੇ। ਕਹਿੰਦੇ, ''ਬਾਬਾ ਜੀ, ਉਡਾਰੀ ਮਾਰਨ ਨੂੰ ਅਸੀਂ ਕਿਹੜਾ ਪੰਛੀ ਹਾਂ!'' ''ਓਏ ਪੁੱਤਰੋ, ਜੋ ਉਡਾਰੀ ਪੰਛੀ ਮਾਰਦੇ ਹਨ, ਉਹ ਤਾਂ ਬਹੁਤ ਛੋਟੀ ਹੁੰਦੀ ਹੈ! ਉਹ ਸ਼ਾਮ ਨੂੰ ਆਪਣੇ ਆਲ੍ਹਣਿਆਂ 'ਚ ਵਾਪਸ ਆਪਣੇ ਬੱਚਿਆਂ ਕੋਲ ਜ਼ਰੂਰ ਆ ਜਾਂਦੇ ਹਨ। ਪਰ ਪੁੱਤਰੋ, ਜੋ ਉਡਾਰੀ ਤੁਸੀਂ ਮਾਰ ਜਾਂਦੇ ਹੋ! ਉਹ ਉਡਾਰੀ ਬਹੁਤ ਜ਼ਿਆਦਾ ਲੰਮੀ ਹੁੰਦੀ ਹੈ।'' ਇਹ ਕਹਿ ਕੇ ਕਰਤਾਰ ਸਿੰਘ ਦੀਆਂ ਅੱਖਾਂ ਅਤੇ ਗਲਾ ਭਰ ਆਇਆ, ''ਪਹਿਲਾਂ ਵੀ ਆਪਣੇ ਪਿੰਡ ਦੇ ਜਿੰਨੇ ਨੌਜਵਾਨ ਵਿਦੇਸ਼ ਗਏ ਹਨ, ਉਨ੍ਹਾਂ 'ਚੋਂ ਕੋਈ ਵਾਪਸ ਨਹੀਂ ਆਇਆ। ਉਹ ਉੱਥੇ ਪੱਕੇ ਤੌਰ 'ਤੇ ਰਹਿਣ ਲਈ ਦਿਨ ਰਾਤ ਕੰਮ ਵਿੱਚ ਲੱਗੇ ਰਹਿੰਦੇ ਹਨ। ਫਿਰ ਵਾਪਸ ਆਉਣਾ ਸ਼ਾਇਦ ਉਹ ਭੁੱਲ ਹੀ ਜਾਂਦੇ ਹਨ! ਪੁੱਤਰੋ, ਤੁਸੀਂ ਵੀ ਜਦੋਂ ਇੱਕ ਵਾਰ ਵਿਦੇਸ਼ ਚਲੇ ਗਏ, ਫਿਰ ਤੁਸੀਂ ਕਦੇ ਵੀ ਵਾਪਸ ਨਹੀਂ ਆਉਗੇ। ਪੁੱਤਰੋ, ਤੁਸੀਂ ਕਦੇ ਵੀ ਵਾਪਸ ਨਹੀਂ ਆਉਗੇ, ਕਦੇ ਵੀ ਨਹੀਂ!''

ਕਰਤਾਰ ਸਿੰਘ ਨੂੰ ਖਾਲੀ ਹੋ ਰਹੇ ਪੰਜਾਬ ਦੀ ਚਿੰਤਾ ਬਹੁਤ ਸਤਾ ਰਹੀ ਸੀ। ਉਸ ਨੇ ਆਪਣੇ ਪਰਿਵਾਰ ਵਿੱਚੋਂ ਕਿਸੇ ਨੂੰ ਵੀ ਵਿਦੇਸ਼ ਨਹੀਂ ਭੇਜਿਆ ਸੀ। ਉਹ ਚਾਹੁੰਦਾ ਸੀ ਕਿ ਕੋਈ ਵੀ ਆਪਣਾ ਪੰਜਾਬ ਛੱਡ ਕੇ ਵਿਦੇਸ਼ਾਂ ਵਿੱਚ ਨਾ ਜਾਵੇ। ਕੰਮ ਕਰਨ ਵਾਲੇ ਨੂੰ ਇੱਥੇ ਵੀ ਬਹੁਤ ਕੰਮਕਾਰ ਹਨ। ਜੇਕਰ ਵਿਦੇਸ਼ ਵਿੱਚ ਜਾ ਕੇ ਦਿਹਾੜੀ ਕਰਨੀ ਹੈ ਤਾਂ ਆਪਣੇ ਪੰਜਾਬ 'ਚ ਕਿਉਂ ਨਹੀਂ? ਇੱਥੇ ਦੱਸੋ ਪੰਜਾਬ ਵਿੱਚ ਕੌਣ ਭੁੱਖ ਨਾਲ ਮਰ ਗਿਆ! ਤੁਸੀਂ ਇੱਥੇ ਹੀ ਕੋਈ ਨਾ ਕੋਈ ਕੰਮ ਕਰੋ।

ਕਰਤਾਰ ਸਿੰਘ ਨੌਜਵਾਨਾਂ 'ਚ ਵਿਦੇਸ਼ ਜਾਣ ਦੇ ਵਧ ਰਹੇ ਰੁਝਾਨ ਨੂੰ ਰੋਕਣ ਤੋਂ ਆਪਣੇ ਆਪ ਨੂੰ ਬੇਵੱਸ ਅਤੇ ਲਾਚਾਰ ਮਹਿਸੂਸ ਕਰ ਰਿਹਾ ਸੀ। ਉਹ ਕਦੇ ਵਿਦੇਸ਼ ਜਾ ਰਹੇ ਨੌਜਵਾਨਾਂ ਅਤੇ ਕਦੇ ਉਨ੍ਹਾਂ ਦੇ ਮਾਪਿਆਂ ਨੂੰ ਕੋਸਦਾ ਰਹਿੰਦਾ। ਕਦੇ ਕਰਤਾਰ ਸਿੰਘ ਸਿਆਸੀ ਲੀਡਰਾਂ ਨੂੰ ਕੋਸਦਾ ਜਿਨ੍ਹਾਂ ਦੀਆਂ ਮਾੜੀਆਂ ਨੀਤੀਆਂ ਕਰਕੇ ਪੰਜਾਬ ਦਾ ਇਹ ਹਾਲ ਹੋਇਆ ਹੈ।

# ਦੇਸੀ ਤੜਕਾ

## ਪੰਜਾਬੀ ਸਟਾਈਲ ਰਾਜਮਾਂਹ



**ਸਮੱਗਰੀ**

- ਰਾਜਮਾਂਹ - 1/2 ਕੱਪ,
- 2 ਕੱਟੇ ਹੋਏ ਟਮਾਟਰ,
- 2 ਕੱਟੀਆਂ ਹਰੀਆਂ ਮਿਰਚਾਂ,
- 1 ਪਿਆਜ਼,
- 1/2 ਚਮਚ ਲਾਲ ਮਿਰਚ ਪਾਊਡਰ,
- 2 ਚਮਚ ਧਨੀਆ ਪਾਊਡਰ,
- 1 ਚਮਚ ਗਰਮ ਮਸਾਲਾ,
- 1 ਟੁਕੜਾ ਅਦਰਕ,
- 2 ਤੇਜ ਪੱਤੇ,
- 2 ਵੱਡੀ ਇਲਾਇਚੀ,
- 1/4 ਚਮਚ ਅਮਚੂਰ,
- ਕੱਟਿਆ ਹੋਇਆ ਹਰਾ ਧਨੀਆ,
- 3 ਚਮਚ ਤੇਲ,
- ਲੂਣ- ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਰਾਜਮਾਂਹ ਬਣਾਉਣ ਲਈ ਡੇਢ ਕੱਪ ਰਾਜਮਾਂਹ ਵਿੱਚ ਚਾਰ ਕੱਪ ਪਾਣੀ ਮਿਲਾ ਕੇ ਰਾਤ ਭਰ ਭਿਓਂ ਕੇ ਰੱਖੋ। ਜੇਕਰ ਤੁਸੀਂ ਘੱਟ ਸਮੇਂ 'ਚ ਰਾਜਮਾਂਹ ਬਣਾਉਣਾ ਚਾਹੁੰਦੇ ਹੋ ਤਾਂ ਰਾਜਮਾਂਹ ਨੂੰ ਗਰਮ ਪਾਣੀ 'ਚ 2-3 ਘੰਟੇ ਲਈ ਭਿਓ ਕੇ ਰੱਖੋ। ਇਸ ਤੋਂ ਬਾਅਦ ਪ੍ਰੈਸ਼ਰ ਕੁੱਕਰ 'ਚ ਰਾਜਮਾਂਹ, ਤੇਜ ਪੱਤਾ, ਵੱਡੀ ਇਲਾਇਚੀ ਅਤੇ ਇਕ ਚਮਚ ਨਮਕ ਪਾ ਕੇ ਘੱਟ ਅੱਗ 'ਤੇ ਉਬਾਲਣ ਲਈ ਰੱਖੋ। ਇਨ੍ਹਾਂ ਨੂੰ ਉਬਾਲਣ 'ਚ 15 ਤੋਂ 20 ਮਿੰਟ ਲੱਗਣਗੇ। ਪਿਆਜ਼, ਅਦਰਕ ਅਤੇ ਹਰੀ ਮਿਰਚ ਨੂੰ ਮਿਕਸਰ 'ਚ ਪਾ ਕੇ ਬਰੀਕ ਪੇਸਟ ਬਣਾ ਲਓ। ਇਸ ਤੋਂ ਬਾਅਦ ਟਮਾਟਰ ਨੂੰ ਕੱਟ ਲਓ ਅਤੇ ਮਿਕਸਰ 'ਚ ਪੀਸ ਲਓ। ਹੁਣ ਇਕ ਕੜਾਹੀ ਲੈ ਕੇ ਇਸ ਵਿਚ ਤੇਲ ਪਾ ਕੇ ਮੱਧਮ ਅੱਗ 'ਤੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਪਿਆਜ਼ ਦਾ ਪੇਸਟ ਪਾ ਕੇ ਸੁਨਹਿਰੀ ਹੋਣ ਤੱਕ ਭੁੰਨ ਲਓ। ਜਦੋਂ ਪਿਆਜ਼ ਸੁਨਹਿਰੀ ਹੋ ਜਾਵੇ ਤਾਂ ਇਸ 'ਚ ਲਾਲ ਮਿਰਚ ਪਾਊਡਰ, ਧਨੀਆ, ਗਰਮ ਮਸਾਲਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਲਗਭਗ 1 ਮਿੰਟ ਤੱਕ ਭੁੰਨ ਲਓ। ਇਸ ਤੋਂ ਬਾਅਦ ਇਸ 'ਚ ਟਮਾਟਰ ਦੀ ਪਿਊਰੀ ਪਾਓ ਅਤੇ ਮਸਾਲਾ ਤੇਲ ਛੱਡਣ ਤੱਕ ਪਕਾਓ। ਇਸ ਤੋਂ ਬਾਅਦ ਉਬਲੇ ਹੋਏ ਰਾਜਮਾਂਹ ਨੂੰ ਇਸ ਭੁੰਨੇ ਹੋਏ ਮਸਾਲੇ 'ਚ ਪਾਓ। ਰਾਜਮਾਂਹ ਨੂੰ ਮਸਾਲੇ ਦੇ ਨਾਲ ਚੰਗੀ ਤਰ੍ਹਾਂ ਮਿਲਾਓ। ਹੁਣ ਇਸ ਨੂੰ ਕਰੀਬ 10 ਮਿੰਟ ਹੋਰ ਪੱਕਣ ਦਿਓ। ਇਸ ਤੋਂ ਬਾਅਦ ਗੈਸ ਬੰਦ ਕਰ ਦਿਓ। ਇਸ ਤਰ੍ਹਾਂ ਤੁਹਾਡਾ ਸੁਆਦੀ ਰਾਜਮਾਂਹ ਤਿਆਰ ਹੈ। ਇਸ ਨੂੰ ਹਰੇ ਧਨੀਏ ਨਾਲ ਗਾਰਨਿਸ਼ ਕਰੋ। ਤੁਸੀਂ ਰਾਜਮਾਂਹ ਨੂੰ ਰੋਟੀ ਜਾਂ ਚੌਲਾਂ ਨਾਲ ਖਾ ਸਕਦੇ ਹੋ।

## ਦੱਖਣੀ ਭਾਰਤ ਦਾ ਮਸ਼ਹੂਰ ਮੇਦੂ ਵੜਾ



**ਸਮੱਗਰੀ**

- ਉੜਦ ਦੀ ਦਾਲ - 1 ਕੱਪ
- ਸੁੱਕਾ ਨਾਰੀਅਲ - 1 ਚਮਚ
- ਚੌਲਾਂ ਦਾ ਆਟਾ - 1 ਚਮਚ
- ਅਦਰਕ ਬਾਰੀਕ ਕੱਟਿਆ - 1 ਚਮਚ
- ਹਿੰਗ - 1 ਚੂੰਡੀ
- ਕੱਟੀਆਂ ਹੋਈਆਂ ਹਰੀਆਂ ਮਿਰਚਾਂ - 2
- ਕਰੀ ਪੱਤੇ - 7-8
- ਧਨੀਆ ਪੱਤੇ ਕੱਟੇ ਹੋਏ - 2 ਚਮਚ
- ਤੇਲ - ਲੋੜ ਅਨੁਸਾਰ
- ਲੂਣ - ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਮੇਦੂ ਵੜਾ ਬਣਾਉਣ ਲਈ ਸਭ ਤੋਂ ਪਹਿਲਾਂ ਉੜਦ ਦੀ ਦਾਲ ਲਓ ਅਤੇ ਇਸ ਨੂੰ ਪਾਣੀ 'ਚ ਭਿਓ ਕੇ ਘੱਟੋ-ਘੱਟ 3 ਘੰਟੇ ਲਈ ਰੱਖ ਦਿਓ। ਨਿਰਧਾਰਤ ਸਮੇਂ ਤੋਂ ਬਾਅਦ, ਦਾਲ 'ਚੋਂ ਪਾਣੀ ਕੱਢ ਕੇ ਮਿਕਸਰ ਦੀ ਮਦਦ ਨਾਲ ਪੀਸ ਕੇ ਪੇਸਟ ਬਣਾ ਲਓ। ਧਿਆਨ ਰਹੇ ਕਿ ਦਾਲ ਦਾ ਬਹੁਤ ਪਤਲਾ ਪੇਸਟ ਬਣਾਉਣ ਦੀ ਬਜਾਏ ਪੇਸਟ ਨੂੰ ਥੋੜ੍ਹਾ ਮੋਟਾ ਰੱਖੋ। ਹੁਣ ਇਸ ਪੇਸਟ ਨੂੰ ਕਟੋਰੀ 'ਚ ਕੱਢ ਲਓ ਅਤੇ ਇਕ ਪਾਸੇ ਰੱਖ ਦਿਓ। ਇਸ ਤੋਂ ਬਾਅਦ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ ਅਤੇ ਇਸ ਨੂੰ ਉਦੋਂ ਤੱਕ ਹਿਲਾਉਂਦੇ ਰਹੋ ਜਦੋਂ ਤੱਕ ਕਿ ਬੈਟਰ ਹਲਕਾ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਕੱਟਿਆ ਹੋਇਆ ਅਦਰਕ, ਕੜੀ ਪੱਤਾ, ਹਰਾ ਧਨੀਆ, ਸੁੱਕਾ ਨਾਰੀਅਲ, ਹੀਂਗ, ਚੌਲਾਂ ਦਾ ਆਟਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ। ਇੱਕ ਵਾਰ ਫਿਰ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ।


ਹੁਣ ਇੱਕ ਕੜਾਹੀ ਲੈ ਕੇ ਇਸ ਵਿੱਚ ਤੇਲ ਪਾ ਕੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਆਪਣੇ ਹੱਥਾਂ ਨੂੰ ਗਿੱਲਾ ਕਰੋ ਅਤੇ ਇੱਕ ਛੋਟਾ ਬਾਲ ਸਾਈਜ਼ ਬੈਟਰ ਲੈ ਕੇ ਪਹਿਲਾਂ ਗੋਲ ਕਰੋ, ਫਿਰ ਇਸ ਨੂੰ ਹਥੇਲੀ 'ਤੇ ਚਪਟਾ ਕਰੋ ਅਤੇ ਵਿਚਕਾਰ ਇੱਕ ਸੁਰਾਖ ਬਣਾ ਲਓ। ਇਸੇ ਤਰ੍ਹਾਂ ਆਟੇ ਤੋਂ ਮੇਦੂ ਵੜਾ ਤਿਆਰ ਕਰੋ। ਹੁਣ ਇਨ੍ਹਾਂ ਨੂੰ ਪੈਨ 'ਚ ਪਾ ਕੇ ਫਰਾਈ ਕਰੋ। ਮੇਦੂ ਵੜਾ ਨੂੰ ਮੱਧਮ ਅੱਗ 'ਤੇ ਤਲਣ ਦਿਓ। ਇਨ੍ਹਾਂ ਨੂੰ ਦੋਹਾਂ ਪਾਸਿਆਂ ਤੋਂ ਗੋਲਡਨ ਬਰਾਊਨ ਹੋਣ ਤੱਕ ਫਰਾਈ ਕਰੋ। ਜਦੋਂ ਮੇਦੂ ਕੁਰਕੁਰਾ ਹੋ ਜਾਵੇ ਤਾਂ ਇਨ੍ਹਾਂ ਨੂੰ ਵੱਖ ਪਲੇਟ 'ਚ ਕੱਢ ਲਓ। ਇਸੇ ਤਰ੍ਹਾਂ ਸਾਰੇ ਮੇਦੂ ਵੜੇ ਨੂੰ ਤਲ ਲਓ। ਨਾਸ਼ਤੇ ਲਈ ਸੁਆਦੀ ਮੇਦੂ ਵੜਾ ਤਿਆਰ ਹੈ। ਇਨ੍ਹਾਂ ਨੂੰ ਸਾਂਬਰ ਜਾਂ ਚਟਨੀ ਨਾਲ ਪਰੋਸੋ।

# ਤਕਨਾਲੋਜੀ ਟਾਈਮਜ਼

## ਟਵਿੱਟਰ ਦਾ ਲੋਗੋ 34,375 ਡਾਲਰ ਵਿੱਚ ਹੋਇਆ ਨਿਲਾਮ

ਐਲੋਨ ਮਸਕ ਦੁਆਰਾ ਟਵਿੱਟਰ (ਹੁਣ ਐਕਸ) ਦੀ ਪ੍ਰਾਪਤੀ ਅਤੇ ਰੀਬ੍ਰਾਂਡਿੰਗ ਤੋਂ ਬਾਅਦ, ਸੋਸ਼ਲ ਮੀਡੀਆ ਪਲੇਟਫਾਰਮ ਦੇ ਕਈ ਪੁਰਾਣੇ ਚਿੰਨ੍ਹ ਹਟਾ ਦਿੱਤੇ ਗਏ ਸਨ। ਇਸ ਲੜੀ ਵਿੱਚ, ਟਵਿੱਟਰ ਦਾ ਆਈਕਾਨਿਕ ਬਲੂ ਬਰਡ ਲੋਗੋ, ਜੋ ਕਿ ਕਦੇ ਇਸਦੀ ਪਛਾਣ ਹੁੰਦਾ ਸੀ। ਇਸ ਨੂੰ 34,375 ਡਾਲਰ (ਲਗਭਗ 29 ਲੱਖ ਰੁਪਏ) ਵਿੱਚ ਨਿਲਾਮ ਕੀਤਾ ਗਿਆ।

ਇਹ ਲੋਗੋ ਸੈਨ ਫਰਾਂਸਿਸਕੋ ਵਿੱਚ ਟਵਿੱਟਰ ਹੈੱਡਕੁਆਰਟਰ ਵਿੱਚ ਲਗਾਇਆ ਗਿਆ ਸੀ ਅਤੇ ਇਸਦਾ ਵਜ਼ਨ 254 ਕਿਲੋਗ੍ਰਾਮ ਸੀ ਅਤੇ ਇਹ 12 ਫੁੱਟ ਲੰਬਾ ਅਤੇ 9 ਫੁੱਟ ਚੌੜਾ ਸੀ। ਇਸ ਨਿਲਾਮੀ ਦਾ ਆਯੋਜਨ ਆਰਆਰ() ਆਕਸ਼ਨ ਦੁਆਰਾ ਕੀਤਾ ਗਿਆ ਸੀ, ਜੋ ਕਿ ਇਤਿਹਾਸਕ ਅਤੇ ਦੁਰਲੱਭ ਵਸਤੂਆਂ ਦੀ ਵਿਕਰੀ ਲਈ ਜਾਣੀ ਜਾਂਦੀ ਹੈ। ਹਾਲਾਂਕਿ ਇਸ ਨੂੰ



ਖਰੀਦਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਗਈ ਹੈ।

ਨਿਲਾਮੀ ਵਿੱਚ ਹੋਰ ਮਹੱਤਵਪੂਰਨ ਵਸਤੂਆਂ

Apple-1 ਕੰਪਿਊਟਰ: 3.22 ਕਰੋੜ ਰੁਪਏ (3.75 ਲੱਖ ਡਾਲਰ) ਵਿੱਚ ਵਿਕਿਆ। ਸਟੀਵ ਜੌਬਸ ਦੁਆਰਾ ਦਸਤਖਤ ਕੀਤੇ ਗਏ ਚੈੱਕ: 96.3 ਲੱਖ ਰੁਪਏ (1,12,054 ਡਾਲਰ) ਵਿੱਚ ਨਿਲਾਮੀ ਕੀਤੀ ਗਈ।

ਧਿਆਨ ਯੋਗ ਹੈ ਕਿ ਐਲੋਨ ਮਸਕ ਨੇ 2022 ਵਿੱਚ ਟਵਿਟਰ ਨੂੰ 44 ਬਿਲੀਅਨ ਡਾਲਰ (ਕਰੀਬ 3,368 ਅਰਬ ਰੁਪਏ) ਵਿੱਚ ਖਰੀਦਿਆ ਸੀ। ਪ੍ਰਾਪਤੀ ਦੇ ਸਮੇਂ, ਮਸਕ ਨੇ ਕਿਹਾ ਸੀ ਕਿ ਉਹ ਸੁਤੰਤਰ ਸਪੀਚ ਨੂੰ ਉਤਸ਼ਾਹਿਤ ਕਰਨ ਅਤੇ ਟਵਿੱਟਰ ਨੂੰ ਨਵੀਆਂ ਵਿਸ਼ੇਸ਼ਤਾਵਾਂ ਦੇ ਨਾਲ ਇੱਕ ਬਿਹਤਰ ਪਲੇਟਫਾਰਮ ਬਣਾਉਣ 'ਤੇ ਕੰਮ ਕਰੇਗਾ।

## ਵਟਸਐਪ ਆਪਣੇ ਲੱਖਾਂ ਯੂਜ਼ਰਸ ਲਈ ਜਲਦ ਪੇਸ਼ ਕਰੇਗਾ ਮੋਸ਼ਨ ਫੋਟੋ ਫੀਚਰ

ਵਟਸਐਪ ਆਪਣੇ ਲੱਖਾਂ ਯੂਜ਼ਰਸ ਲਈ ਲਗਾਤਾਰ ਨਵੇਂ ਫੀਚਰਸ ਪੇਸ਼ ਕਰ ਰਿਹਾ ਹੈ। ਕੰਪਨੀ ਇਨ੍ਹਾਂ ਫੀਚਰਸ ਨਾਲ ਯੂਜ਼ਰਸ ਐਕਸਪੀਰਿਅੰਸ ਨੂੰ ਹੋਰ ਇਮਰਸਿਵ ਬਣਾਉਣ ਲਈ ਨਵੇਂ ਫੀਚਰਸ 'ਤੇ ਕੰਮ ਕਰ ਰਹੀ ਹੈ। ਹਾਲ ਹੀ 'ਚ ਆਈ ਇਕ ਰਿਪੋਰਟ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਕੰਪਨੀ ਾਂਹਓਟਸਅਪਪ ਦੇ ਐਂਡ੍ਰਾਇਡ ਵਰਜ਼ਨ 2.24.24.9 ਅਪਡੇਟ 'ਚ ਪਲੇਟਫਾਰਮ 'ਤੇ ਫੋਟੋ ਅਤੇ ਵੀਡੀਓ ਐਲਬਮ ਭੇਜਣ ਲਈ ਨਵਾਂ ਗੈਲਰੀ ਇੰਟਰਫੇਸ ਲਿਆਉਣ ਦੀ ਤਿਆਰੀ ਕਰ ਰਹੀ ਹੈ।

ਇਸ ਦੌਰਾਨ ਹੁਣ ਖਬਰ ਆ ਰਹੀ ਹੈ ਕਿ ਇਸ ਨਵੇਂ ਇੰਟਰਫੇਸ ਤੋਂ ਇਲਾਵਾ ਵਟਸਐਪ ਇਕ ਹੋਰ ਵੱਡੇ ਅਪਡੇਟ 'ਤੇ ਕੰਮ ਕਰ ਰਿਹਾ ਹੈ, ਜਿਸ ਨਾਲ ਤੁਸੀਂ ਮੋਸ਼ਨ ਫੋਟੋਜ਼ ਸ਼ੇਅਰ ਕਰ ਸਕੋਗੇ। ਇਹ ਨਵਾਂ ਫੀਚਰ ਐਂਡ੍ਰਾਇਡ 2.25.8.12 ਅਪਡੇਟ 'ਚ ਦੇਖਿਆ ਗਿਆ ਹੈ, ਜੋ ਗੂਗਲ ਪਲੇ ਸਟੋਰ 'ਤੇ ਉਪਲੱਬਧ ਹੈ। ਇਹ ਨਵਾਂ ਫੀਚਰ ਯੂਜ਼ਰਸ ਨੂੰ ਚੈਟਸ, ਗਰੁੱਪਾਂ ਅਤੇ ਚੈਨਲਾਂ 'ਚ ਮੋਸ਼ਨ ਫੋਟੋ ਭੇਜਣ ਦੀ ਇਜਾਜ਼ਤ ਦੇਵੇਗਾ। ਮਤਲਬ ਕਿ ਹੁਣ ਤੁਹਾਨੂੰ ਤਸਵੀਰਾਂ ਹਿਲਦੀਆਂ ਨਜ਼ਰ ਆਉਣਗੀਆਂ।

**ਕੀ ਹੈ ਮੋਸ਼ਨ ਫੋਟੋ ?**

ਆਈਫੋਨ ਦੀ ਵਰਤੋਂ ਕਰਨ ਵਾਲੇ ਲੋਕ ਇਨ੍ਹਾਂ ਫੀਚਰਸ ਨੂੰ ਚੰਗੀ ਤਰ੍ਹਾਂ



ਸਮਝ ਸਕਦੇ ਹਨ ਪਰ ਐਂਡ੍ਰਾਇਡ 'ਚ ਅਜਿਹਾ ਘੱਟ ਹੀ ਦੇਖਣ ਨੂੰ ਮਿਲਦਾ ਹੈ। ਅਸਲ ਵਿੱਚ, ਮੋਸ਼ਨ ਫੋਟੋ ਇੱਕ ਮੀਡੀਆ ਫਾਰਮੈਟ ਹੈ ਜੋ ਫੋਟੋ ਨੂੰ ਕਲਿੱਕ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੁਝ ਪਲਾਂ ਨੂੰ ਕੈਪਚਰ ਕਰਦਾ ਹੈ। ਰੈਗੂਲਰ ਫੋਟੋਆਂ ਦੇ ਮੁਕਾਬਲੇ, ਮੋਸ਼ਨ ਫੋਟੋਆਂ ਵਿੱਚ ਵੀਡਿਓ ਅਤੇ ਆਡੀਓ ਦੇ ਕੁਝ ਸਕਿੰਟ ਸ਼ਾਮਲ ਹੁੰਦੇ ਹਨ, ਜੋ ਯਾਦਾਂ ਨੂੰ ਹੋਰ ਖਾਸ ਬਣਾਉਂਦੇ ਹਨ।

ਹਾਲਾਂਕਿ, ਇਹ ਫੀਚਰ ਸੈਮਸੰਗ ਅਤੇ ਗੂਗਲ ਪਿਕਸਲ ਸਮਾਰਟਫੋਨਜ਼ ਵਿੱਚ ਉਪਲਬਧ ਹੈ, ਜਿੱਥੇ ਇਸਨੂੰ 'ਮੋਸ਼ਨ ਫੋਟੋਜ਼' ਜਾਂ 'ਟੌਪ ਸ਼ਾਟ' ਵਜੋਂ ਜਾਣਿਆ ਜਾਂਦਾ ਹੈ।

ਜਦੋਂ ਕਿ ਲਾਈਵ ਫੋਟੋਜ਼ ਨਾਮ ਦਾ ਇਹ ਫੀਚਰ ਐਪਲ ਦੇ ਆਈਫੋਨ 'ਤੇ ਬਹੁਤ ਮਸ਼ਹੂਰ ਹੈ, ਜੋ ਲੰਬੇ ਸਮੇਂ ਤੋਂ iS ਲਈ WhatsApp 'ਤੇ ਮੌਜੂਦ ਹੈ।

**ਕਿਵੇਂ ਕੰਮ ਕਰੇਗਾ ਇਹ ਖਾਸ ਫੀਚਰ ?**

ਨਵੀਂ ਅਪਡੇਟ ਤੋਂ ਬਾਅਦ, ਜਦੋਂ ਤੁਸੀਂ ਾਂਹਓਟਸਅਪਪ 'ਤੇ ਗੈਲਰੀ ਖੋਲ੍ਹਦੇ ਹੋ, ਤਾਂ ਤੁਸੀਂ ਫੋਟੋਆਂ ਨੂੰ ਮੋਸ਼ਨ ਫੋਟੋਆਂ ਦੇ ਰੂਪ ਵਿੱਚ ਵੀ ਭੇਜ ਸਕੋਗੇ। ਇਸ ਫੀਚਰ ਦੇ ਜ਼ਰੀਏ ਤੁਸੀਂ ਸਟੈਟਿਕ ਇਮੇਜ ਅਤੇ ਮੋਸ਼ਨ ਫੋਟੋ ਵਿਚਕਾਰ ਚੋਣ ਕਰ ਸਕੋਗੇ। ਜੇਕਰ ਮੋਸ਼ਨ ਫੋਟੋ ਦਾ ਆਪਸ਼ਨ ਉਪਲਬਧ ਹੈ ਤਾਂ ਯੂਜ਼ਰਸ ਇਸ ਨੂੰ ਇਕ ਕਲਿੱਕ ਨਾਲ ਆਸਾਨੀ ਨਾਲ ਸ਼ੇਅਰ ਕਰ ਸਕਣਗੇ। ਹਾਲਾਂਕਿ, ਇਹ ਵਿਸ਼ੇਸ਼ਤਾ ਫਿਲਹਾਲ ਟੈਸਟਿੰਗ ਪੜਾਅ ਵਿੱਚ ਹੈ ਅਤੇ ਆਉਣ ਵਾਲੇ ਨਵੇਂ ਅਪਡੇਟਾਂ ਵਿੱਚ ਹਰ ਕਿਸੇ ਲਈ ਪੇਸ਼ ਕੀਤਾ ਜਾਵੇਗਾ।

# ਕਾਵਿ ਕਿਆਰੀ

## ਰੰਗ ਜ਼ਿੰਦਗੀ ਦੇ

ਰੰਗ ਜ਼ਿੰਦਗੀ ਦੇ ਹਨ,
ਸੁਆਰਥ ਦੇ ਪ੍ਰਭਾਵ ਅਧੀਨ,
ਮਨੁੱਖ ਨੇ ਆਪਣੀ ਮਰਜ਼ੀ ਅਨੁਸਾਰ
ਇਨ੍ਹਾਂ ਰੰਗਾਂ ਨੂੰ ਵੱਖ ਵੱਖ ਨਾਮ ਦਿੱਤੇ!
ਕਦੇ ਧਾਰਮਿਕ ਆਧਾਰ 'ਤੇ,
ਕਈ ਵਾਰ ਜਜ਼ਬਾਤ ਕਰਕੇ।
ਚਿੱਟਾ ਰੰਗ ਬਣਇਆ ਅਨਾਥ ਦਾ ਚੋਲਾ ਤੇ
ਲਾਲ ਰੰਗ ਦੁਲਹਨ ਦਾ ਪਹਿਰਾਵਾ ਬਣ ਗਿਆ।
ਕਾਲਾ ਰੰਗ ਬਣਾਇਆ ਕਿਤੇ ਸੋਗ ਦਾ ਪ੍ਰਤੀਕ,
ਤੇ ਬਣ ਗਿਆ ਕਿਤੇ ਮਖੌਟਾ ਅਬਲਾ ਦਾ।
ਹਰਾ ਰੰਗ ਦਿੰਦਾ ਹੈ ਨਵੀਨਤਾ ਦਾ ਅਹਿਸਾਸ,
ਪੱਤਝੜ ਪੀਲੇ ਰੰਗ ਵਿੱਚ ਢਕੀ।
ਰੰਗਾਂ ਦੇ ਨਾਂ 'ਤੇ ਖੇਡਾਂ ਕਈ ਖੇਡੀਆਂ ਗਈਆਂ,
ਕਿ ਇਨਸਾਨੀਅਤ ਵੀ ਹੋ ਗਈ ਸ਼ਰਮਸਾਰ,
ਦੁਨੀਆ ਦੇ ਰਿਵਾਜ ਅਦਭੁੱਤ ਹਨ
ਰੰਗਾਂ ਨੂੰ ਹੀ ਸਾਰਿਆਂ ਨੇ ਦੋਸ਼ ਦਿੱਤਾ।
ਰੰਗ ਸਦਾ ਤੋਂ ਹੀ ਮਨੁੱਖ ਜਾਤੀ ਦੇ
ਮੋਹਰੇ ਅਤੇ ਹਥਿਆਰ ਬਣਦੇ ਰਹੇ,
ਜ਼ਿੰਦਗੀ ਸਾਰੇ ਰੰਗਾਂ ਨਾਲ ਭਰੀ ਹੋਈ ਹੈ
ਜੇ ਮਿਲ ਜਾਣ ਤਾਂ ਸਤਰੰਗੀ ਪੀਂਘ ਬਣ ਜਾਣ।
ਕੁਦਰਤ ਸਾਰੇ ਰੰਗਾਂ ਨੂੰ ਮਿਲਾ ਕੇ ਹੀ
ਸੁੰਦਰ ਬਣ ਸਕਦੀ ਹੈ,
ਧੁਨ ਸੰਗੀਤਕ ਹੈ ਜਾਂ ਤਾਲ ਦਿਲ ਦੀ ਧੜਕਣ,
ਰੰਗ ਕਣ ਕਣ ਵਿੱਚ ਮੌਜੂਦ ਹੈ।
ਸਰੀਰ ਦੀਆਂ ਨਾੜੀਆਂ ਹਰੀਆਂ ਨੀਲੀਆਂ ਹਨ
ਲਾਲ ਲਹੂ ਜੀਵਨ ਦਾ ਹੈ ਰੰਗ,
ਹਰ ਰੰਗ ਦੀ ਮਹਿਕ ਅਨੋਖੀ ਹੈ,
ਪਿਆਰ ਹਰ ਰੰਗ ਵਿੱਚ ਹੈ ਮੌਜੂਦ।
ਹੋਲੀ ਰੰਗਾਂ ਦਾ ਹੈ ਤਿਉਹਾਰ ਪਵਿੱਤਰ,
ਇਸ ਲਈ, ਅਸਮਾਨ ਰੰਗ ਵਿੱਚ ਰੰਗਿਆ
ਇਸ ਦਿਨ ਜਾ ਸਕਦਾ ਹੈ ਦੇਖਿਆ
ਇਸ ਦਿਨ ਰੰਗਾਂ ਦਾ ਫ਼ਰਕ
ਭੁੱਲ ਜਾਂਦੇ ਹਨ ਸਾਰੇ ਮਨੁੱਖ।
ਹੁੰਦੀ ਅੰਮ੍ਰਿਤ ਵਰਖਾ ਇਸ ਦਿਨ...
ਪਿਆਰ ਦੀ ਜ਼ਿੰਦਗੀ ਦਾ ਰੰਗ ਪੱਕਾ ਹੈ!
ਇਕੱਠੇ ਰਹਿਣ ਦਾ ਰੰਗ ਅਮਰ ਹੈ!!

**ਲੇਖਕ : ਮੁਨੀਸ਼ ਭਾਟੀਆ**
**ਸੰਪਰਕ: 9416457695**

## ਆਖਰ ਵੇਲਾ

ਕੱਚ, ਕੰਡੇ ਸਭ ਪਿੰਡੇ ਸਹਿਕੇ ।
ਸਫਰ ਮੈਂ ਅੱਜ ਮੁਕਾਇਆ ਨੀ ।
ਮੌਤ ਖੜ੍ਹੀ ਸਿਰਹਾਣੇ ਆ ਕੇ ।
ਘਰ ਤੇਰਾ ਪਰ ਆਇਆ ਨੀ ।
ਜਿੱਤ ਪੱਕੀ ਕਰ ਤੁਰਿਆ ਸਾਂ ਮੈਂ ।
ਵਕਤ ਨੇ ਅੱਜ ਹਰਾਇਆ ਨੀ ।
ਸਮਾਂ ਸਰੀਰ ਦਾ ਪੂਰਾ ਹੋਸੀ ।
ਕਿਥੋਂ ਦਿਆਂ ਕਿਰਾਇਆ ਨੀਂ ।

ਆਖਰ ਵੇਲਾ ਚਾਨਣ ਭਾਲਾਂ ।
ਦਿਸੇ ਹਨ੍ਹੇਰੀ ਰਾਤ ਨੀਂ ।
ਬੱਦਲਾਂ ਵੀ ਲੁਕੋਇਆ ਚਾਨਣ ।
ਦੂਰ ਦਿਸੇ ਪ੍ਰਭਾਤ ਨੀ ।
ਸਾਰੇ ਹੀ ਨੇ ਵੈਰੀ ਹੋਏ ।
ਕਿਸੇ ਨਾ ਪੁੱਛੀ ਬਾਤ ਨੀਂ ।
ਯਾਦ ਆਈ ਮੈਨੂੰ ਮੇਰੀ ਅੰਮੜੀ ।
ਹਰ ਦਮ ਕਰਦੀ ਝਾਤ ਨੀਂ ।

ਮੇਰੇ ਅੰਦਰ ਬਿਰਹਾ ਫੁੱਟਦਾ ।
ਤੇਰੇ ਅੰਦਰ ਹਾਸਾ ਨੀ ।
ਤੇਰਾ ਅੰਦਰ ਰੱਜਿਆ ਭਰਿਆ ।
ਮੇਰਾ ਅੰਦਰ ਪਿਆਸਾ ਨੀਂ ।
ਸਾੜ ਤੇਰਾ ਮੇਰਾ ਪਿੰਜਰ ਸਾੜੇ ।
ਬਚਿਆ ਮਾਸ ਨਾ ਮਾਸਾ ਨੀ ।
ਘੁੱਲ ਹੀ ਜਾਣਾ ਅਰਜ ਨੇ ਆਖਿਰ ।
ਪਾਣੀ ਵਿੱਚ ਪਤਾਸਾ ਨੀ ।

**ਲੇਖਕ : ਅਰਜ਼ਪ੍ਰੀਤ**

## ਗ਼ਜ਼ਲ

ਮੇਰੇ ਸਿਰ ਅਹਿਸਾਨ ਚੜ੍ਹੇ ਨੇ
'ਘਰ' ਦੀ ਥਾਂ 'ਮਕਾਨ' ਬੜੇ ਨੇ।
ਜਿਸ ਨੇ ਅੱਗੇ ਵਧਣਾ ਹੁੰਦਾ
ਉਸ ਦੇ ਲਈ ਅਸਮਾਨ ਬੜੇ ਨੇ।
ਮੁਲਕ ਦੀ ਖ਼ਾਤਿਰ ਜਾਨਾਂ ਵਾਰਨ
ਐਸੇ ਪੁੱਤ ਮਹਾਨ ਬੜੇ ਨੇ।
ਭੀੜ ਪਏ 'ਤੇ ਵੀ ਨਾ ਡੋਲੇ
ਐਸੇ ਸਖ਼ਤ ਚੱਟਾਨ ਬੜੇ ਨੇ।
ਦੌਲਤ, ਸ਼ੁਹਰਤ ਪਾ ਨਾ ਬਦਲੇ
ਐਸੇ ਵੀ ਇਨਸਾਨ ਬੜੇ ਨੇ।
ਇਹ ਧਰਤੀ ਏ ਸ਼ਾਇਰਾਂ ਮੱਲੀ
'ਤੁਲਸੀ' ਤੇ 'ਰਸਖ਼ਾਨ' ਬੜੇ ਨੇ।
ਠੋਕਰ ਵਿੱਚ ਜ਼ਮਾਨਾ ਰੱਖਦੇ
ਐਸੇ ਖੱਬੀਖਾਨ ਬੜੇ ਨੇ।

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**ਸੰਪਰਕ: 97816-46008**

## ਸ਼ਾਂਤੀ ਦੀ ਭਾਲ 'ਚ

ਸ਼ਾਂਤੀ ਦੀ ਭਾਲ 'ਚ ਮੈਂ ਚੱਲੀ ਜਾਵਾਂ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਠਕ ਠੱਕ ਠਕ ਠੱਕ,
ਸੁੱਚਾਂ ਦੀ ਆਵਾਜ਼,
ਧਮ ਧਮ ਧਮ,
ਮਸ਼ੀਨ ਕਰੀ ਜਾਵੇ,
ਕਿੱਥੇ ਆ ਗਏ, ਮੈਂ ਸੋਚੀ ਜਾਵਾਂ ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਚਹੁੰ ਪਾਸੇ ਇਮਾਰਤਾਂ ਹੀ ਇਮਾਰਤਾਂ!
ਛੋਟੇ ਛੋਟੇ ਹੱਥਾਂ ਵਿੱਚ ਇੱਟਾਂ!
ਪਸੀਨੇ ਨਾਲ ਨਹਾਉਂਦਾ ਪਰਿਵਾਰ!
ਭੁੱਖ ਨੂੰ ਲੁਕਾਉਂਦਾ ਮਾਂ ਬਾਪ!
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਇੰਨੇ ਨੂੰ ਨਜ਼ਰਾਂ ਨੇ ਝਾਤੀ ਜ਼ਰਾ ਲੰਬੀ ਮਾਰੀ,
ਉਹ ਦੇਖ ਜਿੱਥੇ ਰੁੱਖ ਦਿਸਦੇ,
ਬੱਚਿਆਂ ਲਾਗੇ ਫੁੱਲ ਪਏ ਖਿੜਦੇ,
ਚੱਲ ਓਸੇ ਤਾਂਘ 'ਚ ਪੈਰ ਮੈਂ ਪੁੱਟੀ ਜਾਵਾਂ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਫਾਸਲਾ ਹੁਣ ਕੁਝ ਹੀ ਦੂਰੀ ਦਾ ਸੀ,
ਨੱਚ ਰਹੀ ਨਸ ਹੁਣ ਥਮ ਰਹੀ ਸੀ,,
ਖਿਆਲੀ ਮਹਿਕ ਮੇਰਾ ਮਨ ਛੂਹ ਰਹੀ ਸੀ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਖਿੜ ਖਿੜ ਕਰਦਾ ਉਹ ਹਾਸਾ,
ਕੁਝ ਪੁਲਾਂਘਾਂ ਪੁੱਟੀਆਂ ਤੇ ਉਹ ਢਾਂਚਾ,
ਫਿਰ ਮੇਰੀ ਅੱਖਾਂ ਮੂਹਰੇ ਆ ਗਿਆ,
ਦੋ-ਦੋ, ਸ਼ੀਸ਼ੇ ਜੜੀ ਨਿਆਣੇ ਬੈਠੇ ਸੀ,
ਖਿੜੇ ਫੁੱਲਾਂ ਦੀ ਥਾਂ ਫ਼ੋਨ ਲੈ ਕੇ ਬੈਠੇ ਸੀ,
ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ।

ਬਾਈਕ ਦੀ ਆਵਾਜ਼ ਸੁਣ ਉਨ੍ਹਾਂ ਉੱਪਰ ਝਾਕਿਆ,
ਅੱਖਾਂ ਥੱਲੇ ਕਾਲੇ ਘੇਰਿਆਂ ਮੈਨੂੰ ਤੱਕਿਆ,
ਇੰਨੀ ਚੁੱਪ ਪਸਰੀ ਦੇਖ ਮੇਰਾ ਮਨ ਡੋਲ ਗਿਆ!
ਉੱਚੀਆਂ ਇਮਾਰਤਾਂ ਵਿੱਚ ਬੈਠੇ ਦੇਖ,
ਮੇਰਾ ਸਾਹ ਘੁਟ ਗਿਆ।

ਦੂਰ ਕਿਤੇ ਕੁਦਰਤ ਦੇ ਸਾਹਵੇਂ ਹੋਵਾਂ,
ਬਸ ਚੱਲੀ ਜਾਵਾਂ, ਮੈਂ ਚੱਲੀ ਜਾਵਾਂ...।

**ਲੇਖਕ : ਮੁਸਕਾਨ**

## ਖ਼ੁਦਗਰਜ਼ੀ

ਹੇ ਖ਼ੁਦਾ ਮੈਂ ਪ੍ਰੀਤ ਤੇਰੇ ਨਾਲ ਲਾ ਬੈਠੀ ,
ਤੂੰ ਅਪਣਾਉਣਾ ਜਾਂ ਠੁਕਰਾਉਣਾ ਇਹੋ
ਤੇਰੀ ਮਰਜ਼ੀ ਏ।
ਤੈਨੂੰ ਵਿਸਾਰ ਕੇ ਸਭ ਨੂੰ ਆਪਣਾ ਸਮਝ ਲੈ ਮੈ,
ਬੇਗਾਨਿਆਂ ਲਈ ਤੈਨੂੰ ਭੁੱਲਣਾ
ਇਹ ਮੇਰੀ ਖ਼ੁਦਗਰਜ਼ੀ ਏ।
ਤੂੰ ਦੇਖ ਤਾਂ ਸਹੀ ਕਿੰਝ ਮੀਨ ਵਾਂਗ ਤੜਪਾ ਮੈ,
ਮੈਂ ਸੁਣਿਆ ਤੇਰੀ ਨਿਗਾਹ
ਤਾਂ ਪਾਰਦਰਸ਼ੀ ਏ।
ਲਾਇਆ ਨਾ ਕਿਨਾਰੇ ਕਿਸੇ
ਜ਼ਿੰਦਗੀ ਦੀ ਬੇੜੀ ਨੂੰ, ਤੇਰੇ ਬਿਨਾਂ ਜੱਗ ਝੂਠਾ
ਫਰੇਬੀ ਤੇ ਫਰਜ਼ੀ ਏ।
ਲੱਖਾਂ ਚੋਟਾਂ ਦੀ ਮਰਹਮ
ਤੇਰੀ ਨਿਗਾਂਹ ਮੇਹਰ ਦੀ ਏ ,
ਤੇਰੇ ਤੋਂ ਵੱਡਾ ਦੱਸ ਕੌਣ ਹਮਦਰਦੀ ਏ।
ਸਭ ਦੁੱਖ ਭੁੱਲ ਜਾਂਦੀ ਤੇਰੇ ਦਰ ਤੇ ਆ ਕੇ ਮੈ,
ਪਰ ਜਿੰਦ ਤੈਨੂੰ ਦੁਬਾਰਾ ਖੋਹਣ ਤੋਂ ਡਰਦੀ ਏ।
ਕਈ ਜਨਮਾਂ ਦੇ ਪਾਪ
ਇਕ ਛਿਨ 'ਚ ਧੋ ਦਿੰਦੀ
ਜਦ ਨਾਮ ਤੇਰੇ ਦੀ
ਅੰਮ੍ਰਿਤ ਵਰਖਾ ਵਰਦੀ ਏ।

**ਲਿਖਤ : ਨਵਦੀਪ ਕੌਰ**
**ਸੰਪਰਕ 1-672-272-3164**

## ਸਪੂਤ

ਭਾਰਤ ਮਾਂ ਦੇ ਲੇਖੇ ਜਿੰਦ ਆਪਣੀ ਲਾ ਗਿਆ।
ਸ਼ਹੀਦੀ ਦਾ ਮਾਣ ਭਗਤ ਸਿੰਘ ਪਾ ਗਿਆ।
ਮਾਂ ਨੂੰ ਆਜ਼ਾਦ ਕਰਾਉਣ ਦਾ ਮਨ ਬਣਇਆ ਸੀ।
ਇਸ ਖ਼ਾਤਰ ਸ਼ੇਰ ਨੇ ਡਾਢਾ ਕਸ਼ਟ ਉਠਾਇਆ ਸੀ।
ਜ਼ਿੰਦਗੀ ਦਾ ਸੁਖ-ਆਰਾਮ ਦਾਅ 'ਤੇ ਲਾ ਗਿਆ।
ਭਗਤ ਸਿੰਘ ਅਣਖੀਲਾ, ਜੋਸ਼ੀਲਾ ਨੌਜਵਾਨ ਸੀ।
ਉਮਰੋਂ ਵੱਧ ਸਿਆਣਾ, ਦਲੇਰ, ਗਿਆਨਵਾਨ ਸੀ।
ਸੁਝਬੂਝ, ਉੱਚੇ ਵਿਚਾਰਾਂ ਦਾ ਲੋਹਾ ਮਨਵਾ ਗਿਆ।
ਕਲਮ ਦਾ ਧਨੀ, ਸਾਹਿਤ ਪੜ੍ਹਨ ਦਾ ਸ਼ੌਕੀਨ ਸੀ।
ਮਾਂ ਦੀ ਗੁਲਾਮੀ ਨੂੰ ਸਮਝਦਾ ਤੌਹੀਨ ਸੀ।
ਆਜ਼ਾਦੀ ਦੇ ਘੋਲ 'ਚ ਆਪਣੇ ਜੌਹਰ ਦਿਖਾ ਗਿਆ।
ਗੋਰਿਆਂ ਦੇ ਜ਼ੁਲਮਾਂ ਨਾਲ ਡਟਕੇ ਮੱਥਾ ਲਾਇਆ ਸੀ।
ਇਨ੍ਹਾਂ ਅੱਗੇ ਸੂਰੇ ਸਿਰ ਹਰਗਿਜ਼ ਨਾ ਝੁਕਾਇਆ ਸੀ।
ਜੇਲ੍ਹਾਂ ਵਿੱਚ ਚੜ੍ਹਦੀ ਕਲਾ 'ਚ ਵਕਤ ਲੰਘਾ ਗਿਆ।
ਆਪਣੀ ਵੀਰਤਾ ਦਾ ਸੂਰਬੀਰ ਸਿੱਕਾ ਜਮਾ ਗਿਆ।
ਖਿੜੇ ਮੱਥੇ ਫਾਂਸੀ ਦਾ ਫੰਦਾ ਗਲ ਪਾਇਆ ਸੀ।
ਰਾਜਗੁਰ, ਸੁਖਦੇਵ ਨੇ ਹੱਸਦੇ ਸਾਥ ਨਿਭਾਇਆ ਸੀ।
'ਪ੍ਰੇਮੀ' ਭਗਤ ਸਿੰਘ ਮਾਂ ਦਾ ਸਪੂਤ ਅਖਵਾ ਗਿਆ।

**ਲੇਖਕ : ਸੁੰਦਰਪਾਲ ਪ੍ਰੇਮੀ**
**ਸੰਪਰਕ: 98140-51099**

## ਕੁਈ ਮਹਿਕਦਾ ਦਰਿਆ ਮਿਲੇ

ਸ਼ਬਦ ਦਾ ਕੁਈ ਮਹਿਕਦਾ ਦਰਿਆ ਮਿਲੇ।
ਮੇਰੀ ਕਿਸ਼ਤੀ ਨੂੰ ਕਿਨਾਰਾ ਆ ਮਿਲੇ।
ਆਪਣੇ ਨ੍ਹੇਰੇ 'ਚ ਡੁੱਬਕੇ ਵੇਖਣਾ ਹੈ,
ਸ਼ਾਇਦ ਚਾਨਣ ਦਾ ਕੁਈ ਕਤਰਾ ਮਿਲੇ।
ਉੱਡਦੇ ਜਾਂਦੇ ਨੇ ਪੰਛੀ ਹਸਰਤਾਂ ਦੇ,
ਜਿਪਸੀਆਂ ਨੂੰ ਵੀ ਕਿਤੋਂ ਹੁਜਰਾ ਮਿਲੇ।
ਜੋ ਨਦੀ ਤੜਫੀ ਹੈ ਰੇਗਿਸਤਾਨ ਵਿਚ,
ਓਸਨੂੰ ਫੁੱਲਾਂ ਦਾ ਗੁਲਦਸਤਾ ਮਿਲੇ।
ਬਾਰਸ਼ਾਂ ਦੀ ਤਲੀ ਤੇ ਮੌਸਮ ਸੁਹਾਣਾ,
ਬਿਰਖ ਨੂੰ ਸ਼ਾਇਦ ਹਰਾ ਪੱਤਾ ਮਿਲੇ।
ਪੈਰੀਂ ਭਟਕਣ ਦੀ ਹੈ ਝਾਂਜਰ ਛਣਕਦੀ,
ਏਸ ਤਿੱਤਰੀ ਨੂੰ ਕਿਤੇ ਗੋਸ਼ਾ ਮਿਲੇ।
ਰੋਗੀ ਜਿਹਨਾਂ ਨੇ ਹੈ ਜੋ ਜ਼ਖ਼ਮੀ ਕਰੀ,
ਓਸ ਮਸਜਿਦ ਨੂੰ ਮਿਰਾ ਸਜਦਾ ਮਿਲੇ।
ਦਰਦ ਦਾ ਸੂਰਜ ਮੁਨੱਵਰ ਹੋ ਰਿਹਾ ਹੈ,
ਰਾਤ ਨੂੰ ਸ਼ਾਇਦ ਨਵਾਂ ਖ਼ਤਰਾ ਮਿਲੇ।

**ਲੇਖਕ : ਅਜਮੇਰ ਗਿੱਲ**

## ਚੋਣਾਂ ਦਾ ਐਲਾਨ

ਚੋਣਾਂ ਦਾ ਐਲਾਨ ਹੋ ਗਿਆ।
ਭੋਲਾ ਹਰ ਸ਼ੈਤਾਨ ਹੋ ਗਿਆ।
ਧੌਣ ਝੁਕਾਈ ਦੇਖੋ ਕਿੱਦਾਂ
ਨਿਰਬਲ, ਹੁਣ ਬਲਵਾਨ ਹੋ ਗਿਆ।
ਦਾਰੂ ਮਿਲਣੀ ਮੁਫ਼ਤੋ ਮੁਫ਼ਤੀ
ਕੈਸਾ ਇਹ ਫੁਰਮਾਨ ਹੋ ਗਿਆ।
ਇੱਕ ਦੂਜੇ 'ਤੇ ਦੋਸ਼ ਮੜ੍ਹਣਗੇ
ਚਾਲੂ ਫਿਰ ਘਮਸਾਨ ਹੋ ਗਿਆ।
ਚੋਣਾਂ ਤੱਕ ਨਾ ਬੇਲੀ ਕੋਈ
ਵੈਰੀ ਪਾਕਿਸਤਾਨ ਹੋ ਗਿਆ।
ਤੂੰ-ਤੂੰ ਮੈਂ-ਮੈਂ ਚਲਦੀ ਰਹਿਣੀ
ਰਕੀਬ ਭਾਈ ਜਾਨ ਹੋ ਗਿਆ।
ਜੋ ਸੀ ਆਕੜ-ਆਕੜ ਖੜ੍ਹਦਾ
ਨੇਤਾ ਹੀ ਬੇਜਾਨ ਹੋ ਗਿਆ।
ਪਹਿਲਾਂ ਲੁੱਟ-ਲੁੱਟ ਖਾਧਾ ਚੋਖਾ
ਚਾਲੂ ਹੁਣ ਤੋਂ ਦਾਨ ਹੋ ਗਿਆ।

**ਲੇਖਕ : ਹਰਦੀਪ ਬਿਰਦੀ**
**ਸੰਪਰਕ: 90416-00900**

## ਵੋਟਾਂ

ਵੋਟਾਂ ਆਈਆਂ, ਵੋਟਾਂ ਆਈਆਂ,
ਵੋਟਾਂ ਮੰਗਣ, ਆਉਣਗੇ ਸਾਰੇ...
ਨੀਲੀਆਂ, ਚਿੱਟੀਆਂ, ਪੀਲੀਆਂ ਵਾਲੇ,
ਘਰ ਘਰ ਸਭ ਦੇ, ਆਉਣਗੇ ਸਾਰੇ...
ਬਿਨਾਂ ਬੁਲਾਏ, ਸਾਰੇ ਲੀਡਰ,
ਪੈਰੀਂ ਹੱਥ, ਲਗਾਉਣਗੇ ਸਾਰੇ,
ਇੱਕ ਦੂਜੇ ਤੋਂ, ਅੱਗੇ ਵਧ ਵਧ,
ਆਪਣੇ ਸੋਹਲੇ, ਗਾਉਣਗੇ ਸਾਰੇ...
ਪੈਸਿਆਂ ਪਿੱਛੇ, ਵਿਕ ਨਾ ਜਾਇਓ,
ਖਰੀਦਣ ਤੁਹਾਨੂੰ, ਆਉਣਗੇ ਸਾਰੇ,
ਲਾਲਚ ਪਿੱਛੇ, ਵੋਟ ਨਾ ਪਾਇਓ,
ਲਾਲਚ ਤੁਹਾਨੂੰ, ਦੇਣਗੇ ਸਾਰੇ...
ਬੋਤਲ ਲਈ ਜ਼ਮੀਰ ਨਾ ਵੇਚਿਓ,
ਬੋਤਲਾਂ ਵੰਡਣ ਆਉਣਗੇ ਸਾਰੇ,
ਨਸ਼ਾ, ਮਹਿੰਗਾਈ, ਬੇਰੁਜ਼ਗਾਰੀ,
ਕੌਣ ਮੁਕਾਊ, ਪੁੱਛਿਓ ਸਾਰੇ...
ਚੰਗੇ ਬੰਦੇ ਚੁਣਨ ਦੇ ਲਈ,
ਤੁਸੀਂ ਇਕੱਠੇ ਹੋ ਜਾਓ ਸਾਰੇ...
ਖੁਡਾਲ ਜੇ ਵੇਲਾ ਹੱਥੋਂ ਲੰਘ ਗਿਆ,
ਫਿਰ ਪਛਤਾਵਾਂਗੇ ਆਪਾਂ ਸਾਰੇ...।

**ਲੇਖਕ : ਗੁਰਤੇਜ ਸਿੰਘ ਖੁਡਾਲ**
**ਸੰਪਰਕ: 94641-29118**

## ਤੇਰਾ ਸੁਪਨਾ

ਜੇ ਤੈਨੂੰ ਤੇਰਾ ਸੁਪਨਾ ਭੁਲ ਗਿਆ ਹੈ
ਤਾਂ ਚਿੰਤਾ ਨਾ ਕਰ
ਮੈਂ ਆਪਣੀਆਂ ਅੱਖਾਂ ਨਾਲ਼
ਤੇਰਾ ਸੁਪਨਾ ਦੇਖ ਲਿਆ ਸੀ

ਜੋ ਅਕਾਰ ਤੇਰੇ ਸਾਹਮਣੇ
ਫੁੱਲਾਂ ਦਾ ਗੁਲਦਸਤਾ ਲਈ ਖੜਾ ਸੀ
ਉਹ ਮੈਂ ਨਹੀਂ ਸਾਂ
ਜੋ ਉਂਗਲਾਂ ਤੇਰੇ ਲੰਮੇ ਕੇਸਾਂ ਵਿਚ
ਫਿਰ ਰਹੀਆਂ ਸਨ
ਉਹ ਮੇਰੀਆਂ ਨਹੀਂ ਸਨ

ਜੋ ਛਤਰੀ ਅਚਾਨਕ
ਤੇਰੇ ਹਥੋਂ ਛੁੱਟ ਕੇ ਅਸਮਾਨ ਵਿਚ
ਅਲੋਪ ਹੋ ਗਈ ਸੀ
ਉਹ ਮੈਂ ਸਾਂ

ਤੂੰ ਨਿਰਵਸਤਰ ਹੋ
ਸੁਤੰਤਰਤਾ ਦੀ ਵਰਖਾ ਵਿਚ ਤੁਰੇਂ
ਹੱਸੇਂ ਨੱਸੇਂ ਤਿਲ੍ਹਕੇਂ ਅਤੇ ਤਿਲ੍ਹਕਦੀ ਦੀ
ਤੇਰੀ ਅੱਖ ਖੁਲ੍ਹੇ
ਮੈਂ ਤਾਂ ਏਹੋ ਚਾਹਿਆ ਸੀ

**ਲੇਖਕ : ਅਜਮੇਰ ਰੋਡੇ**

## ਸੀਨੀਅਰ ਲੀਡਰ

ਸੀਨੀਅਰ ਲੀਡਰ ਹਾਂ ਅਸੀਂ
ਸੀਨੀਅਰ ਲੀਡਰ!
ਇਸ ਪਾਰਟੀ ਵਿੱਚ
ਅਸੀਂ ਵਰਕਰ ਸਾਂ ਪਹਿਲੋਂ
ਫੇਰ ਬਲਾਕ ਪ੍ਰਧਾਨ
ਜ਼ਿਲ੍ਹਾ ਪ੍ਰਧਾਨ ਤੋਂ
ਸੂਬਾ ਪ੍ਰਧਾਨ ਹੁੰਦਿਆਂ
ਐੱਮ.ਐੱਲ.ਏ. ਵੀ ਰਹੇ
ਫੇਰ ਮੰਤਰੀ ਪਦ ਮਾਣਿਆ
ਦਮ ਘੁਟਣ ਲੱਗਾ ਫਿਰ
ਇਸ ਪਾਰਟੀ ਵਿੱਚ ਸਾਡਾ
ਅੱਚਵੀ ਜਿਹੀ ਲੱਗਣ ਲੱਗੀ
ਘੜਤੋੜ ਜਿਹੀ ਜਾਪਣ ਲੱਗੀ
ਰਾਜਨੀਤਕ ਘੜਤੋੜ
ਸਥਿਤੀਆਂ ਬਦਲੀਆਂ
ਸਮੀਕਰਨ ਬਦਲੇ
ਮਾਰ ਛੜੱਪੇ ਫੇਰ ਅਸੀਂ
ਕਦੇ ਏਸ ਪਾਰਟੀ
ਕਦੇ ਓਸ ਪਾਰਟੀ
ਪਰ ਦੇਖੋ!
ਕਮਾਲ ਅਸਾਡਾ
ਨਵੀਂ ਪਾਰਟੀ ਵਿੱਚ ਵੀ
ਰਹਿੰਦੇ ਅਸੀਂ
ਸੀਨੀਅਰ ਲੀਡਰ ਹੀ ਹਾਂ
ਅਸੀਂ ਜਿਸ ਵੀ ਪਾਰਟੀ
ਵਿੱਚ ਹੁੰਦੇ ਹਾਂ ਸ਼ਾਮਿਲ
ਆਪਣੀ ਸੀਨੀਆਰਤਾ
ਨਾਲ ਲੈ ਕੇ ਜਾਂਦੇ ਹਾਂ
ਅਸੀਂ ਕੋਈ ਮੁਲਾਜ਼ਮ ਥੋੜ੍ਹੇ ਹਾਂ
ਜੋ ਸੀਨੀਆਰਤਾ ਛੱਡਾਂਗੇ
ਦੂਜੇ ਵਿਭਾਗ ਵਿੱਚ ਜਾ ਕੇ
ਜਿਸ ਮਰਜ਼ੀ ਪਾਰਟੀ ਵਿੱਚ ਹੋਈਏ
ਟਿਕਟਾਂ ਸਾਨੂੰ ਹੀ ਮਿਲਦੀਆਂ ਹਨ
ਲਤਾੜ ਕੇ ਹੇਠਲੇ ਵਰਕਰਾਂ ਨੂੰ
ਰੋਂਦ ਕੇ ਟਕਸਾਲੀ ਲੀਡਰਾਂ ਨੂੰ
ਦੇਖਿਆ!
ਲੀਡਰ, ਲੀਡਰ ਹੀ ਰਹਿੰਦੇ ਨੇ
ਤੇ ਵਰਕਰ, ਵਰਕਰ ਹੀ
ਦਰੀਆਂ ਵਿਛਾਉਣ ਨੂੰ
ਰੈਲੀਆਂ 'ਚ ਨਾਅਰੇ ਲਾਉਣ ਨੂੰ।

**ਲੇਖਕ : ਰੰਜੀਵਨ ਸਿੰਘ**
**ਸੰਪਰਕ: 98150-68816**

## ਦਰਿਆ ਅਤੇ ਤੜਪਦੀ ਜ਼ਮੀਨ

ਦਰਿਆ ਉਸ ਮਿੱਟੀ ਵਿੱਚ
ਵਿਅਰਥ ਵਗਦਾ ਰਿਹਾ
ਜਿੱਥੇ ਉਸਦੀ ਜ਼ਰੂਰਤ ਨਹੀਂ ਸੀ

ਧਰਤੀ ਉਸਨੂੰ ਆਪਣੇ ਪਿੰਡੇ ਨਾਲੋਂ
ਲਾਹ ਲਾਹ ਕੇ ਸੁੱਟਦੀ
ਤੇ ਦੂਰ ਬੰਜਰ ਜ਼ਮੀਨਾਂ
ਉਸਦੀ ਇੱਕ ਛੋਹ ਲਈ ਤੜਪਦੀਆਂ

ਧਰਤੀ ਨੇ ਪਰ ਦਰਿਆ ਨੂੰ
ਕਿਨਾਰਿਆਂ 'ਚ ਸੜਨ ਦੀ ਸਹੁੰ ਦਿੱਤੀ
ਉਸਦੇ ਪੈਰਾਂ ਮੂਹਰੇ ਖਿੱਚੀਆਂ
ਲਛਮਣ ਰੇਖਾਵਾਂ
ਤੇ ਆਖਿਆ-
ਇਹਨਾਂ ਤੋਂ ਪਾਰ ਨਹੀਂ ਵਗਣਾ

ਦਰਿਆ ਆਪਣੀ ਨੈਤਿਕਤਾ ਦੇ
ਦਾਇਰਿਆਂ 'ਚ ਘਿਰਿਆ
ਹੌਲੀ ਹੌਲੀ
ਦਰਿਆ ਤੋਂ ਝੀਲ ਬਣ ਰਿਹਾ
ਤੇ ਦੂਰ ਬੰਜਰ ਜ਼ਮੀਨਾਂ
ਉਸਦੀ ਇੱਕ ਛੋਹ ਲਈ
ਤੜਪਦੀਆਂ।

**ਲੇਖਕ : ਡਾ. ਅਮਰਜੀਤ ਕੌਂਕੇ**

# ਨਾਰੀ ਸੰਸਾਰ



## ਜਿਊਣਾ ਦਾ ਸਲੀਕਾ ਬਹੁਤ ਅਹਿਮੀਅਤ ਰੱਖਦਾ ਹੈ

ਲੇਖਕ : ਸੰਜੀਵ ਸਿੰਘ ਸੈਣੀ,
ਮੋਬਾਈਲ : 78889-66168

ਸਲੀਕਾ ਮਨੁੱਖ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਹਿੱਸਾ ਹੈ। ਕਹਿਣ ਨੂੰ 'ਸਲੀਕਾ' ਸ਼ਬਦ ਤਿੰਨ ਅੱਖਰਾਂ ਨਾਲ ਬਣਿਆ ਹੈ ਪਰ ਜ਼ਿੰਦਗੀ ਵਿਚ ਇਸ ਸ਼ਬਦ ਦੀ ਬਹੁਤ ਅਹਿਮੀਅਤ ਹੈ। ਸਲੀਕਾ ਸ਼ਬਦ ਦੇ ਅਰਥ ਬਹੁਤ ਹੀ ਡੂੰਘੇ ਭਾਵ ਰੱਖਦੇ ਹਨ। ਸਲੀਕਾ ਸ਼ਬਦ ਦਾ ਸਹੀ ਅਰਥ ਹੈ ਢੰਗ ਤਰੀਕਾ। ਚਾਹੇ ਉਹ ਗੱਲਬਾਤ ਦਾ ਤਰੀਕਾ ਹੋਵੇ, ਖਾਣ-ਪੀਣ ਦਾ ਤਰੀਕਾ ਹੋਵੇ, ਰਹਿਣ-ਸਹਿਣ ਦਾ ਤਰੀਕਾ ਹੋਵੇ ਆਦਿ। ਸਾਡੀ ਜ਼ਿੰਦਗੀ ਕਦੇ ਵੀ ਔਖੀ ਨਹੀਂ ਹੁੰਦੀ, ਅਸੀਂ ਇਸ ਨੂੰ ਆਪ ਹੀ ਔਖਾ ਬਣਾ ਲੈਂਦੇ ਹਾਂ। ਅਕਸਰ ਲੋਕ ਕਹਿੰਦੇ ਹਨ ਕਿ ਪੈਸੇ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਪੈਸਾ ਹੈ ਤਾਂ ਸਭ ਕੁਝ ਹੈ। ਪੈਸੇ ਨਾਲ ਤੁਸੀਂ ਹਰ ਚੀਜ਼ ਦਾ ਅਨੰਦ ਮਾਣ ਸਕਦੇ ਹੋ। ਪਰ ਪੈਸੇ ਦੇ ਬਲਬੂਤੇ ਤੁਸੀਂ ਜਿਊਣ ਦਾ ਸਲੀਕਾ ਨਹੀਂ ਖ਼ਰੀਦ ਸਕਦੇ। ਅਕਸਰ ਅਸੀਂ ਸਮਾਜ ਦਾ ਹਿੱਸਾ ਹੁੰਦੇ ਹਾਂ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਸਾਡਾ ਉੱਠਣਾ-ਬਹਿਣਾ ਹੁੰਦਾ ਹੈ। ਦੇਖਿਆ ਜਾਂਦਾ ਹੈ ਕਿ ਕਈ ਲੋਕਾਂ ਕੋਲ ਏਨਾ ਪੈਸਾ ਹੁੰਦਾ ਹੈ ਪਰ ਉਨ੍ਹਾਂ ਦੀ ਬੋਲ-ਬਾਣੀ ਵਿਚ ਏਨੀ ਕੁੜੱਤਣ ਹੁੰਦੀ ਹੈ। ਸੋਚ ਸਮਝ ਕੇ ਬਿਲਕੁਲ ਵੀ ਨਹੀਂ ਬੋਲਦੇ। ਅਜਿਹੇ ਇਨਸਾਨ ਸੋਚ ਸਮਝ ਕੇ ਬਿਲਕੁਲ ਵੀ ਗੱਲ ਨਹੀਂ ਕਰਦੇ। ਉਨ੍ਹਾਂ ਨੂੰ ਚਾਰ ਬੰਦਿਆਂ ਵਿਚ ਗੱਲ ਕਰਨ ਦੀ ਬਿਲਕੁਲ ਵੀ ਅਕਲ ਨਹੀਂ ਹੁੰਦੀ। ਕਿੱਥੇ ਕੀ ਗੱਲ ਕਰਨੀ ਹੈ? ਏਨਾ ਵੀ ਪਤਾ ਨਹੀਂ ਹੁੰਦਾ। ਇਥੋਂ ਬੰਦੇ ਦਾ ਸਲੀਕੇ ਦਾ ਪਤਾ ਲੱਗ ਜਾਂਦਾ ਹੈ ਕਿ ਇਸ ਨੂੰ ਕਿੰਨੀ ਕੁ ਅਕਲ ਹੈ। ਤੂੰ-ਤੂੰ ਕਹਿ ਕੇ ਦੂਜਿਆਂ ਨਾਲ ਗੱਲ ਕਰਦੇ ਹਨ। ਇਥੋਂ ਪਤਾ ਚੱਲ ਜਾਂਦਾ ਹੈ ਕਿ ਇਨ੍ਹਾਂ ਦੇ ਪਰਿਵਾਰਾਂ ਵਿਚ ਇਕ ਦੂਜੇ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਗੱਲ ਕਰਨ ਦਾ ਬਿਲਕੁਲ ਵੀ ਸਲੀਕਾ ਪਤਾ ਨਹੀਂ ਹੁੰਦਾ। ਅਜਿਹਾ ਇਨਸਾਨ ਪਰਿਵਾਰ ਪਿਛੋਕੜ ਦੀ ਵੀ ਬੇਇੱਜ਼ਤੀ ਕਰਵਾਉਂਦਾ ਹੈ।

ਇਕ ਕਹਾਵਤ ਵੀ ਹੈ ਕਿ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ'। ਪਹਿਰਾਵਾ ਸਮਾਜ ਦੇ ਮੁਤਾਬਕ ਹੋਣਾ ਚਾਹੀਦਾ ਹੈ। ਅਕਸਰ ਜਦੋਂ ਵੀ ਕਿਸੇ ਦੇ ਘਰ ਅਣਸੁਖਾਵੀਂ ਘਟਨਾ ਹੁੰਦੀ ਹੈ ਜਾਂ ਮਰਗ ਦੇ ਭੋਗ 'ਤੇ ਅਸੀਂ ਜਾਂਦੇ ਹਾਂ ਤਾਂ ਸਾਦਗੀ ਵਿਚ ਜਾਣਾ ਚਾਹੀਦਾ ਹੈ। ਅੱਜਕਲ੍ਹ ਤਾਂ ਉਥੇ ਵੀ ਇਹ ਨਹੀਂ ਦੇਖਦੇ ਕਿ ਕਿਹੋ ਜਿਹੇ ਕੱਪੜੇ ਪਾ ਕੇ ਜਾਣਾ ਹੈ। ਕਈ ਵਾਰ ਤਾਂ ਲੋਕ ਮੂੰਹ 'ਤੇ ਹੀ ਕਹਿ ਦਿੰਦੇ ਹਨ ਕਿ ਤੈਨੂੰ ਪਤਾ ਨਹੀਂ ਕਿ ਤੂੰ ਮਰਗ 'ਤੇ ਅਜਿਹੇ ਚਮਕਣ ਵਾਲੇ ਕੱਪੜੇ ਪਾ ਕੇ ਆਇਆ ਹੈ, ਤੈਨੂੰ ਕੱਪੜੇ ਪਾਉਣ ਦਾ ਸਲੀਕਾ ਨਹੀਂ ਪਤਾ। ਇਥੇ ਤਾਂ ਲੋਕ ਕਈ ਵਾਰ ਪਰਿਵਾਰ ਵਾਲਿਆਂ ਨੂੰ ਵੀ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਆਪਣੇ ਬੱਚਿਆਂ ਨੂੰ ਬਿਲਕੁਲ ਵੀ ਅਕਲ ਨਹੀਂ ਸਿਖਾਈ ਕਿ ਕਿੱਥੇ ਕਿਹੋ ਜਿਹੇ ਕੱਪੜੇ ਪਾ ਕੇ ਜਾਣਾ ਹੈ।

ਵਿਆਹ ਸਮਾਗਮਾਂ ਵਿਚ ਅਸੀਂ ਸਾਰੇ ਹੀ ਜਾਂਦੇ ਹਾਂ। ਦੇਖਿਆ ਜਾਂਦਾ ਹੈ ਕਿ ਕਈ ਲੋਕ ਬੇਸਬਰਿਆਂ ਦੀ ਤਰ੍ਹਾਂ ਖਾਂਦੇ ਹਨ। ਪਲੇਟ ਵਿਚ ਸਾਰੀਆਂ ਚੀਜ਼ਾਂ ਇਕਸਾਰ ਭਰ ਲੈਂਦੇ ਹਨ। ਫਿਰ ਉਹ ਸਬਜ਼ੀ ਪਲੇਟ ਵਿਚੋਂ ਥੱਲੇ ਡਿੱਗਣੀ ਸ਼ੁਰੂ ਹੋ ਜਾਂਦੀ ਹੈ। ਲੋਕਾਂ ਦੇ ਕੱਪੜੇ ਵੀ ਗੰਦੇ ਕਰ ਦਿੰਦੇ ਹਨ। ਲੋਕ ਦੇਖਦੇ ਵੀ ਹਨ ਤੇ ਹੱਸਦੇ ਵੀ ਹਨ। ਅਜਿਹੇ ਲੋਕਾਂ ਨੂੰ ਟਿੱਚਰਾਂ ਵੀ ਕਰਨੀਆਂ ਸ਼ੁਰੂ ਕਰ ਦਿੰਦੇ ਹਨ ਕਿ ਤੈਨੂੰ ਸਬਰ ਨਹੀਂ ਹੈ, ਤੂੰ ਦੁਬਾਰਾ ਲੈ ਲੈ। ਕਿਹੜਾ ਤੈਨੂੰ ਕਿਸੇ ਨੇ ਖਾਮ ਲਈ ਫਿਰ ਦੁਬਾਰਾ ਮਨ੍ਹਾਂ ਕਰ ਦੇਣਾ ਹੈ। ਤੂੰ ਅਰਾਮ ਨਾਲ ਬੈਠ ਕੇ ਖਾ। ਤੈਨੂੰ ਖਾਣ ਦਾ ਸਲੀਕਾ ਨਹੀਂ ਹੈ। ਅਜਿਹਾ ਬੰਦਾ ਚਰਚਾ ਦਾ ਵਿਸ਼ਾ ਬਣਦਾ ਹੈ।

ਵਿਦਿਆਰਥੀ ਜੀਵਨ ਵਿਚ ਸਲੀਕੇ ਦਾ ਬਹੁਤ ਮਹੱਤਵਪੂਰਨ ਰੋਲ ਹੈ। ਪਰਿਵਾਰ ਵਿਚੋਂ ਬੱਚਾ ਬਹੁਤ ਕੁਝ ਸਿੱਖਦਾ ਹੈ। ਜੇ ਘਰ ਵਿਚ ਚੰਗਾ ਸਲੀਕਾ ਹੋਵੇਗਾ, ਇਕ ਦੂਜੇ ਦੀ ਘਰ ਵਿਚ ਇੱਜ਼ਤ ਕਰਨਗੇ ਤਾਂ ਬੱਚੇ ਬਾਹਰ ਵੀ ਇਸੇ ਤਰ੍ਹਾਂ ਦਾ ਸਲੀਕਾ ਕਰਨਗੇ। ਮਾਂ-ਬਾਪ ਵੀ ਫਿਰ ਪ੍ਰਸ਼ੰਸਾ ਦਾ ਪਾਤਰ ਬਣਦੇ ਹਨ। ਸਮਾਜ ਵਿਚ ਵਿਚਰਦੇ ਹੋਏ ਸਾਡਾ ਸਲੀਕਾ ਹਮੇਸ਼ਾ ਹੀ ਵਧੀਆ ਹੋਣਾ ਚਾਹੀਦਾ ਹੈ। ਜੇ ਸਹੀ ਸਲੀਕਾ ਹੋਵੇਗਾ ਤਾਂ ਅਸੀਂ ਜ਼ਿੰਦਗੀ ਨੂੰ ਬਹੁਤ ਹੀ ਵਧੀਆ ਬਸਰ ਕਰ ਸਕਦੇ ਹਾਂ।

## ਹਰ ਔਰਤ ਲਈ ਪੈਪ ਸਮੀਅਰ ਟੈਸਟ ਕਰਵਾਉਣਾ ਲਾਜ਼ਮੀ

ਲੇਖਕ : ਸੰਦਲੀ ਘਈ ਭੁਟਾਨੀ, ਮੋਬਾਈਲ : 94782-00755



### ਪੈਪ ਸਮੀਅਰ ਟੈਸਟ

ਇਹ ਇਕ ਔਰਤ ਦੀ ਪ੍ਰੀਵੈਂਟਿਵ ਸਿਹਤ ਦੇਖਭਾਲ ਦਾ ਇਕ ਮਹੱਤਵਪੂਰਨ ਹਿੱਸਾ ਹੈ। ਇਹ ਇਕ ਆਮ ਅਤੇ ਸਧਾਰਨ ਟੈਸਟ ਹੈ ਜੋ ਔਰਤਾਂ ਨੂੰ ਸਰਵਾਈਕਲ ਕੈਂਸਰ ਦੀ ਜਾਂਚ ਕਰਨ ਲਈ ਵਰਤਿਆ ਜਾਂਦਾ ਹੈ।

### ਸਰਵਾਈਕਲ ਕੈਂਸਰ ਅਤੇ ਪੈਪ ਸਮੀਅਰ ਟੈਸਟ ਵਿਚਕਾਰ ਸੰਬੰਧ :

ਸਰਵਾਈਕਲ ਕੈਂਸਰ ਇਕ ਬਿਮਾਰੀ ਹੈ ਜਿਥੇ ਬੱਚੇਦਾਨੀ ਦੇ ਮੂੰਹ ਵਿਚ ਆਮ ਸੈੱਲ ਬਦਲ ਜਾਂਦੇ ਹਨ ਅਤੇ ਇਕ ਟਿਊਮਰ ਬਣਾਉਂਦੇ ਹਨ। ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਔਰਤਾਂ ਵਿਚ ਹੁੰਦੇ ਹਨ ਜਿਨ੍ਹਾਂ ਨੇ ਕਦੇ ਵੀ ਪੈਪ ਟੈਸਟ ਨਹੀਂ ਕਰਵਾਇਆ ਹੁੰਦਾ ਜਾਂ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੇ ਅੰਦਰ ਇਕ ਪੈਪ ਟੈਸਟ ਨਹੀਂ ਕਰਵਾਇਆ, ਉਨ੍ਹਾਂ ਦੇ ਪਰਿਵਾਰ ਦੇ ਇਤਿਹਾਸ ਵਿਚ ਸਰਵਾਈਕਲ ਕੈਂਸਰ ਹੈ। ਪੈਪ ਸਮੀਅਰ ਦੁਆਰਾ ਸਕਰੀਨਿੰਗ ਅਤੇ ਜਲਦੀ ਪਤਾ ਲਗਾਉਣ ਦੇ ਕਾਰਨ ਪਿਛਲੇ ਸਾਲਾਂ ਵਿਚ ਸਰਵਾਈਕਲ ਕੈਂਸਰ ਦੀਆਂ ਘਟਨਾਵਾਂ ਵਿਚ ਮਹੱਤਵਪੂਰਨ ਗਿਰਾਵਟ ਆਈ ਹੈ।

### ਪੈਪ ਟੈਸਟ ਦੀ ਬਾਰੰਬਾਰਤਾ :

3 ਸਾਲਾਂ ਤੱਕ ਪੈਪ ਸਮੀਅਰ ਕਰਵਾਉਣਾ ਸਰਵਾਈਕਲ ਕੈਂਸਰ ਨੂੰ ਰੋਕਣ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਅਸਧਾਰਨ ਪੈਪ ਟੈਸਟ ਦੇ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਔਰਤਾਂ ਨੂੰ ਕੈਂਸਰ ਹੈ। ਹਰ ਦਸ ਪੈਪ ਸਮੀਅਰਾਂ ਵਿਚੋਂ ਇਕ ਸੈੱਲ ਵਿਚ ਤਬਦੀਲੀਆਂ ਨੂੰ ਦਰਸਾਉਂਦਾ ਹੈ। ਬਹੁਤੇ ਅਸਧਾਰਨ ਪੈਪ ਸਮੀਅਰ ਨਤੀਜੇ ਬਿਮਾਰੀ ਦੇ ਸ਼ੁਰੂਆਤੀ ਪੜਾਵਾਂ ਨੂੰ ਦਰਸਾਉਂਦੇ ਹਨ ਅਤੇ ਡਾਕਟਰ ਦੁਆਰਾ ਉਚਿਤ ਨਿਗਰਾਨੀ ਦੀ ਲੋੜ ਹੁੰਦੀ ਹੈ।

### ਅਸਧਾਰਨ ਪੈਪ ਟੈਸਟ ਦੇ ਨਤੀਜਿਆਂ ਦਾ ਮਤਲਬ:

ਅਕਸਰ ਸੋਜ਼ਿਸ਼ ਜਾਂ ਮਾਮੂਲੀ ਸੈੱਲ ਤਬਦੀਲੀਆਂ ਹੁੰਦੀਆਂ ਹਨ, ਜੋ ਜ਼ਿਆਦਾਤਰ ਆਪਣੇ ਆਪ ਜਾਂ ਹਲਕੇ ਐਂਟੀਬਾਇਓਟਿਕਸ ਨਾਲ ਸਾਫ਼ ਹੋ ਜਾਂਦੀਆਂ ਹਨ। ਹਾਲਾਂਕਿ ਥੋੜ੍ਹੇ ਜਿਹੇ ਮਾਮਲਿਆਂ ਵਿਚ ਜੇਕਰ ਪੂਰਵ-ਅਨੁਮਾਨ ਸੰਬੰਧੀ ਤਬਦੀਲੀਆਂ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਇਲਾਜ ਕੈਂਸਰ ਵਿਚ ਬਦਲਣ ਤੋਂ ਪਹਿਲਾਂ ਕੀਤਾ ਜਾ ਸਕਦਾ ਹੈ, ਜਿਸ ਲਈ ਸਾਨੂੰ ਡੀ. ਐਂਡ ਸੀ. ਬਾਇਓਪਸੀ ਜਾਂ ਕੋਲਪੋਸਕੋਪੀ ਵਰਗੇ ਕੁਝ ਟੈਸਟ ਕਰਨੇ ਪੈਂਦੇ ਹਨ। ਜੇਕਰ ਕੈਂਸਰ ਪਾਇਆ ਜਾਂਦਾ ਹੈ ਤਾਂ ਇਸ ਤੋਂ ਬਚਣ ਦੀ ਵਧਦੀ ਸੰਭਾਵਨਾ ਦੇ ਨਾਲ ਜਲਦੀ ਇਲਾਜ ਕੀਤਾ ਜਾ ਸਕਦਾ ਹੈ। ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ ਜੇਕਰ ਜਲਦੀ ਪਤਾ ਲਗਾਇਆ ਜਾਵੇ। ਹਰ ਔਰਤ ਨੂੰ 3 ਸਾਲ ਵਿਚ ਇਕ ਵਾਰ ਪੈਪ ਸਮੀਅਰ ਟੈਸਟ ਕਰਵਾਉਣਾ ਚਾਹੀਦਾ ਹੈ।


## ਗੱਲਬਾਤ ਦਾ ਸਲੀਕਾ ਵੀ ਇਕ ਕਲਾ ਹੈ

ਲੇਖਕ : ਰਮਿੰਦਰ ਗਿੱਲ
ਸੰਪਰਕ : 97797-30174

ਰੋਜ਼ਮਰ੍ਹਾ ਦੇ ਜੀਵਨ ਵਿਚ ਮਨੁੱਖ ਦਾ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਲੋਕਾਂ ਨਾਲ ਵਾਹ ਪੈਂਦਾ ਹੈ। ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ, ਸਰਕਾਰੀ ਮੁਲਾਜ਼ਮਾਂ, ਸਫਰ ਕਰਦੇ ਸਮੇਂ ਮੁਸਾਫ਼ਰਾਂ ਤੇ ਰਸਤੇ ਵਿਚ ਜਾਂਦਿਆਂ-ਆਉਂਦਿਆਂ ਸਵੇਰ ਤੋਂ ਸ਼ਾਮ ਤੱਕ ਅਨੇਕਾਂ ਹੀ ਲੋਕਾਂ ਨਾਲ ਵਿਚਰਨ ਦਾ ਮੌਕਾ ਮਿਲਦਾ ਹੈ। ਗੱਲਬਾਤ ਕਰਨੀ ਪੈਂਦੀ ਹੈ। ਹਰੇਕ ਸ਼ਖ਼ਸੀਅਤ ਦੀ ਵੰਨ-ਸੁਵੰਨਤਾ ਦੀ ਝਲਕ ਪੈਂਦੀ ਹੈ। ਪਰ ਹਰ ਇਕ ਦਾ ਗੱਲਬਾਤ ਕਰਨ ਦਾ ਢੰਗ ਵੱਖਰਾ ਹੀ ਹੁੰਦਾ ਹੈ। ਇਹ ਸਲੀਕਾ ਹਰ ਕਿਸੇ ਨੂੰ ਨਹੀਂ ਆਉਂਦਾ। ਇਹ ਵੀ ਇਕ ਕਲਾ ਹੈ। ਜਿਨ੍ਹਾਂ ਲੋਕਾਂ ਨੂੰ ਗੱਲਬਾਤ ਦਾ ਸਲੀਕਾ ਆਉਂਦਾ ਹੈ, ਉਹ ਸਫਲਤਾ ਦੀਆਂ ਉੱਪਰਲੀਆਂ ਟੀਸੀਆਂ 'ਤੇ ਪਹੁੰਚ ਜਾਂਦੇ ਹਨ। ਕਈ ਵਾਰ ਸਰਕਾਰੀ ਦਫਤਰਾਂ ਵਿਚ ਕੋਈ ਕੰਮ ਦੇ ਨਿਪਟਾਰੇ ਲਈ ਕਈ-ਕਈ ਗੇੜੇ ਮਾਰਨੇ ਪੈਂਦੇ ਹਨ। ਕੁਰਸੀਆਂ 'ਤੇ ਬੈਠੇ ਬਾਬੂ ਵੀ ਕਈ ਵਾਰ ਕਿਸੇ ਦੀ ਗੱਲ ਸੁਣਨ ਨੂੰ ਰਾਜ਼ੀ ਨਹੀਂ ਹੁੰਦੇ। ਇਹ ਇਕ ਸਾਡੀ ਗੱਲਬਾਤ ਵਿਚ ਸਲੀਕਾ ਹੀ ਹੈ, ਜਿਹੜਾ ਔਖੇ ਤੋਂ ਔਖਾ ਕੰਮ ਵੀ ਕਰਾ ਜਾਂਦਾ ਹੈ। ਕਈ ਆਦਮੀ



ਅਜਿਹੇ ਵੀ ਹੁੰਦੇ ਹਨ, ਜਿਹੜੇ ਨਿੱਕੀਆਂ-ਮੋਟੀਆਂ ਗੱਲਾਂ ਤੋਂ ਵੱਡੇ-ਵੱਡੇ ਝਗੜੇ-ਝਮੇਲੇ ਖੜ੍ਹੇ ਕਰ ਬੈਠਦੇ ਹਨ। ਲੜਾਈ ਤੱਕ ਨੌਬਤ ਆ ਜਾਂਦੀ ਹੈ। ਗੱਲ ਕਚਹਿਰੀਆਂ ਤੱਕ ਅੱਪੜ ਜਾਂਦੀ ਹੈ। ਗੁਆਂਢੀਆਂ ਨਾਲ ਟੌਹਰ-ਟਪੱਕੇ ਦੀ ਲੜਾਈ ਕਰਕੇ ਜੇਲ੍ਹਾਂ ਤੱਕ ਚਲੇ ਜਾਂਦੇ ਹਨ। ਪਰ ਇਥੇ ਇਹ ਸਮਝਣ ਦੀ ਲੋੜ ਹੈ ਕਿ ਬਹੁਤੇ ਮਸਲਿਆਂ ਦਾ ਹੱਲ ਸਿਰਫ ਗੱਲਬਾਤ ਰਾਹੀਂ ਹੋ ਸਕਦਾ ਹੈ। ਫਿਰ ਇਹੋ ਜਿਹੇ ਝਮੇਲਿਆਂ ਦੀ ਨੌਬਤ ਨਹੀਂ ਆਉਂਦੀ। ਵਿੱਦਿਆ ਇਕ ਵਡਮੁੱਲਾ ਖਜ਼ਾਨਾ ਹੈ। ਪਰ ਸਿੱਖਿਆ ਦਾ ਨਿਰਾ ਇਹੋ ਅਰਥ ਨਹੀਂ ਕਿ ਕਿਸੇ ਇਕ ਵਿਸ਼ੇ ਵਿਚ ਡਿਗਰੀ ਪ੍ਰਾਪਤ ਕਰ ਲਈ ਤੇ ਸਮਝੋ ਮਨੁੱਖ ਪੜ੍ਹ-ਲਿਖ ਗਿਆ। ਸਿੱਖਿਆ ਦਾ ਅਸਲ ਮਨੋਰਥ ਤਾਂ ਮਨੁੱਖ ਦਾ ਸਰਬਪੱਖੀ ਵਿਕਾਸ ਕਰਨਾ ਹੁੰਦਾ ਹੈ। ਕਈ ਪੜ੍ਹੇ-ਲਿਖੇ ਵੀ ਸੰਸਾਰਿਕ ਜੀਵਨ ਵਿਚ ਅਸਫਲ ਰਹਿੰਦੇ ਹਨ। ਉਹ ਬੁਲਾਰੇ ਹੀ ਬਣੇ ਰਹਿੰਦੇ ਹਨ, ਸਰੋਤੇ ਬਣਦੇ ਹੀ ਨਹੀਂ। ਕੁਝ ਅਨਪੜ੍ਹ ਆਦਮੀ ਵੀ ਗੁਣਾਂ ਦੀਆਂ ਗੁਥਲੀਆਂ ਹੁੰਦੇ ਹਨ। ਭਾਵੇਂ ਉਨ੍ਹਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਹੁੰਦਾ। ਕੁਝ ਲੋਕਾਂ ਦੀ ਸਰੀਰਕ ਸੁੰਦਰਤਾ ਨਹੀਂ ਹੁੰਦੀ ਪਰ ਉਨ੍ਹਾਂ ਦਾ ਅੰਦਰਲਾ ਸੁਹੱਪਣ ਉਨ੍ਹਾਂ ਦੇ ਗੁਣਾਂ ਕਰਕੇ ਅਸੀਮ ਹੁੰਦਾ ਹੈ। ਉਹ ਆਪਣੇ ਬੋਲਚਾਲ ਨਾਲ ਦੂਜਿਆਂ ਨੂੰ ਆਪਣੇ ਵੱਲ ਖਿੱਚ ਲੈਂਦੇ ਹਨ। ਮੂਰਖ ਲੋਕ ਆਪਣੇ ਬੋਲ-ਕੁਬੋਲਾਂ ਨਾਲ ਆਪਣਾ ਬਣਿਆ ਕੰਮ ਵਿਗਾੜ ਲੈਂਦੇ ਹਨ ਤੇ ਉਹ ਨਫਰਤ ਦਾ ਪਾਤਰ ਬਣ ਜਾਂਦੇ ਹਨ। ਇਸ ਧਰਤੀ 'ਤੇ ਮਨੁੱਖ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਹੈ। ਮਨੁੱਖੀ ਜੀਵਨ ਇਕੋ ਵਾਰ ਹੀ ਮਿਲਦਾ ਹੈ। ਅਜੇ ਵੀ ਵਿਕਸਤ ਸਮਾਜ ਵਿਚ ਮਨੁੱਖ ਵਿਚ ਪਸ਼ੂ ਬਿਰਤੀ ਕਦੇ ਹਾਵੀ ਹੋ ਜਾਂਦੀ ਹੈ। ਪਰ ਹਰੇਕ ਮਨੁੱਖ ਨੂੰ ਬਿਹਤਰ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ, ਨਿਮਰਤਾ, ਠਰ੍ਹੰਮੇ ਤੇ ਗੱਲਬਾਤ ਦੇ ਸਲੀਕੇ ਨਾਲ ਹਰੇਕ ਮਨੁੱਖ ਆਪਣੇ ਜੀਵਨ ਨੂੰ ਸ਼ਾਨਦਾਰ ਢੰਗ ਨਾਲ ਬਸਰ ਕਰ ਸਕਦਾ ਹੈ।




ਲੇਖਕ : ਕੋਮਲ ਰੂਪਰੇਲਾ

ਚੌਲ ਉਬਾਲਦੇ ਸਮੇਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਤੇ ਥੋੜ੍ਹਾ ਜਿਹਾ ਸਿਰਕਾ ਪਾ ਦੇਣ ਨਾਲ ਚੌਲ ਜ਼ਿਆਦਾ ਸਫ਼ੈਦ ਬਣਦੇ ਹਨ ਅਤੇ ਚੌਲਾਂ ਦੇ ਦਾਣੇ ਵੀ ਜ਼ਿਆਦਾ ਖਿੜਦੇ ਹਨ।

ਡਬਲ ਰੋਟੀ ਬਚ ਜਾਵੇ ਤਾਂ ਇਸ ਨੂੰ ਪੀਹ ਕੇ ਘਿਓ ਵਿਚ ਭੁੰਨ ਲਓ। ਸਬਜ਼ੀ ਬਣਾਉਂਦੇ ਸਮੇਂ ਇਸ ਨੂੰ ਉਸ ਵਿਚ ਪਾ ਦਿਓ। ਤੁਸੀਂ ਚਾਹੋ ਤਾਂ ਇਸ ਦੀ ਸਬਜ਼ੀ ਵੀ ਬਣਾ ਸਕਦੇ ਹੋ। ਇਸ ਤਰ੍ਹਾਂ ਦੀ ਬਣੀ ਸਬਜ਼ੀ ਬਹੁਤ ਸਵਾਦੀ ਹੁੰਦੀ ਹੈ।

ਸੂਜੀ ਰੱਖਣ 'ਤੇ ਉਸ ਵਿਚ ਕੀੜੇ ਪੈ ਜਾਂਦੇ ਹਨ। ਜੇਕਰ ਸੂਜੀ ਨੂੰ ਭੁੰਨ ਕੇ ਰੱਖਿਆ ਜਾਵੇ ਤਾਂ ਉਸ ਦੇ ਖਰਾਬ ਹੋਣ ਤੇ ਉਸ ਵਿਚ ਕੀੜਾ ਲੱਗਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

ਅਕਸਰ ਇਲਾਇਚੀ ਦੇ ਸਿਰਫ਼ ਦਾਣੇ ਹੀ ਵਰਤੇ ਜਾਂਦੇ ਹਨ ਅਤੇ ਛਿਲਕੇ ਸੁੱਟ ਦਿੱਤੇ ਜਾਂਦੇ ਹਨ। ਛੋਟੀ ਜਾਂ ਵੱਡੀ ਇਲਾਇਚੀ ਦੇ ਛਿਲਕਿਆਂ ਨੂੰ ਸੁੱਟਣ ਦੀ ਬਜਾਏ ਉਨ੍ਹਾਂ ਨੂੰ ਚਾਹ ਦੀ ਪੱਤੀ ਜਾਂ ਚੀਨੀ ਵਿਚ ਮਿਲਾਉਂਦੇ ਰਹੋ। ਇਸ ਨਾਲ ਬਣੀ ਚਾਹ ਸਵਾਦੀ ਹੋਵੇਗੀ। ਪਕਵਾਨ ਬਣਾਉਂਦੇ ਸਮੇਂ ਇਸ ਚੀਨੀ ਦੀ ਵਰਤੋਂ ਕਰੋਗੇ ਤਾਂ ਪਕਵਾਨ ਦਾ ਸਵਾਦ ਵੀ ਵਧੇਗਾ।


ਜੇਕਰ ਤੁਸੀਂ ਸਿਰਫ਼ ਦੋ ਜਾਂ ਤਿੰਨ ਟਮਾਟਰ ਛਿੱਲਣੇ ਹੋਣ ਅਤੇ ਤੁਸੀਂ ਪਾਣੀ ਉਬਾਲਣ ਤੋਂ ਬਚਣਾ ਚਾਹੁੰਦੇ ਹੋ ਤਾਂ ਖਾਣੇ ਲਈ ਵਰਤੋਂ ਵਿਚ ਆਉਣ ਵਾਲੇ ਕਾਂਟਿਆਂ ਨੂੰ ਟਮਾਟਰ ਵਿਚ ਖੋਭ ਕੇ ਚੁੱਲ੍ਹੇ ਦੀ ਅੱਗ 'ਤੇ ਸੇਕ ਲਓ। ਟਮਾਟਰ ਦਾ ਛਿਲਕਾ ਸੌਖਿਆਂ ਹੀ ਲਹਿ ਜਾਵੇਗਾ।

ਕਾਬਲੀ ਛੋਲੇ ਜਲਦੀ ਪਕਾਉਣ ਲਈ ਇਨ੍ਹਾਂ ਵਿਚ ਮਿੱਠਾ ਸੋਢਾ ਪਾ ਕੇ ਪਕਾਇਆ ਜਾਂਦਾ ਹੈ ਪਰ ਇਸ ਤਰ੍ਹਾਂ ਕਰਨ ਨਾਲ ਛੋਲਿਆਂ ਦਾ ਰੰਗ ਠੀਕ ਨਹੀਂ ਆਉਂਦਾ। ਜੇਕਰ ਉਪਰੋਕਤ ਪਕਾਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿੱਲੋ ਛੋਲਿਆਂ ਦੇ ਹਿਸਾਬ ਨਾਲ ਪਾ ਦਿੱਤਾ ਜਾਵੇ ਤਾਂ ਇਸ ਨਾਲ ਛੋਲਿਆਂ ਦਾ ਕੁਦਰਤੀ ਸਵਾਦ ਤੇ ਰੰਗ ਬਰਕਰਾਰ ਰਹਿੰਦਾ ਹੈ।

ਜੇ ਖੰਡ ਦੀ ਚਾਸ਼ਣੀ ਬਣਾਉਣ ਜਾ ਰਹੇ ਹੋ ਤਾਂ ਇਸ ਤਰ੍ਹਾਂ ਕਰੋ। ਚਾਸ਼ਣੀ ਬਣਾਉਣ ਤੋਂ ਪਹਿਲਾਂ ਕੜਾਹੀ ਵਿਚ ਚਾਰੇ ਪਾਸੇ ਥੋੜ੍ਹਾ ਜਿਹਾ ਮੱਖਣ ਲਗਾ ਲਓ। ਇਸ ਨਾਲ ਚਾਸ਼ਣੀ ਚੰਗੀ ਬਣੇਗੀ।



# CLASSIFIEDS & MATRIMONIALS



## CHANGE OF NAME

I, Gurjinder Singh S/O Balwinder Singh Presently Resident of 14259 -85B Avenue, Surrey, BC, V3W 0N9, Passport No: R2637090, & Indian adress resident of V.P.O Banbhora, Tehsil Malerkotla, Sangrur Punjab, India, do hereby change my name from Gurjinder Singh to Gurjinder Singh Sidhu with immediate effect.

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ AP 13-02

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

# ਪੰਜਾਬ ਦੇ ਦੋਆਬੇ

ਲੇਖਕ : ਅਜ਼ਾਦ ਦੀਪ ਸਿੰਘ
ਸੰਪਰਕ: 98148-98179

ਪੰਜਾਬ ਰਾਜ ਹਿੰਦੋਸਤਾਨ ਦਾ ਉੱਤਰ ਪੱਛਮੀ ਇਲਾਕਾ ਹੈ। ਪੰਜਾਬ ਨਾਂ ਦੋ ਫ਼ਾਰਸੀ ਸ਼ਬਦਾਂ 'ਪੰਜ' ਅਤੇ 'ਆਬ' ਦੇ ਜੋੜ ਤੋਂ ਬਣਿਆ ਹੈ। ਹੌਲੀ ਹੌਲੀ ਇਹ ਪੰਜਾਬ ਸ਼ਬਦ ਬਣ ਗਿਆ, ਜਿਸ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਨੂੰ ਪੈਂਟਾਪੋਟੇਮੀਆ ਲਿਖਿਆ ਹੈ। ਹੱਦਬੰਦੀ ਦੀ ਗੱਲ ਕਰੀਏ ਤਾਂ ਇਸ ਦੇ ਉੱਤਰ ਵਿੱਚ ਵਿਸ਼ਾਲ ਹਿਮਾਲਿਆ ਪਰਬਤ ਲੜੀ ਹੈ, ਜੋ ਇਸ ਨੂੰ ਚੀਨ, ਤਿੱਬਤ ਤੇ ਕਸ਼ਮੀਰ ਤੋਂ ਵੱਖ ਕਰਦੀ ਹੈ; ਪੂਰਬ ਵੱਲ ਦਰਿਆ ਯਮੁਨਾ, ਦੱਖਣ ਵਿੱਚ ਰਾਜਪੂਤਾਨਾ (ਰਾਜਸਥਾਨ) ਤੇ ਸੂਬਾ ਸਿੰਧ, ਪੱਛਮ ਵੱਲ ਸੁਲੇਮਾਨ ਪਹਾੜ ਲੜੀ ਹੈ, ਜੋ ਇਸ ਨੂੰ ਅਫ਼ਗਾਨਿਸਤਾਨ ਤੇ ਬਲੋਚਿਸਤਾਨ ਤੋਂ ਵੱਖਰਾ ਕਰਦੀ ਹੈ। ਇਸ ਦੇ ਉਚੇ ਹਿਮਾਲਿਆ ਪਹਾੜਾਂ ਦੀ ਲੜੀ ਵਿੱਚ ਚੰਬਾ, ਮੰਡੀ, ਸੁਕੇਤ, ਨਾਹਨ, ਸ਼ਿਮਲਾ, ਕਾਂਗੜਾ, ਕੁੱਲੂ, ਲਾਹੌਲ, ਸਪਿਤੀ ਅਤੇ ਡਲਹੌਜ਼ੀ ਆਦਿ ਦੀਆਂ ਖ਼ੂਬਸੂਰਤ ਵਾਦੀਆਂ ਹਨ। ਇਹ ਪਹਾੜੀ ਇਲਾਕਾ ਹੁਣ ਹਿਮਾਚਲ ਪ੍ਰਦੇਸ਼ ਨਾਂ ਦਾ ਵੱਖਰਾ ਸੂਬਾ ਬਣ ਚੁੱਕਾ ਹੈ। ਜੇ ਦੇਸ਼ ਪੰਜਾਬ ਦੇ ਭੂਗੋਲ ਦੀ ਗੱਲ ਕਰੀਏ ਤਾਂ ਇਸ ਵਿੱਚ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੇ ਦਰਿਆਵਾਂ ਦੀ ਹੈ, ਜੋ ਹਿਮਾਲਿਆ ਪਰਬਤ ਦੇ ਸੈਂਕੜੇ ਮੀਲਾਂ ਵਿੱਚੋਂ ਲੰਘ ਕੇ ਮੈਦਾਨੀ ਇਲਾਕੇ ਵਿੱਚ ਉੱਤਰ ਆਉਂਦੇ ਅਤੇ ਅਖੀਰ ਦੱਖਣ ਵੱਲ ਵੱਡੇ ਦਰਿਆ ਸਿੰਧ ਵਿੱਚ ਜਾ ਮਿਲਦੇ ਹਨ, ਜਿਸ ਨੂੰ ਹਿੰਦੋਸਤਾਨ ਦਾ ਨੀਲ ਦਰਿਆ ਵੀ ਆਖਿਆ ਜਾਂਦਾ ਹੈ। ਅੰਤ ਇਹ ਸਾਰੇ ਦਰਿਆ ਸਮੁੰਦਰ ਵਿੱਚ ਜਾ ਡਿੱਗਦੇ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ। ਇਹ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ ਹਨ। ਸਿੰਧ ਦਰਿਆ ਨੂੰ ਵੀ ਪੰਜਾਬ ਦਾ ਦਰਿਆ ਮੰਨਿਆ ਜਾ ਸਕਦਾ ਹੈ ਕਿਉਂਕਿ ਇਹ ਵੀ ਦੂਜੇ ਪੰਜ ਦਰਿਆਵਾਂ ਵਾਂਗ ਹਿਮਾਲਿਆ ਦੀਆਂ ਚੋਟੀਆਂ ਵਿੱਚੋਂ ਨਿਕਲਦਾ ਹੈ। ਸਿੰਧ ਦੂਜੇ ਪੰਜਾਂ ਦਰਿਆਵਾਂ ਤੋਂ ਵੱਡਾ ਹੈ ਤੇ ਇਹ ਪੰਜੇ ਦਰਿਆ ਵੱਖ-ਵੱਖ ਥਾਵਾਂ ਤੋਂ ਅਖੀਰ ਸਿੰਧ ਦਰਿਆ ਵਿੱਚ ਜਾ ਡਿੱਗਦੇ ਹਨ। ਪੰਜ ਦਰਿਆ ਜਿੱਥੇ ਸਿੰਧ ਦਰਿਆ ਵਿੱਚ ਜਾ ਕੇ ਮਿਲਦੇ ਹਨ, ਉਸ ਨੂੰ ਪੰਜਨਦ ਕਿਹਾ ਜਾਂਦਾ ਹੈ। ਸਿੰਧ ਦਰਿਆ ਕੈਲਾਸ਼ ਪਰਬਤ ਵਿੱਚੋਂ ਨਿਕਲਦਾ ਹੈ। ਉੱਥੋਂ ਇਹ ਲੇਹ ਲੱਦਾਖ ਵਿੱਚ ਦਾਖਲ ਹੁੰਦਾ ਹੋਇਆ ਦਰਬੰਦ ਤੋਂ ਪੰਜਾਬ ਵਿੱਚ ਦਾਖਲ ਹੋ ਜਾਂਦਾ ਹੈ। ਇਹ ਦੁਨੀਆ ਦੇ ਵੱਡੇ ਦਰਿਆਵਾਂ ਵਿੱਚ ਗਿਣਿਆ ਜਾਂਦਾ ਹੈ। ਸਿੰਧੂ (ਭਾਵ ਸਾਗਰ) ਨੂੰ ਸੰਸਕ੍ਰਿਤ ਵਾਲੇ ਸਿੰਧੂ, ਯੂਨਾਨੀ ਸਿੰਥੂ, ਰੋਮਨ ਸਿੰਧਸ, ਚੀਨੀ ਸਿੰਟੋ ਅਤੇ ਇਰਾਨੀ ਆਬਿ ਸਿੰਧ ਆਖਦੇ ਹਨ। ਪਾਲਿਨੀ ਇਸ ਨੂੰ ਇੰਡਸ ਕਹਿੰਦਾ ਹੈ। ਦਰਿਆ ਜਿਹਲਮ ਆਕਾਰ ਦੇ ਲਿਹਾਜ਼ ਨਾਲ ਦੂਜੇ ਸਥਾਨ 'ਤੇ ਆਉਂਦਾ ਹੈ। ਪ੍ਰਾਚੀਨ ਕਾਲ ਵਿੱਚ ਇਸ ਨੂੰ ਹਾਈਡਸਪਸ ਕਿਹਾ ਜਾਂਦਾ ਸੀ। ਸੰਸਕ੍ਰਿਤ ਵਿੱਚ ਇਸ ਦਾ ਨਾਮ ਵਿਦਾਸਤਾ ਹੈ। ਸਥਾਨਕ ਬੋਲੀ ਵਿੱਚ ਇਸ ਨੂੰ ਵਾਯਾਤ ਤੇ ਬੇਬੂਤ ਆਖਦੇ ਹਨ। ਪੱਛਮ ਤੋਂ ਪੂਰਬ ਵੱਲ ਨੂੰ ਆਉਂਦਿਆਂ ਜਿਹਲਮ ਤੋਂ ਅੱਗੇ ਦਰਿਆ ਚਨਾਬ ਆਉਂਦਾ ਹੈ। ਹੋਰ ਪੂਰਬ ਵੱਲ ਅੱਗੇ ਰਾਵੀ ਦਰਿਆ ਹੈ। ਪਹਾੜੀ ਇਲਾਕਿਆਂ ਵਿੱਚ ਇਸ ਨੂੰ ਰਾਇਣਾ ਆਖਦੇ ਹਨ। ਜੰਮੂ ਇਲਾਕੇ ਵਿੱਚੋਂ ਨਿਕਲਣ ਵਾਲੀ ਤਵੀ ਨਦੀ ਵੀ ਇਸ ਵਿੱਚ ਆ ਕੇ ਮਿਲਦੀ ਹੈ। ਪੱਛਮ ਤੋਂ ਪੂਰਬ ਵੱਲ ਚਲਦਿਆਂ ਇਸ ਤੋਂ ਅੱਗੇ ਦਰਿਆ ਬਿਆਸ ਆਉਂਦਾ ਹੈ। ਯੂਨਾਨੀ ਭੂਗੋਲਕਾਰਾਂ ਨੇ ਇਸ ਦਾ ਨਾਮ ਹਾਈਫੇਸਿਸ ਲਿਖਿਆ ਹੈ। ਪਟੋਲਮੀ ਨੇ ਇਸ ਨੂੰ ਬਿਹਾਸਿਸ, ਪਲੀਨੀ ਨੇ ਹਾਈਪਾਸਿਸ ਅਤੇ ਸੰਸਕ੍ਰਿਤ ਵਿੱਚ ਵਿਆਸ ਨਾਮ ਦਿੱਤਾ ਗਿਆ ਹੈ। ਇਸ ਤੋਂ ਹੋਰ ਪੂਰਬ ਵੱਲ ਸਤਲੁਜ ਦਰਿਆ ਆਉਂਦਾ ਹੈ, ਜਿਸ ਨੂੰ ਪੁਰਾਤਨ ਸਮੇਂ ਵਿੱਚ ਹੇਸੁਡਰੂਸ ਕਿਹਾ ਜਾਂਦਾ ਸੀ। ਇਸ ਨੂੰ ਆਈਨ-ਏ-ਅਕਬਰੀ ਨੇ ਸੇਤਲੂਜ ਅਤੇ ਸੰਸਕ੍ਰਿਤ ਵਾਲਿਆਂ ਨੇ ਸ਼ਤਾਦਰੂ ਲਿਖਿਆ ਹੈ। ਇਹ ਦਰਿਆ ਹਰੀਕੇ




ਪੱਤਣ ਕੋਲ ਬਿਆਸ ਨਾਲ ਜਾ ਮਿਲਦਾ ਹੈ। ਰਿਗਵੇਦ ਵਿੱਚ ਪੰਜਾਬ ਨੂੰ ਸਪਤ ਸਿੰਧਵਾਂ ਕਿਹਾ ਗਿਆ ਹੈ। ਰਿਗਵੇਦ ਵਿੱਚ ਸਿੰਧੂ (ਸਿੰਧ), ਵਿਤਸਤਾ (ਜਿਹਲਮ), ਅਸੈਸਣੀਸ (ਚਨਾਬ), ਐਰਾਵਤੀ (ਰਾਵੀ), ਵਿਪਾਸਾ (ਬਿਆਸ), ਸ਼ਤਾਦਰੂ (ਸਤਲੁਜ) ਤੇ ਸਰਸਵਤੀ ਦਾ ਵਰਣਨ ਹੈ। ਵਿਦਵਾਨਾਂ ਦੇ ਕਿਆਸ ਅਨੁਸਾਰ ਸੱਤਵਾਂ ਦਰਿਆ ਸਰਸਵਤੀ ਥਨੇਸਰ ਦੇ ਕੋਲ ਵਹਿਣ ਵਾਲੀ ਸਰਸਵਤੀ ਹੈ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੋਆਬਾ ਕਿਹਾ ਜਾਂਦਾ ਹੈ। ਦੋ ਆਬ ਯਾਨੀ ਦੋ ਪਾਣੀ। ਪੰਜਾਬ ਦਾ ਮੈਦਾਨੀ ਇਲਾਕਾ ਦੋਆਬਿਆਂ ਵਿੱਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਦੋਆਬਾ ਕਿਹਾ ਜਾਂਦਾ ਹੈ, ਜਦੋਂਕਿ ਪੰਜਾਬ ਦੇ ਸਾਰੇ ਦਰਿਆਵਾਂ ਦੇ ਵਿਚਕਾਰਲਾ ਖੇਤਰ ਦੋਆਬਾ ਹੁੰਦਾ ਹੈ। ਮੁਗ਼ਲ ਰਾਜ ਸਮੇਂ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਭਾਵ ਦੋਆਬਿਆਂ ਦੇ ਨਾਮ ਦੋਵਾਂ ਦਰਿਆਵਾਂ ਦੇ ਪਹਿਲੇ ਹਰਫ਼ਾਂ ਨੂੰ ਜੋੜ ਕੇ ਘੜੇ ਗਏ। ਸਿੰਧ ਤੇ ਜਿਹਲਮ ਵਿਚਲਾ ਇਲਾਕਾ ਸਿੰਧ ਸਾਗਰ ਦੋਆਬ, ਚਨਾਬ ਤੇ ਜਿਹਲਮ ਵਿਚਕਾਰਲਾ ਇਲਾਕਾ ਚਜ ਦੋਆਬ, ਰਾਵੀ ਤੇ ਚਨਾਬ ਦਰਮਿਆਨ ਦਾ ਇਲਾਕਾ ਰਚਨਾ ਦੋਆਬ, ਬਿਆਸ ਤੇ ਰਾਵੀ ਵਿਚਕਾਰਲੀ ਧਰਤੀ ਬਾਰੀ ਦੋਆਬ, ਬਿਆਸ ਤੇ ਸਤਲੁਜ ਵਿਚਕਾਰ ਦੀ ਧਰਤੀ ਬਿਸਤ ਦੋਆਬ ਅਖਵਾਉਂਦੀ ਹੈ।

ਸਿੰਧ ਸਾਗਰ ਦੋਆਬ ਵਿੱਚ ਸਾਂਝੇ ਪੰਜਾਬ ਦੇ ਰਾਵਲਪਿੰਡੀ, ਅਟਕ, ਜਿਹਲਮ, ਮੀਆਂਵਾਲੀ, ਮੁਜ਼ੱਫਰਗੜ੍ਹ ਆਦਿ ਦੇ ਇਲਾਕੇ ਆਉਂਦੇ ਹਨ। 1947 ਦੀ ਪੰਜਾਬ ਵੰਡ ਤੋਂ ਬਾਅਦ ਇਸ ਦੋਆਬੇ ਵਿੱਚ ਪਾਕਿਸਤਾਨ ਵੱਲੋਂ ਰਾਵਲਪਿੰਡੀ ਨੇੜੇ ਇਸਲਾਮ ਦੇ ਨਾਮ ਉੱਪਰ ਇਸਲਾਮਾਬਾਦ ਨਾਂ ਦਾ ਨਵਾਂ ਸ਼ਹਿਰ ਵਸਾ ਕੇ ਉਸ ਨੂੰ ਦੇਸ਼ ਦੀ ਰਾਜਧਾਨੀ ਬਣਾਇਆ ਗਿਆ। ਚਜ ਦੋਆਬ ਵਿੱਚ ਗੁਜਰਾਤ ਤੇ ਝੰਗ ਜ਼ਿਲ੍ਹੇ ਦੇ ਇਲਾਕੇ ਆਉਂਦੇ ਹਨ। ਰਚਨਾ ਦੋਆਬ ਅੰਦਰ ਸਿਆਲਕੋਟ, ਗੁੱਜਰਾਂਵਾਲਾ, ਸ਼ੇਖ਼ੂਪੁਰਾ ਤੇ ਲਾਇਲਪੁਰ ਜ਼ਿਲ੍ਹਿਆਂ ਦਾ ਇਲਾਕਾ ਸ਼ਾਮਿਲ ਹੈ। ਬਾਰੀ ਦੋਆਬ ਬਿਆਸ ਤੇ ਰਾਵੀ ਦੇ ਵਿਚਕਾਰਲਾ ਇਲਾਕਾ ਹੈ। ਬਾਰੀ ਦੋਆਬ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਲਾਹੌਰ, ਮਿੰਟਗੁਮਰੀ ਤੇ ਮੁਲਤਾਨ ਜ਼ਿਲ੍ਹੇ ਆਉਂਦੇ ਸਨ। ਬਿਆਸ ਤੇ ਸਤਲੁਜ ਦਰਿਆਵਾਂ

ਨਾਲ ਘਿਰੀ ਹੋਈ ਧਰਤੀ ਬਿਸਤ ਦੋਆਬ ਹੈ। ਇਸ ਦੋਆਬ ਵਿੱਚ ਬਰਤਾਨਵੀ ਰਾਜ ਵੇਲੇ ਜਲੰਧਰ ਤੇ ਹੁਸ਼ਿਆਰਪੁਰ ਜ਼ਿਲ੍ਹਾ ਅਤੇ ਰਿਆਸਤ ਕਪੂਰਥਲਾ (ਹੁਣ ਜ਼ਿਲ੍ਹਾ) ਸ਼ਾਮਲ ਹੈ।

ਪੰਜਾਬ ਦੇ ਦੋਆਬਿਆਂ ਵਿੱਚੋਂ ਬਾਰੀ ਦੋਆਬ ਸਭ ਦਾ ਸਰਦਾਰ ਹੈ। ਇਸ ਦੋਆਬ ਨੂੰ ਆਮ ਤੌਰ 'ਤੇ ਮਾਝਾ ਕਿਹਾ ਜਾਂਦਾ ਹੈ। ਮਾਝਾ ਦਾ ਅਰਥ ਕੇਂਦਰ ਹੈ। 1947 ਦੀ ਵੰਡ ਤੋਂ ਪਹਿਲਾਂ ਆਬਾਦੀ ਪੱਖੋਂ ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਕ੍ਰਮਵਾਰ ਲਾਹੌਰ, ਅੰਮ੍ਰਿਤਸਰ ਤੇ ਮੁਲਤਾਨ ਇਸ ਦੋਆਬ ਵਿੱਚ ਹੀ ਪੈਂਦੇ ਸਨ। ਸਦੀਆਂ ਤੋਂ ਇਸ ਦੋਆਬ ਦੇ ਸ਼ਹਿਰ- ਪਹਿਲਾਂ ਮੁਲਤਾਨ ਤੇ ਫਿਰ ਲਾਹੌਰ - ਪੰਜਾਬ ਦੀ ਰਾਜਧਾਨੀ ਰਹੇ। ਦੇਸ਼ਵੰਡ ਤੋਂ ਪਹਿਲਾਂ ਲਾਹੌਰ ਤੇ ਅੰਮ੍ਰਿਤਸਰ ਸਾਂਝੇ ਪੰਜਾਬ ਦੇ ਵਪਾਰ, ਕਲਾ ਤੇ ਵਿੱਦਿਆ ਦੇ ਗੜ੍ਹ ਸਨ। ਸਾਰੀ ਦੁਨੀਆ ਨੂੰ ਜਿੱਤਣ ਦਾ ਸੁਪਨਾ ਲੈਣ ਵਾਲਾ ਮਹਾਨ ਜਰਨੈਲ ਸਿਕੰਦਰ ਰਾਵੀ ਅਤੇ ਬਿਆਸ ਵਿਚਕਾਰਲਾ ਸਾਰਾ ਦੇਸ਼ ਫ਼ਤਹਿ ਕਰਕੇ ਹਾਈਫੇਸਸ (ਬਿਆਸ) ਦਰਿਆ ਤੀਕ ਪਹੁੰਚਿਆ। ਕਰਟੀਅਸ ਦੇ ਕਥਨ ਅਨੁਸਾਰ ਇਸ ਇਲਾਕੇ ਵਿੱਚ ਵਸਣ ਵਾਲੇ ਲੋਕ ਆਪਣੀ ਸੁੰਦਰਤਾ ਲਈ ਬੜੇ ਪ੍ਰਸਿੱਧ ਸਨ। ਫ਼ੌਜ ਵੱਲੋਂ ਬਗਾਵਤ ਕਰਨ ਕਰਕੇ ਸਿਕੰਦਰ ਹਾਈਫੇਸਸ (ਬਿਆਸ) ਦਰਿਆ ਤੋਂ ਵਾਪਸ ਹੋ ਗਿਆ।

ਵਾਪਸੀ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਸਿਕੰਦਰ ਨੇ ਪੱਥਰ ਦੇ 12 ਵੱਡੇ ਵੱਡੇ ਮੁਨਾਰੇ, ਜੋ ਪੰਜਾਹ ਪੰਜਾਹ ਫੁੱਟ ਉੱਚੇ ਸਨ, ਦਰਿਆ ਬਿਆਸ ਦੇ ਕਿਨਾਰੇ ਉੱਤੇ ਬਣਵਾਏ। ਇਹ ਮੁਨਾਰੇ ਬਿਆਸ ਤੇ ਸਤਲੁਜ ਦੇ ਸੰਗਮ ਤੋਂ ਥੱਲੇ ਵੱਲ ਨੂੰ ਸਨ ਅਤੇ ਇਹ ਉਸ ਦੀਆਂ ਜਿੱਤਾਂ ਦੀ ਯਾਦ ਵਿੱਚ ਖੜ੍ਹੇ ਕੀਤੇ ਗਏ ਸਨ। ਏਰੀਅਨ ਲਿਖਦਾ ਹੈ ਕਿ ਇਹ ਮੁਨਾਰੇ ਕਿਲ੍ਹੇਬੰਦ ਬੁਰਜਾਂ ਦੀ ਉਚਾਈ ਦੇ ਬਰਾਬਰ ਸਨ, ਪਰ ਆਕਾਰ ਵਿੱਚ ਉਨ੍ਹਾਂ ਤੋਂ ਵੀ ਵੱਡੇ ਸਨ। ਪਲੂਟਰਚ ਆਪਣੀ ਰਚਨਾ ਵਿਟਾ ਅਲੈਗਜ਼ੰਡਰੀਸ ਵਿੱਚ ਦੱਸਦਾ ਹੈ ਕਿ ਇਹ ਮੁਨਾਰੇ ਉਸ ਦੇ ਸਮੇਂ ਤੀਕ ਕਾਇਮ ਰਹੇ। ਮਿਸਟਰ ਪ੍ਰਿੰਸਿਪ ਨੇ ਸਿਕੰਦਰ ਦੀ ਮੁਹਿੰਮ ਦੇ ਵਿਸ਼ੇ ਉੱਪਰ 'ਜਰਨਲ ਆਫ ਦਿ ਏਸ਼ਿਐਟਿਕ ਸੁਸਾਇਟੀ ਆਫ ਬੰਗਾਲ' ਵਿੱਚ ਲਿਖਿਆ ਹੈ- ''ਅਪੋਲੀਨੀਬਸ ਟਿਆਨੀਅਸ ਨੇ ਸੰਨ ਈਸਵੀ ਦੀ ਪਹਿਲੀ ਸਦੀ ਵਿੱਚ ਇਨ੍ਹਾਂ ਮੁਨਾਰਿਆਂ ਨੂੰ ਉਸ ਸਮੇਂ ਡਿੱਠਾ ਜਿਸ ਸਮੇਂ ਯੂਨਾਨੀ ਨਸਲ ਦਾ ਬਾਦਸ਼ਾਹ ਫੈਰੋਟਸ ਪੰਜਾਬ ਵਿੱਚ ਰਾਜ ਕਰਦਾ ਸੀ।'' ਬਰਨਜ਼ ਨੇ ਬਿਆਸ ਤੇ ਸਤਲੁਜ ਦੇ ਸੰਗਮ ਦੇ ਥੱਲੇ ਵਾਲੇ ਪਾਸੇ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲਾਉਣ ਦਾ ਭਰਪੂਰ ਕਰਨ ਕੀਤਾ ਪਰ ਉਹ ਕੋਈ ਪਤਾ ਨਾ ਲਾ ਸਕਿਆ।

ਹੁਣ ਜਦੋਂ ਵਿਗਿਆਨ ਬਹੁਤ ਜ਼ਿਆਦਾ ਤਰੱਕੀ ਕਰ ਚੁੱਕਾ ਹੈ ਤਾਂ ਪੰਜਾਬ ਤੇ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਨੂੰ ਉਪਗ੍ਰਹਿ ਆਦਿ ਦੇ ਜ਼ਰੀਏ ਇਨ੍ਹਾਂ ਮੁਨਾਰਿਆਂ ਦੀਆਂ ਨੀਹਾਂ ਦੀ ਖੋਜ ਕਰਨੀ ਚਾਹੀਦੀ ਹੈ। ਸਮੇਂ ਦੇ ਬੀਤਣ ਨਾਲ ਭਾਵੇਂ ਇਹ ਇਤਿਹਾਸਕ ਮੁਨਾਰੇ ਲੋਪ ਹੋ ਚੁੱਕੇ ਹਨ, ਪਰ ਇਨ੍ਹਾਂ ਦੀਆਂ ਨੀਹਾਂ ਮੌਜੂਦ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਬੰਧਿਤ ਵਿਭਾਗਾਂ ਨੂੰ ਉਪਗ੍ਰਹਿ ਤੇ ਹੋਰ ਵਿਗਿਆਨਕ ਤਰੀਕਿਆਂ ਨਾਲ ਇਨ੍ਹਾਂ ਮੁਨਾਰਿਆਂ ਦੀਆਂ ਬਚੀਆਂ ਖੁਚੀਆਂ ਨਿਸ਼ਾਨੀਆਂ ਦੀ ਖੋਜ ਕਰਕੇ ਦੁਨੀਆ ਨੂੰ ਮਹਾਨ ਜੇਤੂ ਸਿਕੰਦਰ ਦੀ ਯਾਦਗਾਰ ਦਿਖਾਉਣੀ ਚਾਹੀਦੀ ਹੈ। ਜੇਕਰ ਇਨ੍ਹਾਂ ਮੁਨਾਰਿਆਂ ਦੀ ਹੋਂਦ ਦਾ ਪਤਾ ਲੱਗ ਜਾਵੇ ਤਾਂ ਦੁਨੀਆ ਭਰ ਤੋਂ ਇਤਿਹਾਸ ਤੇ ਪੁਰਾਤਤਵ ਖੋਜੀ ਇਸ ਜਗ੍ਹਾ 'ਤੇ ਖੋਜ ਲਈ ਆਉਣਗੇ। ਇਸ ਨਾਲ ਪੰਜਾਬ ਦੇ ਸੈਰ ਸਪਾਟਾ ਖੇਤਰ ਨੂੰ ਵੀ ਬਹੁਤ ਲਾਭ ਹੋਵੇਗਾ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਮਾਣ ਵਾਲੀ ਗੱਲ ਜਾਂ ਸ਼ਰਮ ਵਾਲੀ...?

ਵਲੋਂ : ਰਵਿੰਦਰ ਚੋਟ ਫੋਨ: 98726-73703

ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਅਗਲੇ ਸਾਲ ਲਈ ਆਪਣੀ ਆਬਕਾਰੀ ਨੀਤੀ 2025-26 ਲੋਕਾਂ ਦੀ ਅਦਾਲਤ ਵਿਚ ਪੇਸ਼ ਕੀਤੀ ਹੈ। ਸ਼ਰਾਬ ਅਤੇ ਪੈਟਰੋਲੀਅਮ ਪਦਾਰਥਾਂ ਦਾ ਕਾਰੋਬਾਰ ਰਾਜ-ਸਰਕਾਰਾਂ ਤੇ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਜੀ.ਐਸ.ਟੀ ਐਕਟ 2017 ਤੋਂ ਬਾਹਰ ਰੱਖਿਆ ਗਿਆ ਸੀ ਕਿਉਂਕਿ ਇਨ੍ਹਾਂ ਦੋਵਾਂ ਤੋਂ ਬਹੁਤ ਵੱਡਾ ਮਾਲੀਆ ਆਉਂਦਾ ਸੀ। ਕੇਂਦਰ ਸਰਕਾਰ ਜੀ.ਐਸ.ਟੀ ਐਕਟ ਲਾਗੂ ਕਰਨ ਵੇਲੇ ਅਗਲੇ ਪੰਜ ਸਾਲ ਲਈ ਰਾਜ ਸਰਕਾਰਾਂ ਦੇ ਮਾਲੀਏ ਦੇ ਘਾਟੇ ਨੂੰ ਕੇਂਦਰੀ ਪੂਲ ਵਿਚੋਂ ਪੂਰਾ ਕਰਨਾ ਮੰਨ ਚੁੱਕੀ ਸੀ। ਇਸ ਲਈ ਕੇਂਦਰ ਨੂੰ ਖਦਸ਼ਾ ਸੀ ਕਿ ਉਸ ਲਈ ਇਨ੍ਹਾਂ ਦੋਹਾਂ ਮੱਦਾਂ ਦਾ ਘਾਟਾ ਪੂਰਾ ਕਰਨਾ ਔਖਾ ਸੀ। ਦੂਸਰੇ ਪਾਸੇ ਰਾਜ ਸਰਕਾਰਾਂ ਵੀ ਇਸ ਮਾਲੀਏ ਦਾ ਵੱਡਾ ਸਾਧਨ ਗੁਆਉਣਾ ਨਹੀਂ ਚਾਹੁੰਦੀਆਂ ਸਨ। ਆਬਕਾਰੀ ਰਾਜ ਸਰਕਾਰਾਂ ਦੀ ਆਮਦਨ ਦੇ ਮੁੱਖ ਸੋਮਿਆਂ ਵਿਚੋਂ ਇਕ ਮੰਨਿਆ ਗਿਆ ਹੈ। ਜਿਸ ਦੀ ਆਮਦਨ ਸਿੱਧੀ ਰਾਜ ਸਰਕਾਰ ਦੇ ਖਜ਼ਾਨੇ ਵਿਚ ਆਉਂਦੀ ਹੈ, ਜੀ.ਐਸ.ਟੀ. ਦੇ ਮਾਲੀਏ ਵਾਂਗ ਕੇਂਦਰ ਸਾਰਕਾਰ ਵਲੋਂ ਘੁੰਮ ਕੇ ਨਹੀਂ ਆਉਂਦੀ। ਕੁਝ ਸਾਲ ਪਹਿਲਾਂ ਸ਼ਰਾਬ ਦੇ ਠੇਕੇ ਖੁੱਲ੍ਹੀ ਬੋਲੀ ਰਾਹੀਂ ਵੇਚੇ ਜਾਂਦੇ ਸਨ। ਇਸ ਸਿਸਟਮ ਦੀਆਂ ਕੁਝ ਕਮੀਆਂ ਨੂੰ ਵੇਖਦਿਆਂ ਸਰਕਾਰ ਨੇ ਇਸ ਵਿਚ ਸੁਧਾਰ ਕਰਨ ਲਈ ਠੇਕੇਦਾਰਾਂ ਤੋਂ ਅਰਜ਼ੀਆਂ ਲੈ ਕੇ ਲਾਟਰੀ ਡਰਾਅ ਰਾਹੀਂ ਵੇਚਣੇ ਸ਼ੁਰੂ ਕਰ ਦਿੱਤੇ ਸਨ। ਪਿਛਲੇ ਸਾਲਾਂ ਵਿਚ ਟੈਂਡਰਾਂ ਰਾਹੀਂ ਠੇਕੇ ਵੇਚਣ ਦਾ ਤਜਰਬਾ ਕੀਤਾ ਗਿਆ ਅਤੇ ਇਸ ਸਾਲ ਦੀ ਆਬਕਾਰੀ ਨੀਤੀ ਮੁਤਾਬਕ ਫਿਰ ਈ-ਟੈਂਡਰਾਂ ਰਾਹੀਂ ਠੇਕੇ ਵੇਚਣ ਦੀ ਤਿਆਰੀ ਹੈ। ਜਦੋਂ ਕਿ ਆਬਕਾਰੀ ਨੀਤੀ ਬਣਾਉਣ ਵੇਲੇ ਚਾਰ ਧਿਰਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਪਹਿਲੀ ਸ਼ਰਾਬ ਬਣਾਉਣ ਵਾਲਿਆਂ (ਫੈਕਟਰੀਆਂ) ਦੀ ਜਾਇਜ਼ ਕਮਾਈ ਹੋਵੇ। ਦੂਸਰਾ ਠੇਕੇਦਾਰ ਜਿਸ ਨੇ ਫੈਕਟਰੀ ਤੋਂ ਲਿਆ ਕੇ ਸ਼ਰਾਬ ਵੇਚਣੀ ਹੈ। ਤੀਸਰਾ ਪਬਲਿਕ ਜਿਸ ਨੇ ਸ਼ਰਾਬ ਖਰੀਦ ਕੇ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਸ ਦੀ ਵਰਤੋਂ ਕਰਨੀ ਹੈ। ਅਖੀਰ 'ਤੇ ਸਰਕਾਰ ਨੇ ਆਪਣੇ ਰੈਵਿਨਿਊ ਦਾ ਧਿਆਨ ਕਰਨਾ ਹੁੰਦਾ ਹੈ। ਆਬਕਾਰੀ ਨੀਤੀ ਉਹੀ ਸਫਲ ਹੁੰਦੀ ਹੈ ਜਿਸ ਵਿਚ ਇਨ੍ਹਾਂ ਚਾਰਾਂ ਫੈਕਟਰਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਗਿਆ ਹੋਵੇ। ਲੋਕਾਂ ਦੀ ਸਿਹਤ ਨੂੰ ਨਜ਼ਰ-ਅੰਦਾਜ਼ ਕਰ ਕੇ ਸਰਕਾਰਾਂ ਹਰ ਸਾਲ ਆਪਣਾ ਰੈਵਿਨਿਊ ਵਧਾਉਣ ਲਈ ਸ਼ਰਾਬ ਦੇ ਕੋਟੇ ਵਿਚ ਲਗਾਤਾਰ ਵਾਧਾ ਕਰਦੀਆਂ ਆਈਆਂ ਹਨ। ਪਿਛਲੇ ਸਾਲ ਸ਼ਰਾਬ ਦਾ ਕੋਟਾ ਖੁੱਲ੍ਹਾ ਰੱਖਿਆ ਗਿਆ ਸੀ ਅਤੇ ਇਸ ਸਾਲ ਵੀ ਇਹ ਖੁੱਲ੍ਹਾ ਰੱਖਿਆ ਗਿਆ ਹੈ। ਠੇਕੇਦਾਰ ਵਧੀ ਵਿਕਰੀ ਮੁਤਾਬਕ ਵੱਧ ਸ਼ਰਾਬ ਦਾ ਕੋਟਾ ਚੁੱਕ ਸਕਦਾ ਹੈ। ਕੋਟਾ ਭਾਵੇਂ ਖੁੱਲ੍ਹਾ ਹੈ ਪਰ ਉੱਚ ਅਧਿਕਾਰੀ ਇਸ ਗੱਲ ਦਾ ਧਿਆਨ ਰੱਖਣਗੇ ਕਿ ਕੋਈ ਕੇਦਾਰ ਇਸ ਖੁੱਲ੍ਹ ਦੀ ਨਾਜਾਇਜ਼ ਵਰਤੋਂ ਨਾ ਕਰੇ। ਉੱਚ ਅਫਸਰ ਇਸ ਦੀ ਮਹੀਨਾਵਾਰ ਨਜ਼ਰਸਾਨੀ ਕਰਨਗੇ ਕਿ ਕੋਈ ਠੇਕੇਦਾਰ ਵਾਧੂ ਕੋਟਾ ਚੁੱਕ ਕੇ ਕਿਤੇ ਦੋ ਨੰਬਰ ਵਿਚ ਤਾਂ ਨਹੀਂ ਵੇਚ ਰਿਹਾ। ਪਿਛਲੇ ਕੁੱਝ ਸਾਲਾਂ ਦੀਆਂ ਆਬਕਾਰੀ ਨੀਤੀਆਂ 'ਤੇ ਨਜ਼ਰ ਮਾਰ ਕੇ ਅਸੀਂ ਇਸ ਸਾਲ ਦੀ ਨੀਤੀ 'ਤੇ ਵਿਚਾਰ ਕਰ ਸਕਦੇ ਹਾਂ। ਜੇਕਰ ਅਸੀਂ ਪਿਛਲੇ ਕੁੱਝ ਸਾਲਾਂ ਦੇ ਆਬਕਾਰੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਾਲ 2016-17 ਵਿਚ ਵਧੀਆ ਗੱਲ ਕਰਦੇ ਹੋਏ ਪਿਛਲੇ ਸਾਲ ਨਾਲੋਂ 437.73 ਕਰੋੜ ਘਟਾ ਕੇ ਟੀਚਾ 4405.69 ਰੱਖਿਆ ਗਿਆ। ਇਸ ਸਾਲ ਸਿਆਣੇ ਲੋਕਾਂ ਨੂੰ ਖੁਸ਼ੀ ਹੋਈ ਸੀ ਕਿ ਲੋਕਾਂ ਦੀ ਸਿਹਤ ਦਾ ਧਿਆਨ ਕਰਦੀ ਹੋਈ ਸਰਕਾਰ ਨੇ ਆਪਣਾ ਸ਼ਰਾਬ ਦਾ ਮਾਲੀਆ ਘਟਾ ਕੇ ਚੰਗੀ ਪਿਰਤ ਪਾਈ ਹੈ। ਪਰ ਇਸ ਤੋਂ ਅਗਲੇ ਸਾਲ 5135.69 ਟੀਚਾ ਰੱਖਦੇ ਹੋਏ ਮਾਲੀਏ ਵਿਚ ਵਾਧਾ 729.96 ਕਰ ਦਿੱਤਾ। ਫਿਰ ਇਸ ਤੋਂ ਅਗਲੇ ਸਾਲ ਵਾਧਾ ਸਿਰਫ 20.10 ਕਰੋੜ ਦਾ ਹੀ ਕੀਤਾ ਗਿਆ ਤੇ ਟੀਚਾ 5155.79 ਕਰੋੜ ਦਾ ਰੱਖਿਆ ਗਿਆ। ਫਿਰ ਸਾਲ 2019- 20 ਵਿਚ ਮਾਲੀਏ ਵਿਚ 38.17 ਕਰੋੜ ਘੱਟ ਕਰ ਕੇ ਟੀਚਾ 5117.73 ਕਰੋੜ ਦਾ ਰੱਖ ਦਿੱਤਾ ਗਿਆ। ਸਾਲ 2020-21 ਲਈ ਮਾਲੀਏ ਵਿਚ 1217.44 ਕਰੋੜ ਦਾ ਵਾਧਾ ਕਰ ਕੇ ਸ਼ਰਾਬ ਤੋਂ ਆਮਦਨ ਦਾ ਟੀਚਾ 6335.17 ਕਰੋੜ ਰੁਪਏ ਰੱਖਿਆ ਗਿਆ ਸੀ। ਫਿਰ ਸੰਨ 2021-22 ਵਿਚ ਆਬਕਾਰੀ ਮਾਲੀਆ 80.33 ਕਰੋੜ ਘਟਾ ਕੇ ਟੀਚਾ 6254.74 ਕਰੋੜ ਦਾ ਰੱਖਿਆ ਗਿਆ ਸੀ ਤੇ ਅਗਲੇ ਸਾਲ 2022-23 ਲਈ (ਸਿਰਫ 9 ਮਹੀਨਿਆਂ ਲਈ) ਮਾਲੀਏ ਦਾ ਟੀਚਾ 2641.26 ਕਰੋੜ ਵਧਾ ਕੇ ਮਾਲੀਏ ਦਾ ਟੀਚਾ 8896 ਕਰੋੜ ਕੀਤਾ ਗਿਆ ਸੀ। ਸਾਲ 2023-24 ਲਈ ਇਹ ਟੀਚਾ ਤਕਰੀਬਨ 858 ਕਰੋੜ ਵਧਾਇਆ ਗਿਆ ਸੀ ਅਤੇ ਇਸ ਸਾਲ ਆਬਕਾਰੀ ਤੋਂ 9754 ਕਰੋੜ ਮਾਲੀਆ ਆਇਆ ਸੀ। ਸਾਲ 2024-25 ਲਈ ਇਹ ਟੀਚਾ 10145.95 ਕਰੋੜ ਸੀ ਤੇ ਇਸ ਸਾਲ 2025-26 ਲਈ 874 ਕਰੋੜ ਵਧਾ ਕੇ 11020 ਕਰੋੜ ਕਰ ਦਿਤਾ ਗਿਆ ਹੈ। ਕਮਾਲ ਦੀ ਗੱਲ ਇਹ ਹੈ ਕਿ ਪੰਜਾਬ ਦੀਆਂ ਸਰਕਾਰਾਂ ਨੇ ਸ਼ਰਾਬ ਦਾ ਮਾਲੀਆ ਜਿਹੜਾ ਕਿ 2016- 17 ਵਿਚ 4405.69 ਕਰੋੜ ਸੀ ਹੁਣ ਵਧਾ ਕੇ ਇਸ ਸਾਲ 11020 ਕਰੋੜ 'ਤੇ ਲੈ ਆਂਦਾ ਹੈ ਭਾਵ ਏਨੇ ਸਾਲਾਂ ਵਿਚ 6614.31 ਕਰੋੜ ਵਾਧਾ ਕੀਤਾ ਹੈ। ਅਜੇ ਵੀ ਸਰਕਾਰਾਂ ਪੂਰਨ ਨਸ਼ਾਬੰਦੀ ਦਾ ਰੌਲਾ ਪਾ ਰਹੀਆਂ ਹਨ। ਭਾਵੇਂ ਪਿਛਲੇ ਕਈ ਸਾਲਾਂ ਵਿਚ ਉਗਰਾਹੀ ਦੇ ਇਹ ਟੀਚੇ ਪੂਰੇ ਨਹੀਂ ਹੁੰਦੇ ਰਹੇ ਪਰ ਮਨੁੱਖੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅੰਕੜੇ ਵਿਚਾਰਨ ਯੋਗ ਹਨ। ਉਪਰੋਕਤ ਅੰਕੜਿਆਂ ਨੂੰ ਵੇਖ ਕੇ ਇੰਜ ਲਗਦਾ ਹੈ ਕਿ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਵੀ ਸਰਕਾਰਾਂ ਚਲਾਉਣ ਲਈ ਮਨੁੱਖੀ ਸਿਹਤ ਨੂੰ ਅੱਖੋਂ ਪਰੋਖੇ ਕਰ ਕੇ ਹਰ ਸਾਲ ਪੰਜਾਬ ਦੇ ਲੋਕਾਂ ਨੂੰ ਹਜ਼ਾਰਾਂ ਕਰੋੜ ਦੀ ਸ਼ਰਾਬ ਪਿਛਲੇ ਸਾਲ ਨਾਲੋਂ ਵਧਾ ਕੇ ਪੇਸ਼ ਕੀਤੀ ਜਾਂਦੀ ਹੈ। ਇਹ ਹਾਲ ਸਿਰਫ ਪੰਜਾਬ ਦਾ ਹੀ ਨਹੀਂ ਹੈ ਸਗੋਂ ਬਾਕੀ ਸੂਬੇ ਵੀ ਇਸੇ ਤਰ੍ਹਾਂ ਕਰਦੇ ਹਨ। ਉਂਜ ਪਹਿਲਾਂ ਹੀ ਪੰਜਾਬ ਨੂੰ ਬਾਕੀ ਸੂਬਿਆਂ ਦੇ ਮੁਕਾਬਲੇ ਵੱਧ ਸ਼ਰਾਬ ਪੀਣ ਦਾ ਮਾਣ ਪ੍ਰਾਪਤ ਹੈ। ਜੇਕਰ ਇਸ ਸਾਲ ਦੀ ਆਬਕਾਰੀ ਨੀਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਦੇਸੀ ਸ਼ਰਾਬ ਦਾ ਕੋਟਾ ਪਿਛਲੇ ਸਾਲ ਨਾਲੋਂ ਤਿੰਨ ਪ੍ਰਤੀਸ਼ਤ ਵਧਾਇਆ ਗਿਆ। ਪਿਛਲੇ ਸਾਲ ਦੇਸੀ ਸ਼ਰਾਬ ਦਾ ਕੋਟਾ 8.286 ਕਰੋੜ ਪਰੂਫ ਲਿਟਰ ਸੀ। ਹੁਣ ਸਾਲ 2025-26 ਲਈ 248 ਕਰੋੜ ਪੀ.ਐਲ ਵਧਾ ਕੇ 8.534 ਕਰੋੜ ਪੀ.ਐਲ ਕਰ ਦਿਤਾ ਗਿਆ ਹੈ। ਕੋਟਾ ਵਧਾਉਣਾ ਸਰਕਾਰ ਦਾ ਚੰਗਾ ਕਦਮ ਨਹੀਂ ਹੈ। ਕਿਉਂਕਿ ਇਹ ਸਾਰਾ ਕੋਟਾ ਗਰੀਬ ਜਨਤਾ ਹੀ ਪੀਂਦੀ ਹੈ। ਦੂਸਰੇ ਪਾਸੇ ਪਿਛਲੇ ਸਾਲ ਵਾਂਗ ਹੀ ਅੰਗਰੇਜ਼ੀ ਸ਼ਰਾਬ ਤੇ ਬੀਅਰ ਦੇ ਕੋਟੇ 'ਤੇ ਕੋਈ ਲਗਾਮ ਨਹੀਂ ਦਿਤੀ ਗਈ ਕੋਟਾ ਖੁੱਲ੍ਹਾ ਹੈ ਠੇਕੇਦਾਰ ਜਿੰਨਾ ਮਰਜ਼ੀ ਕੋਟਾ ਚੁੱਕ ਸਕਦਾ ਹੈ। ਜੇਕਰ ਕਿਸੇ ਠੇਕੇਦਾਰ ਕੋਲ ਇਸ ਸਾਲ ਦਾ ਕੋਟਾ ਵਧ ਜਾਂਦਾ ਹੈ ਤਾਂ ਉਸਨੂੰ ਅਬਕਾਰੀ ਮਹਿਕਮੇ ਨੂੰ ਲਿਖਤੀ ਰੂਪ ਵਿਚ ਦੱਸਣਾ ਪਵੇਗਾ ਅਤੇ ਮਹਿਕਮੇ ਦੀ ਆਗਿਆ ਨਾਲ ਬਣਦੀ ਫੀਸ ਦੇ ਕੇ ਉਹ ਇਸ ਸਾਲ ਵਿਚ ਵੇਚਿਆ ਜਾ ਸਕਦਾ ਹੈ। ਇਸ ਲਈ ਇਸ ਸਾਲ 31 ਮਾਰਚ ਠੇਕਿਆਂ ਵਿਚ ਸਸਤੀ ਸ਼ਰਾਬ ਲਈ ਮੇਲੇ ਲੱਗਣ ਦੀ ਸੰਭਾਵਨਾ ਨਹੀਂ ਲੱਗਦੀ। ਇਸ ਸਾਲ ਦਾ ਕੋਟਾ ਮਹੀਨਾਵਾਰ 12 ਕਿਸ਼ਤਾਂ ਵਿਚ ਠੇਕੇਦਾਰ ਵਲੋਂ ਚੁੱਕਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ। ਇਸੇ ਤਰ੍ਹਾਂ ਠੇਕੇਦਾਰ 12 ਮਹੀਨਾਵਾਰ ਕਿਸ਼ਤਾਂ ਵਿਚ ਹਰ ਮਹੀਨੇ ਬਣਦੀ ਲਸੰਸ ਫੀਸ ਜਮ੍ਹਾਂ ਕਰਵਾਏਗਾ। ਜੇਕਰ ਉਹ 20 ਤਰੀਖ ਤਕ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦਾ ਲਸੰਸ ਰੱਦ ਹੋ ਸਕਦਾ ਹੈ। ਆਬਕਾਰੀ ਪਾਲਿਸੀ ਮੁਤਾਬਕ ਪੰਜਾਬ ਵਿਚ ਠੇਕਿਆਂ ਦੇ 207 ਗਰੁੱਪ ਬਣਾਏ ਗਏ ਹਨ। ਇਕ ਗਰੁਪ 40 ਕਰੋੜ ਦਾ ਹੋਵੇਗਾ। ਇਕ ਗਰੁੱਪ ਵਾਲਾ ਅਲਾਟ ਕੀਤੇ ਏਰੀਏ ਵਿਚ ਦੋ ਮਾਡਲ ਸ਼ਾਪਸ਼ ਖੋਲ੍ਹ ਸਕਦਾ ਹੈ, ਜਿਹੜੀਆਂ ਡਿਪਾਰਟਮੈਂਟਲ ਸਟੋਰਾਂ ਵਿਚ ਖੋਲ੍ਹੀਆਂ ਜਾ ਸਕਦੀਆਂ ਹਨ ਪਰ ਇਹ ਕਿਸੇ ਵੀ ਠੇਕੇ ਤੋਂ 200 ਮੀਟਰ ਦੀ ਦੂਰੀ 'ਤੇ ਹੋਣੀਆਂ ਚਾਹੀਦੀਆਂ ਹਨ। ਕਾਰਪੋਰੇਸ਼ਨ ਏਰੀਏ ਵਿਚ ਇਸ ਦੀ ਫੀਸ 2 ਲੱਖ ਹੋਵੇਗੀ, ਮਿਉਂਸਿਪਲ ਏਰੀਏ ਵਿਚ ਇਕ ਲੱਖ ਅਤੇ ਪੇਂਡੂ ਏਰੀਏ ਵਿਚ 50000 ਹੋਵੇਗੀ। ਇਸ ਤੋਂ ਇਲਾਵਾ ਉਹ ਮਹਿਕਮੇ ਦੀਆਂ ਸ਼ਰਤਾਂ ਅਧੀਨ ਆਪਣੇ ਏਰੀਏ ਵਿਚ 10 ਸਬਵੈਂਡ ਵੀ ਖੋਲ੍ਹ ਸਕਦਾ ਹੈ ਪਰ ਇਸ ਦੀ ਵੱਖਰੀ ਲਸੰਸ ਫੀਸ ਦੇਣੀ ਪਵੇਗੀ। ਇਸ ਸਾਲ ਕੁਲ 6374 ਠੇਕੇ ਖੁੱਲ੍ਹਣ ਦੀ ਸੰਭਾਵਨਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਠੇਕੇਦਾਰਾਂ ਲਈ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਜਿਵੇਂ ਪੰਜਾਬ ਲਿਕਰ ਲਸੰਸ ਰੂਲਜ਼ 1956 ਦੇ ਰੂਲ 37 (9ਬ) ਮੁਤਾਬਕ ਠੇਕਾ ਖੋਲ੍ਹਣ ਵੇਲੇ ਇਹ ਧਿਆਨ ਰੱਖਿਆ ਜਾਵੇਗਾ ਕਿ ਇਹ ਕਿਸੇ ਵੀ ਧਾਰਮਿਕ ਸਥਾਨ ਅਤੇ ਵਿਦਿਅਕ ਅਦਾਰੇ ਤੋਂ ਪੇਂਡੂ ਖੇਤਰ ਵਿਚ ਘੱਟ ਤੋਂ ਘੱਟ 100 ਮੀਟਰ ਦੂਰ ਅਤੇ ਸ਼ਹਿਰੀ ਖੇਤਰ ਵਿਚ 50 ਮੀਟਰ ਦੂਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 29 ਮੁਤਾਬਕ ਕੋਈ ਠੇਕੇਦਾਰ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸ਼ਰਾਬ ਨਹੀਂ ਵੇਚੇਗਾ। ਇਸੇ ਐਕਟ ਦੀ ਧਾਰਾ 30 ਮੁਤਾਬਕ ਕੋਈ ਵੀ ਠੇਕੇਦਾਰ ਠੇਕੇ 'ਤੇ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਮੁਲਾਜ਼ਮ ਨਹੀਂ ਰੱਖ ਸਕਦਾ। ਇਨ੍ਹਾਂ ਦੋਵਾਂ ਨਿਯਮਾਂ ਦੀ ਉਲੰਘਣਾ ਸਜ਼ਾ ਯੋਗ ਹੈ। ਠੇਕਿਆਂ ਦੇ ਬੋਰਡ 'ਤੇ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣਾ ਜ਼ਰੂਰੀ ਹੋਵੇਗਾ। ਸੰਵਿਧਾਨ ਦੇ ਆਰਟੀਕਲ 47 ਦੇ ਮੁਤਾਬਕ ਸ਼ਰਾਬ ਦੀ ਮਸ਼ਹੂਰੀ ਕੋਈ ਵੀ ਅਦਾਰਾ ਨਹੀਂ ਕਰ ਸਕਦਾ ਪਰ ਇਸ ਦੇ ਪਰਚਾਰ ਲਈ ਟੀ.ਵੀ ਆਦਿ 'ਤੇ ਅਸਿੱਧੇ ਢੰਗ ਵਰਤੇ ਜਾਂਦੇ ਹਨ ਜਿਵੇਂ ਸ਼ਰਾਬ ਦੇ ਕਿਸੇ ਬਰੈਂਡ ਦੇ ਨਾਮ ਦਾ ਸੋਡਾ ਲੈ ਕੇ ਪ੍ਰਚਾਰ ਕੀਤਾ ਜਾਂਦਾ ਹੈ। ਭਾਵ ਉਸੇ ਨਾਂ ਦੇ ਸੋਡੇ ਦਾ ਸਹਾਰਾ ਲਿਆ ਜਾਂਦਾ ਹੈ। ਕੁੱਝ ਲੋਕਾਂ ਦਾ ਵਿਚਾਰ ਸੀ ਕਿ ਦੇਸੀ ਸ਼ਰਾਬ ਵਾਂਗ ਹੀ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਵੀ ਫਿਕਸ ਹੋਣਾ ਚਾਹੀਦਾ ਹੈ। ਓਪਨ ਕੋਟੇ ਨਾਲ ਸ਼ਰਾਬ ਫੈਕਟਰੀਆਂ ਨੂੰ ਫਾਇਦਾ ਹੋਵੇਗਾ, ਪਰਚੂਨ ਵੇਚਣ ਵਾਲਿਆਂ ਨੂੰ ਘਾਟਾ ਰਹੇਗਾ। ਉਨ੍ਹਾਂ ਦਾ ਇਹ ਵੀ ਖਦਸ਼ਾ ਸੀ ਕਿ ਇਹ ਪਾਲਿਸੀ ਕਾਰਪੋਰੇਟ ਸੈਕਟਰ ਦੇ ਹੱਕ ਵਿਚ ਭੁਗਤਦੀ ਹੈ। ਇਸ ਸਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਰਾਬ ਦੇ ਰੇਟ ਗੁਆਂਢੀ ਸੂਬਿਆਂ ਨਾਲੋਂ ਘੱਟ ਰੱਖੇ ਜਾਣਗੇ ਤਾਂ ਕਿ ਉਧਰੋਂ ਸ਼ਰਾਬ ਪੰਜਾਬ ਵੱਲ ਨਾ ਆਵੇ ਅਤੇ ਸਰਕਾਰੀ ਮਾਲੀਏ ਨੂੰ ਢਾਅ ਨਾ ਲੱਗੇ ਸਗੋਂ ਸਰਕਾਰ ਦਾ ਮਾਲੀਆ ਵੀ ਵਧਣ ਦੀ ਸੰਭਾਵਨਾ ਬਣੇ। ਇਸ ਆਬਕਾਰੀ ਪਾਲਿਸੀ ਨਾਲ ਜਿੱਥੇ ਪਿਆਕੜਾਂ ਨੂੰ ਸ਼ਰਾਬ ਸਸਤੀ ਮਿਲੇਗੀ ਉੱਥੇ ਜਿਹੜੀ ਸ਼ਰਾਬ ਗੁਆਂਢੀ ਸੂਬਿਆਂ ਤੋਂ ਲਿਆ ਕੇ ਇੱਥੇ ਵੇਚੀ ਜਾਂਦੀ ਸੀ ਉਹ ਵੀ ਬਹੁਤ ਘੱਟ ਜਾਵੇਗੀ। ਕਿਉਂਕਿ ਸ਼ਰਾਬ ਦੀ ਸਮੱਗਲਿੰਗ ਰੋਕਣ ਲਈ ਪੰਜਾਬ 'ਚ ਦੋ ਬਟਾਲੀਅਨ ਰੱਖਿਆ ਕਰਮੀਆਂ ਦੀਆਂ ਹੋਰ ਲਗਾਉਣ ਦੀ ਤਜਵੀਜ਼ ਹੈ। ਸਗੋਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਸ਼ਰਾਬ ਸਸਤੀ ਅਤੇ ਕੋਟਾ ਓਪਨ ਹੋਣ ਕਰਕੇ ਦੂਸਰੇ ਸੂਬਿਆਂ ਵਿਚ ਵੀ ਦੋ ਨੰਬਰ ਵਿਚ ਵਿਕਣ ਤੋਂ ਰੋਕਿਆ ਜਾਵੇਗਾ। ਲੋਕਾਂ ਵਲੋਂ ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਿਹੜੀ ਭਸੂੜੀ ਦਿੱਲੀ ਪਿਛਲੇ ਸਾਲ ਦੀ ਆਬਕਾਰੀ ਨੀਤੀ ਦੇ ਸਬੰਧ ਵਿਚ ਪਈ ਹੋਈ ਹੈ, ਉਸ ਦੇ ਪ੍ਰਭਾਵ ਅਧੀਨ ਸ਼ਾਇਦ ਇੱਥੇ ਪਿਛਲੀ ਆਬਕਾਰੀ ਨੀਤੀ ਵਿਚ ਬਹੁਤੀ ਛੇੜ-ਛਾੜ ਨਹੀਂ ਕੀਤੀ ਗਈ। ਪੰਜਾਬ ਵਿਚ ਭੰਗ ਦਾ ਇਕੋ ਇਕ ਠੇਕਾ ਜਿਹੜਾ ਕਿ ਹੁਸ਼ਿਆਰਪੁਰ ਹਰ ਸਾਲ ਚੜ੍ਹਦਾ ਹੈ ਉਸ ਦੀ ਸਰਕਾਰੀ ਕੀਮਤ ਛੇ ਲੱਖ ਰੱਖੀ ਗਈ ਹੈ ਉਸ ਨੂੰ ਵੀ ਠੇਕੇ 'ਤੇ ਚੜ੍ਹਾਇਆ ਜਾਵੇਗਾ। ਜੇਕਰ ਨਸ਼ੇ ਬੰਦ ਕਰਨੇ ਜਾਂ ਘਟਾਉਣੇ ਚਾਹੁੰਦੇ ਹਾਂ ਤਾਂ ਸਰਕਾਰ ਨੂੰ ਆਬਕਾਰੀ ਮਾਲੀਏ ਲਈ ਹੋਰ ਬਦਲ ਲੱਭਣੇ ਪੈਣਗੇ ਅਤੇ ਆਮਦਨ ਲਈ ਹੋਰ ਸਰੋਤ ਪੈਦਾ ਕਰਨੇ ਪੈਣਗੇ। ਹੁਣ ਸਵਾਲ ਇਹ ਉੱਠਦਾ ਹੈ ਕੀ ਪੰਜਾਬ ਸਰਕਾਰ ਵਲੋਂ ਹਜ਼ਾਰਾਂ ਕਰੋੜ ਰੁਪਏ ਦਾ ਸ਼ਰਾਬ ਦੇ ਮਾਲੀਏ ਵਿਚ ਵਾਧਾ ਕਰ ਕੇ (ਨਸ਼ੇ ਰੋਕਣ ਵਾਲੀ ਸਰਕਾਰ) ਇਸ 'ਤੇ ਮਾਣ ਕਰਨਾ ਬਣਦਾ ਹੈ?

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਖਾੜਕੂ ਸਿੰਘ ਮਹਿਲ ਸਿੰਘ ਬੱਬਰ ਦਾ ਸ੍ਰੀ ਨਨਕਾਣਾ ਸਾਹਿਬ ਵਿਖੇ ਦੇਹਾਂਤ

ਸਰੀ : ਪਿਛਲੇ ਲੰਬੇ ਸਮੇਂ ਤੋਂ ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿਖੇ ਰਹਿ ਰਹੇ ਸਾਬਕਾ ਹਵਾਈ ਸੈਨਾ ਅਧਿਕਾਰੀ ਅਤੇ ਖਾੜਕੂ ਸਿੰਘ ਮਹਿਲ ਸਿੰਘ ਬੱਬਰ ਉਰਫ ਬਾਵਾ ਭੱਟੀ ਦਾ ਬੀਤੀ ਸ਼ਾਮ ਦੇਹਾਂਤ ਹੋ ਗਿਆ ਕਿਡਨੀਆਂ ਦੀ ਖਰਾਬੀ ਕਰਨ ਲੰਬੇ ਸਮੇਂ ਤੋਂ ਉਹਨਾਂ ਦਾ ਲਾਹੌਰ ਦੇ ਇੱਕ ਨਿੱਜੀ ਹਸਪਤਾਲ ਤੋਂ ਡਾਕਟਰੀ ਇਲਾਜ ਚੱਲ ਰਿਹਾ ਸੀ ਜਿੱਥੇ ਉਹਨਾਂ ਆਪਣਾ ਆਖਰੀ ਸਾਹ ਲਿਆ ਸ੍ਰੀ ਨਨਕਾਣਾ ਸਾਹਿਬ ਦੇ ਇੱਕ ਸਿੱਖ ਆਗੂ ਨੇ ਫੋਨ ਤੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕਈ ਵਰਿਆ ਤੂੰ ਲਾਹੌਰ ਚ ਰਹਿਣ ਤੋਂ ਬਾਅਦ ਬਾਵਾ ਪੱਟੀ ਹੁਣ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ ਵਿਖੇ ਭਾਰੀ ਸੁਰੱਖਿਆ ਹੇਠ ਰਹਿ ਰਹੇ ਸਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਾਗਜ਼ੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਉਨ੍ਹਾਂ ਦਾ ਸਸਕਾਰ 26 ਮਾਰਚ ਨੂੰ ਹੋਇਆ। ਉਨ੍ਹਾਂ ਦੀ ਉਮਰ 85 ਸਾਲ ਤੋਂ ਵੱਧ ਸੀ।



ਜਿੱਥੇ ਗ੍ਰੰਥੀ ਸਿੰਘਾਂ ਤੋਂ ਇਲਾਵਾ ਖੁਫੀਆ ਏਜੰਸੀ ਦੇ ਅਧਿਕਾਰੀ ਅਤੇ ਇਕ ਦੋ ਭਾਗ ਸਿੱਖ ਆਗੂ ਹੀ ਹਾਜ਼ਰ ਰਹਿਣਗੇ ਉਹਨਾਂ ਇਹ ਵੀ ਦੱਸਿਆ ਕਿ ਮਹਿਲ ਸਿੰਘ ਬੱਬਰ ਦੇ ਦਿਹਾਂਤ ਦੀ ਖਬਰ ਪੂਰੀ ਤਰਾਂ ਨਾਲ ਗੁਪਤ ਰੱਖੀ ਗਈ ਹੈ।

ਜਾਣਕਾਰੀ ਅਨੁਸਾਰ ਮਹਿਲ ਸਿੰਘ ਸਭ ਤੋਂ ਪਹਿਲਾਂ 1984 ਵਿੱਚ ਪਾਕਿਸਤਾਨ ਗਏ ਸਨ, ਫਿਰ ਉਹ 1991 ਵਿੱਚ ਮੁੜ ਪਾਕਿਸਤਾਨ ਗਏ ਅਤੇ ਉੱਥੋਂ ਵਾਪਸ ਨਹੀਂ ਪਰਤੇ ਸਨ। ਮਹਿਲ ਸਿੰਘ ਦਾ ਇੱਕ ਪੁੱਤਰ ਫਰਾਂਸ ਅਤੇ ਦੂਜਾ ਪੁੱਤਰ ਅਮਰੀਕਾ ਰਹਿੰਦਾ ਹੈ, ਉਹ ਸਾਲ 2000 ਦੇ ਨੇੜੇ ਫਰਾਂਸ ਰਹਿਣ ਲਈ ਗਏ ਸਨ।

1980 ਦੇ ਅੰਤ ਵਿੱਚ ਉਨ੍ਹਾਂ ਦੀ ਪਤਨੀ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਇਸ ਮਗਰੋਂ ਉਸ ਵੇਲੇ ਦੇ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਵੱਲੋਂ ਇੰਟੈਰੋਗੇਸ਼ਨ ਸੈਂਟਰ ਦੇ ਬਾਹਰ ਧਰਨਾ ਲਾਇਆ ਗਿਆ ਸੀ ਅਤੇ ਫਿਰ ਮਹਿਲ ਸਿੰਘ ਪਤਨੀ ਦੀ ਰਿਹਾਈ ਹੋਈ ਸੀ। ਉਨ੍ਹਾਂ ਦਾ ਜੱਦੀ ਪਿੰਡ ਤਰਨ ਤਾਰਨ ਜ਼ਿਲ੍ਹੇ ਦੀ ਭਿਖੀਵਿੰਡ ਤਹਿਸੀਲ ਵਿੱਚ ਪੈਂਦਾ ਦਾਸੂਵਾਲ ਹੈ। ਉਹ ਤਿੰਨ ਭਰਾ ਸਨ। ਮਹਿਲ ਸਿੰਘ, ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾ ਸਨ।

# ਕੈਨੇਡਾ ਦਾ 'ਮੋਸਟ ਵਾਂਟਡ' ਅਪਰਾਧੀ ਡੇਵ "ਪਿਕ" ਟਰਮੈਲ ਇਟਲੀ 'ਚ ਗ੍ਰਿਫ਼ਤਾਰ

**"ਬਲੱਡ ਫੈਮਿਲੀ ਮਾਫੀਆ" ਗੈਂਗ ਦਾ ਸਰਗਣੇ ਨੂੰ ਅੰਤਰਰਾਸ਼ਟਰੀ ਕਾਰਵਾਈ 'ਚ ਆਇਆ ਕਾਬੂ**

ਸਰੀ : ਕੈਨੇਡਾ ਦਾ 'ਮੋਸਟ ਵਾਂਟਡ' ਅਪਰਾਧੀ ਡੇਵ "ਪਿਕ" ਟਰਮੈਲ ਨੂੰ ਇਟਲੀ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਜਾਣਕਾਰੀ ਵੇਂਨਿਤੋ ਦੇ ਸਰੋਤਾਂ ਵੱਲੋਂ ਸਾਹਮਣੇ ਆਈ ਹੈ।




ਜਾਣਕਾਰੀ ਮੁਤਾਬਕ, ਟਰਮੈਲ ਨੇ ਪੁਰਤਗਾਲ ਤੋਂ "ਬਲੱਡ ਫੈਮਿਲੀ ਮਾਫੀਆ" ਗੈਂਗ ਨੂੰ ਚਲਾਉਂਦੇ ਹੋਏ ਕਿਊਬੈਕ ਪੁਲਿਸ ਤੋਂ ਬਚਣ ਦੀ ਕੋਸ਼ਿਸ਼ ਕੀਤੀ।

ਡੇਵ ਟਰਮੈਲ ਦੀ ਗੈਂਗ ਪਿਛਲੇ ਲਗਭਗ ਦੇੜ ਸਾਲਾਂ ਤੋਂ "ਹੈਲਜ਼ ਐਂਜਲਸ" ਨਾਲ ਇਕ ਲੜਾਈ 'ਚ ਸ਼ਾਮਲ ਸੀ। "ਬਲੱਡ ਫੈਮਿਲੀ ਮਾਫੀਆ" ਨੇ ਹੈਲਜ਼ ਐਂਜਲਸ ਤੋਂ ਡਰੱਗਸ ਦੀ ਖਰੀਦਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਹ ਆਪਣਾ ਸਮਾਨ ਮੌਂਟਰੀਅਲ-ਅਧਾਰਤ ਹੋਰ ਗੈਂਗਾਂ ਰਾਹੀਂ ਪ੍ਰਾਪਤ ਕਰਦੇ ਸਨ।

"ਬਲੱਡ ਫੈਮਿਲੀ ਮਾਫੀਆ" ਗੈਂਗ ਵੱਲੋਂ ਹੈਲਜ਼ ਐਂਜਲਸ ਦੇ ਮੈਂਬਰਾਂ ਨੂੰ ਅਗਵਾ ਅਤੇ ਉਨ੍ਹਾਂ 'ਤੇ ਅੱਤਿਆਚਾਰ ਕਰਨ ਦੀਆਂ ਵੀਡਿਉਜ਼ ਵੀ ਆਨਲਾਈਨ ਸਾਂਝੀਆਂ ਕਰਨ ਦੀਆਂ ਖਬਰਾਂ ਹਨ।

ਕਿਊਬੈਕ ਸ਼ਹਿਰ ਦੀ ਪੁਲਿਸ ਵੱਲੋਂ ਟਰਮੈਲ ਦੀ ਡਰੱਗ ਤਸਕਰੀ, ਸਾਜ਼ਿਸ਼ ਅਤੇ ਹਥਿਆਰ ਨਾਲ ਹਮਲੇ ਦੇ ਮਾਮਲਿਆਂ 'ਚ ਭਾਲ ਕੀਤੀ ਜਾ ਰਹੀ ਸੀ।

ਉਸ ਦੀ ਗਿਰਫ਼ਤਾਰੀ ਲਈ $250,000 ਤੱਕ ਦਾ ਇਨਾਮ ਵੀ ਰੱਖਿਆ ਗਿਆ ਸੀ।

ਦਸੰਬਰ 2024 ਵਿੱਚ, ਕੈਨੇਡਾ ਦੇ "ਮੋਸਟ ਵਾਂਟਡ" 25 ਅਪਰਾਧੀਆਂ ਦੀ ਸੂਚੀ 'ਚ ਟਰਮੈਲ ਪਹਿਲੇ ਨੰਬਰ 'ਤੇ ਸੀ।

ਟਰਮੈਲ ਤੋਂ ਪਹਿਲਾਂ ਉਸ ਦੇ ਦੋ ਸਾਥੀ ਗਿਰਫ਼ਤਾਰ ਹੋ ਚੁੱਕੇ ਹਨ: ਡੁਬੈਂਸ ਡੈਨਿਸ (32) – ਮਾਰਚ 2024 ਵਿੱਚ ਪੁਰਤਗਾਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਗੁਇਲੌਮ ਸੇਂਟ-ਲੁਈ ਬਰਨੀਅਰ (28) – ਜੂਨ 30, 2024 ਨੂੰ ਕੈਲੋਨਾ, ਬੀ.ਸੀ. ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

"ਬਲੱਡ ਫੈਮਿਲੀ ਮਾਫੀਆ" ਦੀ ਲੀਡਰਸ਼ਿਪ 'ਚ ਟਰਮੈਲ ਦੀ ਗਿਰਫ਼ਤਾਰੀ ਇੱਕ ਵੱਡਾ ਝਟਕਾ ਮੰਨੀ ਜਾ ਰਹੀ ਹੈ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਗੈਂਗ ਦੀ ਸਰਗਰਮੀ ਹੁਣ ਕਿਵੇਂ ਚੱਲੇਗੀ, ਜਾਂ ਕੀ ਇਹ ਮਾਫੀਆ ਗਿਰੋਹ ਨਸ਼ਟ ਹੋ ਜਾਵੇਗਾ। ਇਟਲੀ 'ਚ ਗ੍ਰਿਫ਼ਤਾਰੀ ਤੋਂ ਬਾਅਦ, ਟਰਮੈਲ ਨੂੰ ਕੈਨੇਡਾ ਵਾਪਸ ਭੇਜਣ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ। ਕੈਨੇਡੀਅਨ ਪੁਲਿਸ ਅਤੇ ਅੰਤਰਰਾਸ਼ਟਰੀ ਏਜੰਸੀਆਂ ਹੁਣ BFM ਦੇ ਬਾਕੀ ਮੈਂਬਰਾਂ 'ਤੇ ਵੀ ਵੱਧ ਸਖਤੀ ਕਰਨ ਦੀ ਯੋਜਨਾ ਬਣਾ ਰਹੀਆਂ ਹਨ।

# ਬੀ.ਸੀ. ਵਿੱਚ ਨਵੇਂ ਆਏ ਕਰਮਚਾਰੀਆਂ ਲਈ ਸੁਰੱਖਿਆ ਜਾਗਰੂਕਤਾ ਮੁਹਿੰਮ ਸ਼ੁਰੂ

**ਵਰਕਸੇਫਬੀਸੀ ਨੇ ਕੰਮਕਾਜ਼ੀ ਸੁਰੱਖਿਆ ਦੇ ਅਧਿਕਾਰਾਂ ਬਾਰੇ ਜਾਣਕਾਰੀ ਫੈਲਾਉਣ ਦੀ ਮੁਹਿੰਮ ਚਲਾਈ**

**ਸਰੀ, (ਸਿਮਰਨਜੀਤ ਸਿੰਘ):** ਵੈਨਕੂਵਰ, ਬ੍ਰਿਟਿਸ਼ ਕੋਲੰਬੀਆ 'ਚ ਨਵੇਂ ਆਉਣ ਵਾਲੇ ਕਰਮਚਾਰੀਆਂ ਨੂੰ ਕੰਮਕਾਜੀ ਸੁਰੱਖਿਆ ਦੇ ਹੱਕਾਂ ਬਾਰੇ ਜਾਣਕਾਰੀ ਦੇਣ ਲਈ ਵਰਕ ਸੇਫ ਬੀ.ਸੀ. ਨੇ ਇੱਕ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।

ਇਸ ਮੁਹਿੰਮ ਦਾ ਮਕਸਦ ਨਵੇਂ ਆਏ ਕਾਮਿਆਂ ਨੂੰ ਇਹ ਸਮਝਾਉਣਾ ਹੈ ਕਿ ਉਹ ਪਹਿਲੇ ਦਿਨ ਤੋਂ ਹੀ ਇੱਕ ਸੁਰੱਖਿਅਤ ਕੰਮਕਾਜੀ ਵਾਤਾਵਰਣ ਦੇ ਹਕਦਾਰ ਹਨ ਅਤੇ ਉਨ੍ਹਾਂ ਦਾ ਇਮੀਗ੍ਰੇਸ਼ਨ ਦਰਜਾ ਜਾਂ ਕੰਮ ਦੀ ਮਿਆਦ ਭਾਵੇਂ ਜੋ ਮਰਜ਼ੀ ਹੋਵੇ, ਉਹ ਵਰਕਸੇਫਬੀਸੀ ਦੀ ਇਨਸ਼ੋਰੇਂਸ ਕਵਰ ਹੇਠ ਆਉਂਦੇ ਹਨ। ਵਰਕਸੇਫਬੀਸੀ ਵੱਲੋਂ ਕਰਵਾਏ ਗਏ ਇੱਕ ਗਹਿਰੀ ਅਧਿਐਨ ਮੁਤਾਬਕ, ਜੋ ਕਰਮਚਾਰੀ ਪਿਛਲੇ ਪੰਜ ਸਾਲਾਂ ਵਿੱਚ ਕੈਨੇਡਾ ਆਏ ਹਨ, ਉਹ ਕੰਮਕਾਜੀ ਸੁਰੱਖਿਆ ਸੰਬੰਧੀ ਸ਼ਿਕਾਇਤ ਕਰਨ ਵਿੱਚ ਹਿਚਕਾਉਂਦੇ ਹਨ।

ਉਹਨਾਂ ਨੂੰ ਆਪਣੇ ਹੱਕਾਂ ਬਾਰੇ ਵੀ ਘੱਟ ਜਾਣਕਾਰੀ ਹੁੰਦੀ ਹੈ, ਖਾਸ ਕਰਕੇ ਜੇਕਰ ਉਹ ਕੰਮ ਦੌਰਾਨ ਜ਼ਖ਼ਮੀ ਹੋ ਜਾਣ।



ਵਰਕਸੇਫਬੀਸੀ ਦੀ ਰਿਸਰਚ 'ਚ ਇੱਕ ਹੋਰ ਮਹੱਤਵਪੂਰਨ ਤੱਥ ਸਾਹਮਣੇ ਆਇਆ ਕਿ: 50% ਪੰਜਾਬੀ-ਬੋਲਣ ਵਾਲੇ ਕਰਮਚਾਰੀਆਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਆਪਣੀ ਨੌਕਰੀ ਬਚਾਉਣ ਲਈ ਅਸੁਰੱਖਿਅਤ ਹਾਲਾਤਾਂ ਵਿੱਚ ਕੰਮ ਕਰਨਾ ਪਿਆ।

36% ਪੰਜਾਬੀ ਕਰਮਚਾਰੀ ਇਹ ਮੰਨਦੇ ਹਨ ਕਿ ਜੇਕਰ ਉਹ ਕੰਮਕਾਜੀ ਸੁਰੱਖਿਆ ਦੀ ਸ਼ਿਕਾਇਤ ਕਰਦੇ ਹਨ, ਤਾਂ ਉਨ੍ਹਾਂ ਦੀ ਇਜ਼ਤ ਜਾਂ ਨੌਕਰੀ ਖ਼ਤਰੇ ਵਿੱਚ ਪੈ ਸਕਦੀ ਹੈ।

ਵਰਕਸੇਫਬੀਸੀ ਦੇ ਰੋਕਥਾਮ ਖੇਤਰੀ ਸੇਵਾਵਾਂ ਦੇ ਮੈਨੇਜਰ, ਸੰਦੀਪ ਮੰਗਟ ਨੇ ਕਿਹਾ, "ਅਸੀਂ ਨਵੇਂ ਆਏ ਕਰਮਚਾਰੀਆਂ ਤੱਕ ਇਹ ਖ਼ਬਰ ਪਹੁੰਚਾਉਣਾ ਚਾਹੁੰਦੇ ਹਾਂ ਕਿ ਤੁਹਾਡੇ ਕੋਲ ਇਕ ਸੁਰੱਖਿਅਤ ਅਤੇ ਤੰਦਰੁਸਤ ਕੰਮਕਾਜੀ ਵਾਤਾਵਰਣ ਦਾ ਹੱਕ ਹੈ। ਜੇਕਰ ਕੋਈ ਕੰਮ ਅਸੁਰੱਖਿਅਤ ਮਹਿਸੂਸ ਹੁੰਦਾ ਹੈ, ਤਾਂ ਤੁਸੀਂ ਇਸ ਕੰਮ ਨੂੰ ਕਰਨ ਤੋਂ ਇਨਕਾਰ ਕਰ ਸਕਦੇ ਹੋ, ਬਿਨਾਂ ਕਿਸੇ ਨੌਕਰੀ ਜਾਂ ਪ੍ਰਤਿਸ਼ਠਾ ਦੇ ਨੁਕਸਾਨ ਦੇ।" "ਜੇਕਰ ਤੁਹਾਨੂੰ ਕੋਈ ਕੰਮ ਅਸੁਰੱਖਿਅਤ ਲੱਗਦਾ ਹੈ, ਤਾਂ ਤੁਸੀਂ ਤੁਰੰਤ ਕੰਮ ਰੋਕੋ ਅਤੇ ਆਪਣੇ ਮਾਲਕ ਜਾਂ ਸੁਪਰਵਾਈਜ਼ਰ ਨੂੰ ਜਾਣਕਾਰੀ ਦਿਓ। ਜੇਕਰ ਇਹ ਮੁੱਦਾ ਹੱਲ ਨਹੀਂ ਹੁੰਦਾ, ਤਾਂ ਤੁਸੀਂ ਵਰਕਸੇਫਬੀਸੀ ਦੀ ਪ੍ਰਿਵੈਂਸ਼ਨ ਲਾਈਨ 'ਤੇ ਅਣਪਛਾਤਾ ਰਹਿੰਦੇ ਹੋਏ ਸੰਪਰਕ ਕਰ ਸਕਦੇ ਹੋ।" This report was written by Simranjit Singh as part of the Local Journalism Initiative.

# ਸਰੀ ਪੁਲਿਸ ਸਰਵਿਸ ਵੱਲੋਂ ਔਰਤਾਂ ਨੂੰ ਪੁਲਿਸਿੰਗ ਵਿੱਚ ਸ਼ਾਮਲ ਹੋਣ ਦੀ ਪ੍ਰੇਰਣਾ

ਸਰੀ: ਸਰੀ ਪੁਲਿਸ ਸਰਵਿਸ (ਸ਼ਫਸ਼) ਨੇ ਔਰਤਾਂ ਨੂੰ ਪੁਲਿਸ ਵਿਭਾਗ ਵਿੱਚ ਕਰੀਅਰ ਚੁਣਨ ਲਈ ਉਤਸ਼ਾਹਤ ਕਰਨ ਲਈ ਕਈ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤੇ ਹਨ। ਇਨ੍ਹਾਂ ਵਿੱਚ ਰਿਕਰੂਟ ਜਾਣਕਾਰੀ ਇਜਲਾਸ (ਏਚਰੁਟਿ ਨਿਡੋਰਮਓਟਿਨ ਸ਼ੲਸਸਿੋਨਸ) ਅਤੇ ਮਹਿਲਾਵਾਂ ਲਈ 'ਇਨਟਰਡਕਸ਼ਨ ਟੂ ਪੁਲਿਸਿੰਗ' ਵਰਕਸ਼ਾਪ ਸ਼ਾਮਲ ਹਨ।

ਐਸ.ਪੀ.ਐਸ. ਅਧਿਕਾਰੀਆਂ ਅਨੁਸਾਰ, ਆਉਣ ਵਾਲੇ ਸਮਿਆਂ ਵਿੱਚ 300 ਨਵੇਂ ਪੁਲਿਸ ਅਫਸਰ ਭਰਤੀ ਕੀਤੇ ਜਾਣਗੇ, ਜਿਨ੍ਹਾਂ ਵਿੱਚ ਤਜਰਬੇਕਾਰ ਅਤੇ ਨਵੇਂ ਭਰਤੀ ਹੋਣ ਵਾਲੇ ਅਫਸਰ ਦੋਵੇਂ ਸ਼ਾਮਲ ਹੋਣਗੇ। ਇਸ ਸਮੇਂ ਐਸ.ਪੀ.ਐਸ. ਵਿੱਚ ਹਰ ਪੰਜ ਵਿੱਚੋਂ ਇੱਕ ਪੁਲਿਸ ਅਫਸਰ ਮਹਿਲਾ ਹੈ, ਪਰ ਵਿਭਾਗ ਦੀ ਕੋਸ਼ਿਸ਼ ਹੈ ਕਿ ਇਸ ਗਿਣਤੀ ਨੂੰ ਵਧਾਇਆ ਜਾਵੇ।

ਐਸ.ਪੀ.ਐਸ. ਦੀ ਰਿਕਰੂਟਿੰਗ ਸੈਕਸ਼ਨ ਵਿੱਚ ਸਰਜੰਟ ਸਿੰਡੀ ਵੈਂਸ ਕਹਿੰਦੇ ਹਨ ਕਿ "ਪੁਲਿਸਿੰਗ ਇੱਕ ਪੁਰਸਕਾਰਤਮਕ ਅਤੇ ਵਿਆਪਕ ਵਿਵਸਾਇਕ ਖੇਤਰ ਹੈ, ਜਿਸ ਵਿੱਚ ਓਪਰੇਸ਼ਨਲ ਪੁਲਿਸਿੰਗ, ਜਾਂਚ-ਪੜਤਾਲ,




ਤਾਲੀਮ, ਭਰਤੀਕਰਨ ਅਤੇ ਸਮਾਜਿਕ ਜੁੜਾਅ ਵਰਗੀਆਂ ਕਈ ਵਿਭਾਗੀ ਸਮਭਾਵਨਾਵਾਂ ਹਨ।" ਉਨ੍ਹਾਂ ਕਿਹਾ ਕਿ ਉਹ 30 ਸਾਲਾਂ ਤੋਂ ਪੁਲਿਸ ਵਿਭਾਗ ਵਿੱਚ ਕੰਮ ਕਰ ਰਹੀ ਹੈ ਅਤੇ ਮਹਿਲਾਵਾਂ ਨੂੰ ਪੁਲਿਸਿੰਗ ਵਿੱਚ ਸ਼ਾਮਲ ਹੋਣ ਲਈ ਮਾਰਗਦਰਸ਼ਨ ਦੇਣ ਵਿੱਚ ਉਨ੍ਹਾਂ ਨੂੰ ਵੱਡੀ ਖ਼ੁਸ਼ੀ ਮਿਲਦੀ ਹੈ।

ਅਪ੍ਰੈਲ 5 ਅਤੇ ਅਪ੍ਰੈਲ 9 ਨੂੰ ਐਸ.ਪੀ.ਐਸ. ਵੱਲੋਂ ਭਰਤੀ ਜਾਣਕਾਰੀ ਇਜਲਾਸ ਕਰਵਾਏ ਜਾਣਗੇ। ਅਪਰੈਲ 9 ਦਾ ਇਜਲਾਸ ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਲਈ ਹੋਵੇਗਾ, ਜਿੱਥੇ ਐਸ.ਪੀ.ਐਸ. ਦੇ ਹਾਲਾਤ ਅਤੇ ਅਨੁਭਵ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਮਈ 10: ਐਸ.ਪੀ.ਐਸ. ਮਹਿਲਾਵਾਂ ਲਈ 'ਇਨਟਰਡਕਸ਼ਨ ਟੂ ਪੁਲਿਸਿੰਗ' ਵਰਕਸ਼ਾਪ ਕਰਵਾਏਗਾ, ਜਿੱਥੇ ਉਨ੍ਹਾਂ ਨੂੰ ਪੁਲਿਸਿੰਗ ਵਿੱਚ ਮੌਜੂਦ ਵਿਆਪਕ ਅਵਸਰਾਂ ਬਾਰੇ ਜਾਣਕਾਰੀ ਮਿਲੇਗੀ। ਇਸ ਵਰਕਸ਼ਾਪ ਵਿੱਚ ਸ਼ਾਮਲ ਹੋਣ ਲਈ ਪਹਿਲਾਂ ਰਿਕਰੂਟ ਜਾਣਕਾਰੀ ਇਜਲਾਸ 'ਚ ਹਾਜ਼ਰੀ ਦੇਣਾ ਜ਼ਰੂਰੀ ਹੈ।

ਉਮੀਦਵਾਰ ਐਸ.ਪੀ.ਐਸ. ਦੀ ਵੈੱਬਸਾਈਟ (www.surreypoilce.ca/careers/women-poilicng) ਜਾਂ 604-591-4084 'ਤੇ ਸੰਪਰਕ ਕਰ ਸਕਦੇ ਹਨ। ਇਵੈਂਟ ਲਈ ਸੀਟਾਂ ਸੀਮਤ ਹਨ, ਇਸ ਲਈ ਪਹਿਲਾਂ ਹੀ ਰਜਿਸਟ੍ਰੇਸ਼ਨ ਕਰਨਾ ਜ਼ਰੂਰੀ ਹੈ।

# ਫੈਡਰਲ ਚੋਣ ਮੁਹਿੰਮ ਦੇ ਪਹਿਲੇ ਹਫ਼ਤੇ ਬ੍ਰਿਟਿਸ਼ ਕੋਲੰਬੀਆ 'ਚ ਭਖਿਆ ਚੋਣ ਦੰਗਲ

## ਵੱਖ-ਵੱਖ ਫੈਡਰਲ ਪਾਰਟੀਆਂ ਵਲੋਂ ਪਹਿਲੇ ਹਫ਼ਤੇ ਬੀ.ਸੀ. 'ਚ ਕੀਤੀਆਂ ਗਈਆਂ ਚੋਣ ਰੈਲੀਆਂ ਅਤੇ ਉਮੀਦਵਾਰਾਂ ਦੇ ਐਲਾਨ

ਵੈਨਕੂਵਰ –ਫੈਡਰਲ ਚੋਣ ਮੁਹਿੰਮ ਦੇ ਪਹਿਲੇ ਹਫ਼ਤੇ ਬ੍ਰਿਟਿਸ਼ ਕੋਲੰਬੀਆ 'ਚ ਫੈਡਰਲ ਪਾਰਟੀਆਂ ਵਲੋਂ ਚੋਣ ਪ੍ਰਚਾਰ ਪੂਰੇ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਕੀਤਾ ਗਿਆ। । ਬ੍ਰਿਟਿਸ਼ ਕੋਲੰਬੀਆ ਤੋਂ ਇਸ ਵਾਰ 43 ਵਿਧਾਇਕ ਹਾਊਸ ਆਫ਼ ਕਾਮਨ ਲਈ ਚੁਣੇ ਜਾਣਗੇ ਅਤੇ ਇਨ੍ਹਾਂ ਦੀ ਚੋਣ ਲਈ 28 ਅਪਰੈਲ ਨੂੰ ਵੋਟਿੰਗ ਹੋਵੇਗੀ।

### ਕੰਜ਼ਰਵੇਟਿਵ ਪਾਰਟੀ ਨੇ 30 ਉਮੀਦਵਾਰ ਐਲਾਨੇ




ਵੱਖ-ਵੱਖ ਪਾਰਟੀਆਂ ਦੀ ਗੱਲ ਕਰੀਏ ਤਾਂ ਪੀਅਰ ਪੌਲੀਵੀਅਰ ਦੀ ਅਗਵਾਈ ਵਾਲੀ ਫੈਡਰਲ ਕੰਜ਼ਰਵੇਟਿਵਾਂ ਨੇ ਬੀ.ਸੀ. 'ਚ ਹੁਣ ਤੱਕ ਸਭ ਤੋਂ ਵੱਧ 30 ਉਮੀਦਵਾਰ ਖੜੇ ਕੀਤੇ ਹਨ, ਜਿਨ੍ਹਾਂ ਵਿੱਚੋਂ 13 ਮੌਜੂਦਾ ਸੰਸਦ ਮੈਂਬਰ ਹਨ। ਪਾਰਟੀ ਨੇ ਇੱਕ ਵਾਧੂ ਸੀਟ ਦਸੰਬਰ 2024 ਵਿੱਚ ਉਪ-ਚੋਣ ਜਿੱਤ ਕੇ ਹਾਸਲ ਕੀਤੀ ਸੀ ਜਿਸ 'ਚ ਕਲੋਵਰਡੇਲ-ਲੈਂਗਲੀ ਸਿਟੀ ਤੋਂ ਤਮਾਰਾ ਜੈਨਸਨ ਨੇ ਸ਼ਾਨਦਾਰ ਜਿੱਤ ਹਾਸਲ ਕਰਕੇ ਇਹ ਸੀਟ ਕੰਜ਼ਰਵੇਟਿਵ ਪਾਰਟੀ ਦੀ ਝੋਲੀ ਪਾਈ ਸੀ।

### ਐਨ.ਡੀ.ਪੀ. ਨੇ 25 ਉਮੀਦਵਾਰ ਐਲਾਨੇ



ਜਗਮੀਤ ਸਿੰਘ ਦੀ ਨਿਊ ਡੈਮੋਕ੍ਰੈਟਿਕ ਪਾਰਟੀ (ਐਨ.ਡੀ.ਪੀ.) ਨੇ ਹੁਣ ਤੱਕ ਬੀ.ਸੀ. ਵਿੱਚ 25 ਉਮੀਦਵਾਰ ਖੜੇ ਕੀਤੇ ਹਨ, ਜਿਨ੍ਹਾਂ ਵਿੱਚ 10 ਮੌਜੂਦਾ ਸੰਸਦ ਮੈਂਬਰ ਹਨ। ਪਾਰਟੀ ਕੋਲ ਇਸ ਸਮੇਂ 12 ਸੀਟਾਂ ਸਨ। 2021 'ਚ ਜਿੱਤੀਆਂ ਸੀਟਾਂ ਵਿੱਚੋਂ ਇੱਕ ਖਾਲੀ ਰਹੀ, ਜਦ ਐਨ.ਡੀ.ਪੀ. ਸੰਸਦ ਮੈਂਬਰ ਰੈਂਡਲ ਗੈਰੀਸਨ ਨੇ ਸਿਹਤ ਕਾਰਨਾਂ ਕਰਕੇ ਅਸਤੀਫ਼ਾ ਦੇ ਦਿੱਤਾ ਸੀ।

### ਲਿਬਰਲ ਪਾਰਟੀ ਨੇ 17 ਉਮੀਦਵਾਰ ਐਲਾਨੇ




ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਫੈਡਰਲ ਲਿਬਰਲ ਪਾਰਟੀ ਨੇ 17 ਉਮੀਦਵਾਰ ਘੋਸ਼ਿਤ ਕੀਤੇ ਹਨ, ਜਦਕਿ 18ਵਾਂ ਨਾਂ ਵੈਨਕੂਵਰ ਦੇ ਸਾਬਕਾ ਮੇਅਰ ਗ੍ਰੈਗਰ ਰਾਬਰਟਸਨ ਦਾ ਹੈ, ਜਿਸ ਨੇ ਬੀਤੇ ਦਿਨੀਂ ਅਚਾਨਕ ਚੋਣ ਲੜਨ ਦਾ ਐਲਾਨ ਕਰਕੇ ਸਭ ਤੋਂ ਹੈਰਾਨ ਕੀਤਾ ਸੀ। ਲਿਬਰਲਾਂ ਕੋਲ ਇਸ ਸਮੇਂ ਬੀ.ਸੀ. 'ਚ 14 ਸੀਟਾਂ ਸਨ, ਜਦੋਂ ਕਿ ਦਸੰਬਰ 'ਚ ਉਹ ਕਲੋਵਰਡੇਲ-ਲੈਂਗਲੀ ਸਿਟੀ ਦੀ ਉਪ-ਚੋਣ ਹਾਰ ਗਏ ਸਨ।

### ਗ੍ਰੀਨ ਪਾਰਟੀ ਨੇ 30 ਉਮੀਦਵਾਰ ਐਲਾਨੇ




ਗ੍ਰੀਨ ਪਾਰਟੀ, ਜੋ ਜੋਨਾਥਨ ਪੇਡਨੌਂ ਅਤੇ ਐਲਿਜ਼ਾਬੈਥ ਮੇਅ ਦੀ ਅਗਵਾਈ ਹੇਠ ਹੈ, ਪਾਰਟੀ ਵਲੋਂ 30 ਉਮੀਦਵਾਰ ਖੜੇ ਕਰ ਦਿੱਤੇ ਗਏ ਹਨ, ਪਰ ਸਿਰਫ਼ ਮੇਅ ਹੀ ਇਕਲੌਤੀ ਉਮੀਦਵਾਰ ਹੈ ਜੋ ਮੌਜੂਦਾ ਸੰਸਦ ਮੈਂਬਰ ਵਜੋਂ ਚੋਣ ਲੜ ਰਹੀ ਹੈ।

### ਬੀ.ਸੀ. ਵਿੱਚ ਵੱਖ ਵੱਖ ਪਾਰਟੀਆਂ ਦੀ ਸਥਿਤੀ :

ਕੰਜ਼ਰਵੇਟਿਵ ਪਾਰਟੀ ਫ੍ਰੇਜ਼ਰ ਵੈਲੀ ਅਤੇ ਉੱਤਰੀ-ਪੱਛਮੀ ਬੀ.ਸੀ. 'ਚ ਮਜ਼ਬੂਤ ਹੈ। ਲਿਬਰਲਾਂ ਨੂੰ ਵੈਨਕੂਵਰ ਦੇ ਪੱਛਮੀ ਹਿੱਸਿਆਂ ਅਤੇ ਫ੍ਰੇਜ਼ਰ ਰਿਵਰ ਵੈਲੀ ਦੇ ਉਭਰਦੇ ਇਲਾਕਿਆਂ 'ਚ ਲਾਭ ਮਿਲਦਾ ਸਕਦਾ ਹੈ।

ਐਨ.ਡੀ.ਪੀ. ਨੇ ਵੈਨਕੂਵਰ ਦੇ ਪੂਰਬੀ ਇਲਾਕਿਆਂ, ਬਰਨਾਬੀ, ਵੈਨਕੂਵਰ ਆਈਲੈਂਡ ਅਤੇ ਕੁਝ ਦੱਖਣੀ ਇਲਾਕਿਆਂ 'ਚ ਆਪਣੀ ਪਕੜ ਮਜ਼ਬੂਤੀ ਨਾਲ ਬਣਾਈ ਹੋਈ ਹੈ।

ਗ੍ਰੀਨ ਪਾਰਟੀ ਨੇ ਸਾਨਿਚ-ਗਲਫ਼ ਆਈਲੈਂਡ 'ਚ ਆਪਣੀ ਪਕੜ ਬਣਾਈ ਹੋਈ ਹੈ।

### ਪਰ ਕਈ ਪਾਰਟੀਆਂ ਨੇ ਆਪਣੀਆਂ ਨਾਮਜ਼ਦਗੀਆਂ ਦਾ ਐਲਾਨ ਕਰ ਦਿੱਤਾ ਹੈ ਅਤੇ ਮੁੱਖ ਹਲਕਿਆਂ ਦੇ ਐਲਾਨੇ ਉਮੀਦਵਾਰਾਂ ਦੇ ਵੇਰਵਾ ਹੇਠ ਲਿਖੇ ਅਨੁਸਾਰ ਹੈ:

**1. ਸਰੀ ਸਿਟੀ ਸੈਂਟਰ**
ਰੰਦੀਪ ਸਰਾਈ – ਲਿਬਰਲ ਪਾਰਟੀ
ਰਾਜਵੀਰ ਢਿੱਲੋਂ – ਕੰਜ਼ਰਵੇਟਿਵ ਪਾਰਟੀ
ਕ੍ਰਿਸ਼ਨ ਖੁਰਾਨਾ – ਗ੍ਰੀਨ ਪਾਰਟੀ
ਬੈਵਰਲੀ ਟੈਂਚਕ – ਪੀਪਲਜ਼ ਪਾਰਟੀ

**2. ਸਰੀ ਨਿਊਟਨ**
ਸੁਖ ਧਲੀਵਾਲ – ਲਿਬਰਲ ਪਾਰਟੀ
ਹਰਜੀਤ ਗਿੱਲ – ਕੰਜ਼ਰਵੇਟਿਵ ਪਾਰਟੀ
ਆਇਨ ਕੈਨੇਡੀ – ਪੀਪਲਜ਼ ਪਾਰਟੀ

**3. ਫਲੀਟਵੁਡ-ਪੋਰਟ ਕੈਲਸ**
ਗੁਰਬਖਸ਼ ਸੈਣੀ – ਲਿਬਰਲ ਪਾਰਟੀ
ਸੁਖ ਪੰਧੇਰ – ਕੰਜ਼ਰਵੇਟਿਵ ਪਾਰਟੀ
ਬਰਾਇਨ ਕੋਨਲੈਨ – ਪੀਪਲਜ਼ ਪਾਰਟੀ
ਮੁਰਲੀ ਕ੍ਰਿਸ਼ਨਨ – ਗ੍ਰੀਨ ਪਾਰਟੀ

**4. ਕਲੋਵਰਡੇਲ-ਲੈਂਗਲੀ ਸਿਟੀ**
ਤਮਾਰਾ ਜੈਨਸਨ – ਕੰਜ਼ਰਵੇਟਿਵ ਪਾਰਟੀ
ਵੈਨੇਸਾ ਸ਼ਰਮਾ – ਐਨ.ਡੀ.ਪੀ.
ਕਾਈਲ ਲੈਚਫੋਰਡ – ਲਿਬਰਲ ਪਾਰਟੀ
ਡੈਨੀਅਲ ਡੇਵਿਸ – ਗ੍ਰੀਨ ਪਾਰਟੀ
ਜਿਮ ਮੈਕਮਰਟੀ – ਪੀਪਲਜ਼ ਪਾਰਟੀ

**5. ਦੱਖਣੀ ਸਰੀ-ਵਾਈਟ ਰਾਕ**
ਕੇਰੀ-ਲਿਨ ਫਿੰਡਲੇ– ਕੰਜ਼ਰਵੇਟਿਵ ਪਾਰਟੀ
ਅਰਨੀ ਕਲਾਸੇਨ – ਲਿਬਰਲ ਪਾਰਟੀ
ਮੈਥਿਊ ਲੈਨਾਕਸ – ਪੀਪਲਜ਼ ਪਾਰਟੀ

**6. ਲੈਂਗਲੀ ਟਾਊਨਸ਼ਿਪ-ਫਰੇਜ਼ਰ ਹਾਈਟਸ**
ਟਾਕੋ ਵੈਨ ਪੋਪਟਾ – ਕੰਜ਼ਰਵੇਟਿਵ ਪਾਰਟੀ
ਨਸੀਮਾ ਨਸਤੋਹ – ਲਿਬਰਲ ਪਾਰਟੀ
ਹੌਲੀ ਆਈਜ਼ਕ – ਐਨ.ਡੀ.ਪੀ.
ਜਸਟਿਨ ਕਾਕਰ – ਪੀਪਲਜ਼ ਪਾਰਟੀ
ਐਲੈਕਸ ਜੋਹਲ – ਲਿਬਰਟੇਰੀਅਨ ਪਾਰਟੀ
ਡੈਬੋਰਾ ਸੁਟਰ – ਗ੍ਰੀਨ ਪਾਰਟੀ

**7. ਡੈਲਟਾ**
ਜਿਲ ਮੈਕਨਾਈਟ – ਲਿਬਰਲ ਪਾਰਟੀ
ਜੈਸੀ ਸਹੋਤਾ – ਕੰਜ਼ਰਵੇਟਿਵ ਪਾਰਟੀ
ਨਤਾਸ਼ਾ ਸਿਰੋਟਿਕ – ਪੀਪਲਜ਼ ਪਾਰਟੀ

# "ਨੈਕਸਟਜੈਨ ਕੈਨੇਡਾ" ਰਾਹੀਂ ਸਰੀ ਦੇ ਵਿਦਿਆਰਥੀਆਂ ਲਈ ਖੁੱਲ੍ਹਣਗੇ ਉੱਚ-ਸਿੱਖਿਆ ਦੇ ਰਾਹ



**ਸਰੀ, (ਸਿਮਰਨਜੀਤ ਸਿੰਘ):** ਸਕੂਲ ਕਾਲਜ ਦੀ ਪੜ੍ਹਾਈ ਤੋਂ ਬਾਅਦ ਯੂਨੀਵਰਸਿਟੀ 'ਚ ਉੱਚ-ਸਿੱਖਿਆ ਲਈ ਦਾਖਲਾ ਲੈਣਾ ਵਿਦੇਸ਼ੀ ਭਾਈਚਾਰਿਆਂ ਦੇ ਬੱਚਿਆਂ ਲਈ ਬਹੁਤੀ ਵਾਰ ਚੁਣੌਤੀਪੂਰਨ ਪੜਾਅ ਹੁੰਦਾ ਹੈ, ਪਰ ਕਈ ਸਰਕਾਰੀ ਸਕੂਲਾਂ ਦੇ ਵਿਦਿਆਰਥੀ, ਇਸ 'ਚ ਖੁਦ ਨੂੰ ਇਕੱਲਾ ਮਹਿਸੂਸ ਕਰਦੇ ਹਨ। ਪ੍ਰਿੰਸ ਮਾਰਗਰੇਟ ਸਕੂਲ ਦੇ ਪੁਰਾਣੇ ਵਿਦਿਆਰਥੀ ਹਰਜਸ ਵਾਲੀਆ ਨੇ ਇਹ ਗੱਲ ਆਪਣੇ ਤਜਰਬੇ ਦੇ ਆਧਾਰ 'ਤੇ ਮਹਿਸੂਸ ਕੀਤੀ ਅਤੇ "ਨੈਕਸਟਜੈਨ ਕੈਨੇਡਾ" (NextGen Canada) ਦੀ ਸਥਾਪਨਾ ਕਰਕੇ ਇਸ ਅੰਤਰ ਨੂੰ ਪੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ 'ਚ ਆਪਣਾ ਪਹਿਲਾ ਸਮੈਸਟਰ ਸ਼ੁਰੂ ਕਰਦੇ ਹੋਏ, ਵਾਲੀਆ ਨੇ ਦੇਖਿਆ ਕਿ ਉਸ ਦੇ ਗ੍ਰੈਜੂਏਸ਼ਨ ਕਲਾਸ ਦੇ ਸਿਰਫ਼ 2 ਹੋਰ ਵਿਦਿਆਰਥੀ ਉਥੇ ਪਹੁੰਚੇ। ਇਹ ਅਨੋਖੀ ਗੱਲ ਸੀ, ਕਿਉਂਕਿ 200 ਵਿਦਿਆਰਥੀਆਂ ਵਿੱਚੋਂ ਕੇਵਲ 3 ਹੀ ਯੂ.ਬੀ. ਸੀ. ਤਕ ਪਹੁੰਚੇ, ਜਦਕਿ ਸਰੀ ਦੇ ਇੱਕ ਨਿੱਜੀ ਅਤੇ ਸ਼ਕਤੀਸ਼ਾਲੀ ਸਕੂਲ ਤੋਂ 35 ਵਿਦਿਆਰਥੀਆਂ ਵਿੱਚੋਂ 20 ਨੇ 'ਚ ਯੂ.ਬੀ. ਸੀ. ਵਿੱਚ ਦਾਖਲਾ ਲੈ ਲਿਆ।

ਵਾਲੀਆ ਨੇ ਕਿਹਾ "ਸਾਡਾ ਸਕੂਲ ਮਾੜਾ ਨਹੀਂ ਹੈ ਪਰ ਅਸੀਂ ਉਹ ਮਦਦ ਨਹੀਂ ਪ੍ਰਾਪਤ ਕਰਦੇ ਜੋ ਅਮੀਰ ਵਿਦਿਆਰਥੀਆਂ ਨੂੰ ਮਿਲਦੀ ਹੈ। ਉਨ੍ਹਾਂ ਨੂੰ ਸਕਾਲਰਸ਼ਿਪ ਲੱਭਣ, ਅਰਜ਼ੀ ਦਾਖਲ ਕਰਨ ਅਤੇ ਯੂਨੀਵਰਸਿਟੀ ਦੀ ਤਿਆਰੀ ਲਈ ਵਧੀਆ ਮਾਰਗਦਰਸ਼ਨ ਮਿਲਦਾ ਹੈ, ਪਰ ਸਾਡੀ 'ਚ ਭਾਵੇਂ ਖੂਬੀਆਂ ਹੋਣ, ਸਾਨੂੰ ਉਹ ਮੌਕੇ ਨਹੀਂ ਮਿਲਦੇ।"

ਇਸ ਅੰਤਰ ਨੂੰ ਦੂਰ ਕਰਨ ਦੇ ਉਦੇਸ਼ ਨਾਲ, ਵਾਲੀਆ ਨੇ 2023 ਵਿੱਚ "ਨੈਕਸਟਜੈਨ ਕੈਨੇਡਾ" ਸ਼ੁਰੂ ਕੀਤਾ। ਉਨ੍ਹਾਂ ਕਿਹਾ "ਅਸੀਂ ਵਿਦਿਆਰਥੀਆਂ ਨੂੰ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਸਾਧਨ, ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰ ਰਹੇ ਹਾਂ ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਵਿਦਿਆਰਥੀਆਂ ਲਈ ਉੱਚ-ਸਿੱਖਿਆ ਇੱਕ ਹੱਕ ਹੋਵੇ, ਨਾ ਕਿ ਇੱਕ ਵਿਲੱਖਣ ਮੌਕਾ।"

ਇੱਕ ਸਾਲ 'ਚ ਇਹ ਸੰਸਥਾ ਸਰੀ ਅਤੇ ਹੋਰ ਖੇਤਰਾਂ ਵਿੱਚ ਹਜ਼ਾਰਾਂ ਵਿਦਿਆਰਥੀਆਂ ਦੀ ਮਦਦ ਕਰ ਚੁੱਕੀ ਹੈ। ਉਨ੍ਹਾਂ ਨੇ ਦੱਸਿਆ ਕਿ ਸਕਾਲਰਸ਼ਿਪ, ਯੂਨੀਵਰਸਿਟੀ ਦਾਖਲਾ, ਅਤੇ ਕਰੀਅਰ ਵਿਕਾਸ 'ਤੇ ਵਰਕਸ਼ਾਪਾਂ ਕਰਵਾਈਆਂ, ਮਾਰਗਦਰਸ਼ਨ ਪ੍ਰਦਾਨ ਕੀਤਾ ਪੇਸ਼ਾਵਰ ਵਿਅਕਤੀਆਂ ਦੇ ਨਾਲ ਵਿਦਿਆਰਥੀਆਂ ਦੀ ਮੀਟਿੰਗ ਕਰਵਾਈ ਨੈੱਟਵਰਕਿੰਗ ਮੌਕੇ ਦਿੱਤੇ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਉੱਚ-ਸਿੱਖਿਆ ਦੀ ਤਿਆਰੀ ਵਿੱਚ ਮਦਦ ਦਿੱਤੀ। "ਨੈਕਸਟਜੈਨ" ਨੇ ਇੱਕ ਵਿਅਕਤੀਗਤ ਮੈਂਟਰਸ਼ਿਪ ਪ੍ਰੋਗਰਾਮ ਵੀ ਸ਼ੁਰੂ ਕੀਤਾ ਹੈ, ਜਿਸ ਵਿੱਚ ਉੱਚ-ਅਧਿਐਨ ਦੀ ਤਿਆਰੀ ਕਰ ਰਹੇ ਹਾਈ ਸਕੂਲ ਵਿਦਿਆਰਥੀਆਂ ਨੂੰ ਯੂ.ਬੀ.ਸੀ. ਦੇ 40 ਵਿਦਿਆਰਥੀ ਮਦਦ ਕਰਦੇ ਹਨ।

ਉਨ੍ਹਾਂ ਦੱਸਿਆ ਕਿ "ਨੈਕਸਟਜੈਨ" ਹੁਣ ਸਰੀ ਦੇ ਸਕੂਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਉਨ੍ਹਾਂ ਵਿਦਿਆਰਥੀਆਂ ਦੀ ਪਛਾਣ ਕੀਤੀ ਜਾ ਸਕੇ, ਜੋ ਮਦਦ ਚਾਹੁੰਦੇ ਹਨ। This report was written by Simranjit Singh as part of the Local Journalism Initiative.


WINNIPEG LOCATION
NOW OPEN 9am to 9pm
#3- 1375 McPhillips St.
SABZI MANDI SUPERMARKET
Serving our Community since 2003
Eid Mubarak!
HOT PRICE JUMBO CAULIFLOWER ਗੋਭੀ 2.99 ea
JUMBO CARROTS ਵੱਡੀਆਂ ਗਾਜਰਾਂ 69¢ /lb
HOT PRICE FRESH CILANTRO ਧਨੀਆਂ Bunch 2 for 99¢
HOT PRICE FRESH BROCCOLI ਬਰੋਕੋਲੀ 1.29 /lb
ALMOND OIL ਬਦਾਮ ਤੇਲ 1L 11.99 ea
UNBEATABLE DEAL
NANAK PANEER ਨਾਨਕ ਪਨੀਰ 341g 4.99 ea
AMBROSIA APPLES ਐਮਬਰੋਜ਼ਾ ਸੇਬ 88¢ /lb
NANAK RASMALAI ਨਾਨਕ ਰਸਮਲਾਈ 850g 8.99 ea
FRESH GARLIC ਲਸਣ 1.69 /lb
MAMPSTER GOL GAPPA ਮੈਮਪਸਟਰ ਗੋਲਗੱਪੇ 290g 8.99 ea
CASE LOT SALE
FRESH CILANTRO ਧਨੀਆਂ 60 Bunches $25 ea
AMBROSIA APPLES ਐਮਬਰੋਜ਼ਾ ਸੇਬ 40lb Case $32 ea
JUMBO CARROTS ਵੱਡੀਆਂ ਗਾਜਰਾਂ 22lb $14 ea
MURCOTT MANDARIN ORANGES ਮਰਕੌਟ ਮੈਂਡਰਿਨ ਸੰਗਤਰੇ 1.49 /lb
AASHIRWAAD MULTIGRAIN FLOUR ਆਸ਼ਿਰਵਾਦ ਮੱਲਟੀਗਰੇਨ ਆਟਾ 10lb 9.99 ea
PUNJABI BY NATURE ATTA COOKIES ਪੰਜਾਬੀ ਬਾਈ ਨੇਚਰ ਆਟਾ ਕੁਕੀਆਂ 700g 4.99 ea
ROSHNI TAMARIND ਰੋਸ਼ਨੀ ਇਮਲੀ 400g 2 for $5
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
INDIAN EGGPLANT ਦੇਸੀ ਵਤਾਊਂ 1.49 /lb
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
ANNAPURNA CHAKKI ATTA ਅਨਾਪੂਰਨਾ ਚੱਕੀ ਆਟਾ 20lb 12.99 ea
FRESH METHI ਮੇਥੀ Bunch 1.89 ea
RUSSET POTATOES ਆਲੂ 10lb 3.99 ea
FRESH GINGER ਅੱਦਰਕ 1.49 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. March 28, 2025 - Wed. April 02, 2025
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com